ੴ ਸਤਿਗੁਰ ਪ੍ਰਸਾਦਿ॥

# ਸੰਸਾਰ

"ਪੰਥ ਰਤਨ"
ਗਿਆਨੀ ਸੰਤ ਸਿੰਘ ਜੀ ਮਸਕੀਨ

ਪ੍ਰਕਾਸ਼ਕ
ਗੁਰ ਜੋਤੀ ਐਂਟਰਪ੍ਰਾਇਜ਼ਜ਼, ਅਲਵਰ

**Sansar (World)**

*by*

'Panth Rattan' Giani Sant Singh Ji Maskin

©

ਸਭ ਹੱਕ ਲੇਖਕ ਦੇ ਰਾਖਵੇਂ ਹਨ।

ਬਿਨਾਂ ਆਗਿਆ ਕੋਈ ਨਾ ਛਾਪੇ।

ਪਹਿਲੀ ਵਾਰ : 2008

ਦੂਜੀ ਵਾਰ : 2009

ਭੇਟਾ : ੬੦

**Printing and Bound In India**

## ਪ੍ਰਕਾਸ਼ਕ

ਗੁਰ ਜੋਤੀ ਐਂਟਰਪ੍ਰਾਇਜ਼ਜ਼

ਰੋਡ ਨੰਬਰ 2 ਅਲਵਰ

ਮੋਬਾਈਲ ਫੋਨ: 9829215353

e-mail : gurjyoti@Sancharnet.in

bsingh8963@rediffmail.com

ਕੰਪੋਜ਼ਿੰਗ

ਹਰਸਿਮਰਨ ਗ੍ਰੈਫ਼ਿਕਸ, ਦਿੱਲੀ-110051, ਫੋਨ : 22502477

ਛਾਪਕ

ਸਿਲਾਲੇਖ ਐਸੋਸੀਏਟ, ਦਿੱਲੀ-110032

# ਤਤਕਰਾ


ਦੋ ਸ਼ਬਦ (ਸੰਪਾਦਕ) 4

ਭੂਮਿਕਾ: ਗਿਆਨੀ ਬਲਵਿੰਦਰ ਸਿੰਘ ਜੀ ਝੋਰ, ਸਾਬਕਾ ਹੈਡ ਗ੍ਰੰਥੀ, ਗੁਰਦਵਾਰਾ ਖਾਲਸਾ ਦੀਵਾਨ ਸੋਸਾਇਟੀ, ਵੈਨਕੋਵਰ, ਕਨੇਡਾ। 6

ਸੰਸਾਰ 7

ਰੋਜ਼ੀ, ਰਿਜ਼ਕ ਤੇ ਜੀਵਨ 24

ਇਸਤ੍ਰੀ ਪੁਰਸ਼ 44

ਮਨ ਨੂੰ ਰੋਕਣਾ 65

ਰੰਗਾਂ ਦੀ ਵਿਆਖਿਆ (ਨਾਮ ਰੰਗ ਦੀ ਮਹੱਤਤਾ) 78

ਗੁਰੂ ਤੇ ਸਮਝ 95

# ਦੋ ਸ਼ਬਦ

ਦਾਸ ਨੂੰ ਸਤਿਕਾਰ ਯੋਗ ਮਸਕੀਨ ਜੀ ਨੇ 37 ਸੀਡੀਆਂ ਦਾ ਇਕ ਪੈਕਟ ਦਿੱਤਾ ਸੀ ਜਿਸ ਵਿਚ ਸ੍ਰੀ ਦਰਬਾਰ ਸਾਹਿਬ ਜੀ, ਮੰਜੀ ਸਾਹਿਬ ਵਿਖੇ ਸੰਨ 2004 ਵਿਚ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਤੋਂ ਦਿਵਾਲੀ ਤਕ ਹੁਕਮਨਾਮਿਆਂ ਤੇ ਹੋਈ ਕਥਾ ਦਾ ਵੇਰਵਾ ਸੀ। ਕਿਉਂਕਿ ਦਾਸ ਇਸ ਤੋਂ ਪਹਿਲਾਂ ਵੀ ਉਹਨਾਂ ਦੀਆਂ ਕਿਤਾਬਾਂ ਲਿਖਣ ਦੀ ਸੇਵਾ ਗੁਰੂ ਕਿਰਪਾ ਦੁਆਰਾ ਨਿਭਾ ਰਿਹਾ ਸੀ, ਇਸ ਕਰਕੇ ਉਹਨਾਂ ਦਾ ਮਕਸਦ ਸੀ ਕਿ ਇਹ ਬੋਲ ਵੀ ਲਿਖਤ ਰੂਪ ਵਿਚ ਸੰਗਤ ਤਕ ਪੁਜ ਜਾਣ।

ਇਸ ਹੱਥਲੀ ਪੁਸਤਕ ਵਿਚ ਸੰਸਾਰ ਨੂੰ ਇਕ ਲੀਲ੍ਹਾ, ਤਮਾਸ਼ਾ ਕਰਕੇ ਵਰਣਨ ਕੀਤਾ ਹੈ। ਕਲਗੀਧਰ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਵੀ ਬਚਿਤ੍ਰ ਨਾਟਕ ਵਿਚ ਕਹਿੰਦੇ ਨੇ:-

ਮੈ ਹੋ ਪਰਮ ਪੁਰਖ ਕੋ ਦਾਸਾ॥
ਦੇਖਨ ਆਯੋ ਜਗਤ ਤਮਾਸਾ॥

ਸੰਸਾਰਿਕ ਰਚਨਾ ਵਿਚ ਪੁਰਸ਼ ਅਤੇ ਇਸਤ੍ਰੀ ਜੀਵਨ ਦੀ ਲਾਲਸਾ ਰਖਦੇ ਨੇ ਅਤੇ ਇਹ ਸਰੀਰਕ ਜੀਵਨ ਤਾਂ ਹੀ ਰਹਿ ਸਕਦਾ ਹੈ ਜੇ ਰਿਜ਼ਕ ਹੋਵੇ ਤੇ ਰਿਜ਼ਕ ਤਾਂ ਹੋ ਸਕਦਾ ਹੈ ਜੇ ਰੋਜ਼ੀ ਹੋਵੇ। ਸਹੀ ਜੀਵਨ ਚਲਾਉਣ ਵਾਸਤੇ ਤੇ ਪ੍ਰਭੂ ਪ੍ਰਾਪਤੀ ਲਈ ਮਨ ਦਾ ਰੁਕ ਜਾਣਾ ਅਤਿਅੰਤ ਲਾਜ਼ਮੀ ਹੈ ਪਰ ਸੰਸਾਰ ਵਿਚ ਵਿਚਰਦਿਆਂ ਹੋਇਆਂ ਜੀਵ ਤੇ ਅਨੇਕਾਂ ਰੰਗਾਂ ਦਾ, ਅਵਸਥਾਵਾਂ ਦਾ ਪ੍ਰਭਾਵ ਪੈਂਦਾ ਹੈ ਪਰ ਜੇਕਰ ਗੁਰੂ ਬਾਰੇ ਗਿਆਨ ਹੋਵੇ ਤੇ ਉਸਦੀ ਸਮਝ ਹੋਵੇ ਤਾਂ ਇਨਸਾਨ ਸਫ਼ਲ ਜੀਵਨ ਜੀਅ ਸਕਦਾ ਹੈ, ਨਹੀਂ ਤਾਂ ਡੰਭੀ ਗੁਰੂਆਂ ਦੇ ਜਾਲ ਵਿਚ ਫਸ ਕੇ ਆਪਣਾ ਅਮੋਲਕ ਜੀਵਨ ਵਿਅਰਥ ਗੁਆ ਲੈਂਦਾ ਹੈ। ਸਤਿਕਾਰ ਯੋਗ ਮਸਕੀਨ ਜੀ ਨੇ ਜੀਵਨ ਭਰ ਦੇਸ਼ਾਂ ਵਿਦੇਸ਼ਾਂ ਦਾ ਭਰਮਣ ਕੀਤਾ ਅਤੇ ਕਥਾ ਦੁਆਰਾ ਪ੍ਰਾਪਤ ਕੀਤੇ ਹੋਏ ਅਨੁਭਵਾਂ ਦਾ ਜ਼ਿਕਰ ਵੀ ਕਥਾ ਵਿਚ ਕਰਦੇ ਰਹੇ। ਕੁਝ ਐਸੇ ਵਿਸ਼ੇ ਜਿੰਨ੍ਹਾਂ ਦਾ ਜੀਵਨ ਦੇ ਨਾਲ ਗਹਿਰਾ ਸੰਬੰਧ ਹੈ ਇਸ ਪੁਸਤਕ ਵਿਚ ਦਿੱਤੇ ਗਏ ਹਨ।

ਆਸ ਹੈ ਇਹ ਪੁਸਤਕ ਪਾਠਕਾਂ ਦੇ ਗੁਰਮਤਿ ਗਿਆਨ ਵਿਚ ਵਾਧਾ ਕਰੇਗੀ। ਪੁਸਤਕ ਵਿਚ ਗੁਰਬਾਣੀ ਸ਼ਬਦ ਦੇ ਅੰਤ ਵਿਚ ਜਿੱਥੇ ਵੀ ਸਿਰਫ ਅੰਗ ਸ਼ਬਦ ਲਿਖਿਆ ਹੈ ਉਹ ਅੰਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੈ। ਆਸ ਹੈ ਪਾਠਕ ਜਨ ਪੁਸਤਕ ਪੜ੍ਹ ਕੇ ਪੂਰਾ ੨ ਲਾਭ ਉਠਾਉਣਗੇ ਅਤੇ ਲਿਖਣ ਵਿਚ ਹੋਈਆਂ ਤਰੁੱਟੀਆਂ

ਨੂੰ ਨਜ਼ਰ-ਅੰਦਾਜ਼ ਕਰਨਗੇ। ਆਸ ਹੈ ਪਾਠਕ ਜਨ ਜ਼ਰੂਰ ਪੂਰਾ ੨ ਲਾਭ ਉਠਾਉਣਗੇ ਤੇ ਜਿਵੇਂ ਪਹਿਲੇ ਟੈਲੀਫੋਨਾਂ ਰਾਹੀਂ ਦਾਸ ਦਾ ਹੌਂਸਲਾ ਵਧਾਉਂਦੇ ਰਹਿੰਦੇ ਨੇ, ਹੁਣ ਵੀ ਦਿਲ ਦੀਆਂ ਗਹਿਰਾਈਆਂ ਤੋਂ ਅਸ਼ੀਰਵਾਦ ਦੇ ਕੇ ਨਿਵਾਜ਼ਣਗੇ।

ਇਸ ਪੁਸਤਕ ਦੀ ਭੂਮਿਕਾ ਸਤਿਕਾਰ ਯੋਗ ਗਿਆਨੀ ਬਲਵਿੰਦਰ ਸਿੰਘ ਜੀ ਝੌਰ (ਹੁਣ ਕਨੇਡਾ ਨਿਵਾਸੀ) ਜੀ ਨੇ ਲਿਖੀ ਹੈ, ਜੋ ਦੁਨਿਆਵੀ ਰਿਸ਼ਤੇ ਵਿਚ ਦਾਸ ਦੇ ਚਾਚਾ ਜੀ ਲਗਦੇ ਹਨ ਅਤੇ ਅਸੀਂ ਸਾਰਾ ਪਰਵਾਰ ਉਹਨਾਂ ਨੂੰ ਪਿਤਾ ਜੀ ਕਰਕੇ ਸਦਦੇ ਹਾਂ। ਜਿੱਥੇ ਦਾਸ ਉਹਨਾਂ ਦਾ ਧੰਨਵਾਦੀ ਹੈ, ਉਥੇ ਨਾਲ ਆਪਣੇ ਪਰਮ ਮਿੱਤਰ ਸਰਦਾਰ ਜਸਵੰਤ ਸਿੰਘ (ਬਲਦੇਵ ਪਾਰਕ, ਦਿੱਲੀ -51) ਨਿਵਾਸੀ ਜੀ ਦਾ ਵੀ ਰਿਣੀ ਹਾਂ, ਜਿੰਨ੍ਹਾਂ ਨੇ ਇਸ ਪੁਸਤਕ ਦੀ ਲਗਾਂ-ਮਾਤਰਾਂ ਕਰਕੇ ਸੁਧਾਈ ਕੀਤੀ ਹੈ, ਸਹਿਯੋਗ ਦਿੱਤਾ ਹੈ।

<u>12-10-2007</u>

10, ਰਾਧੇ ਸ਼ਾਮ ਪਾਰਕ
ਪਰਵਾਨਾ ਰੋਡ, ਦਿੱਲੀ-110051
ਟੈਲੀਫੋਨ ਨੰ: 011-22514492,
ਮੋਬਾਈਲ: 9810878595

ਦਾਸ
ਹਰਜੀਤ ਸਿੰਘ
ਸੰਪਾਦਕ

# ਭੂਮਿਕਾ

ਜੋ ਕੁਝ ਵੀ ਅਸੀਂ ਦੇਖ ਰਹੇ ਹਾਂ ਅਥਵਾ ਜੋ ਕੁਝ ਵੀ ਦਰਿਸ਼ਟਮਾਨ ਹੈ, ਇਸੇ ਨੂੰ ਸੰਸਾਰ ਆਖਿਆ ਜਾਂਦਾ ਹੈ, ਇਸ ਨੂੰ ਭਉਜਲ ਸੰਸਾਰ ਵੀ ਆਖਿਆ ਗਿਆ ਹੈ।

ਏਹੁ ਭਉਜਲੁ ਜਗਤੁ ਸੰਸਾਰੁ ਹੈ ਗੁਰੁ ਬੋਹਿਥੁ ਨਾਮਿ ਤਰਾਇ॥
(ਅੰਗ ੧੪੨੪)

ਭਗਤ ਨਾਮਦੇਵ ਜੀ ਵੀ ਸੰਸਾਰ ਦਾ ਜ਼ਿਕਰ ਕਰਦਿਆਂ ਹੋਇਆਂ, ਮਾਇਆ ਤੋ ਨਿਰਲੇਪ ਹੋ ਕੇ ਜੀਵਨ ਬਤੀਤ ਕਰਨ ਦਾ ਉਪਦੇਸ਼ ਕਰਦੇ ਨੇ:-

ਇਹ ਸੰਸਾਰ ਤੇ ਤਬ ਹੀ ਛੂਟਉ ਜਉ
ਮਾਇਆ ਨਹ ਲਪਟਾਵਉ॥ (ਅੰਗ ੬੯੩)

ਸਤਿਕਾਰ ਯੋਗ ਮਸਕੀਨ ਜੀ ਨੇ ਸਾਰੇ ਸੰਸਾਰ ਦਾ ਭਰਮਣ ਕੀਤਾ ਹੈ ਅਤੇ ਦਾਸ ਨੂੰ ਉਹਨਾਂ ਨਾਲ ਖ਼ਾਸ ਕਰਕੇ ਵਿਦੇਸ਼ਾਂ ਵਿਚ ਵਿਚਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਇਸ ਪੁਸਤਕ ਵਿਚ ਜਿਹੜੇ ਵਿਸ਼ਿਆਂ ਨੂੰ ਉਹਨਾਂ ਨੇ ਛੋਹਿਆ ਹੈ ਬੜੇ ਬਾ-ਕਮਾਲ ਨੇ। ਉਹਨਾਂ ਦੀਆਂ ਕੁਝ ਪੁਸਤਕਾਂ ਜਿਵੇਂ ਸਬਦੁ ਗੁਰੂ ਸੁਰਤਿ ਧੁਨਿ ਚੇਲਾ, ਰਤਨਾਗਰ, ਪੰਜ ਵਿਕਾਰ ਤੇ ਚਾਰ ਯੁਗ, ਰਹੱਸ ਰਮਜ਼, ਰਸ ਧਾਰਾ, ਗੁਰਦਵਾਰਿਆਂ ਦਾ ਪ੍ਰਬੰਧਕੀ ਢਾਂਚਾ ਤੇ ਪ੍ਰਚਾਰਕ ਸ਼੍ਰੇਣੀ, ਜੀਵਨ ਝਲਕੀਆਂ ਆਦਿ ਲਿਖਣ ਦਾ ਮੌਕਾ ਦਾਸ ਨੂੰ ਵੀ ਪ੍ਰਾਪਤ ਹੋਇਆ। ਦਾਸ ਨੂੰ ਖ਼ੁਸ਼ੀ ਹੈ ਕਿ ਦਾਸ ਦਾ ਭਤੀਜਾ ਸ੍ਰ. ਹਰਜੀਤ ਸਿੰਘ ਵੀ ਇਸ ਪੁਸਤਕਾਂ ਲਿਖਣ ਦੇ ਕਾਰਜ ਨੂੰ ਬਖ਼ੂਬੀ ਨਿਭਾ ਰਹੇ ਹਨ, ਸਤਿਗੁਰੂ ਇਹਨਾਂ ਨੂੰ ਹੋਰ ਲਗਨ ਤੇ ਉਤਸ਼ਾਹ ਬਖ਼ਸ਼ਣ।

ਆਸ ਹੈ ਪਾਠਕ ਜਨ ਇਸ ਪੁਸਤਕ ਤੋਂ ਪੂਰਾ ੨ ਲਾਭ ਉਠਾਉਣਗੇ ਅਤੇ ਜਿਵੇਂ ਬਾਣੀ ਵਿਚ ਆਇਆ ਹੈ:-

ਦੁਨੀਆ ਸਾਗਰੁ ਦੁਤਰੁ ਕਹੀਐ
ਕਿਉ ਕਰਿ ਪਾਈਐ ਪਾਰੋ॥ (ਅੰਗ ੯੩੮)

ਇਸ ਨਾ ਤਰੇ ਜਾਣ ਵਾਲੇ ਸੰਸਾਰ ਨੂੰ ਮਸਕੀਨ ਜੀ ਦੇ ਦਸੇ ਨੁਕਤਿਆਂ ਅਤੇ ਗੁਰ ਸ਼ਬਦ ਦੀ ਓਟ ਦੁਆਰਾ ਤਰ ਸਕਣ ਵਿਚ ਸਫਲ ਹੋਵਣਗੇ।

ਦਾਸ
ਗਿਆਨੀ ਬਲਵਿੰਦਰ ਸਿੰਘ ਝੌਰ
ਸਾਬਕਾ ਹੈਡ ਗ੍ਰੰਥੀ
ਗੁਰੂਦੁਆਰਾ ਖਾਲਸਾ ਦੀਵਾਨ ਸੋਸਾਇਟੀ
ਰੋਸ ਸਟਰੀਟ, ਵੈਨਕੂਵਰ, ਕਨੇਡਾ

8.10.2007
ਸਰੀ, ਵੈਨਕੋਵਰ, ਕਨੇਡਾ
ਫੋਨ ਨੰ: 001-604-596-3061

# ਸੰਸਾਰ

ਰਾਗੁ ਸੂਹੀ ਮਹਲਾ ੫ ਘਰੁ ੧
ੴ ਸਤਿਗੁਰ ਪ੍ਰਸਾਦਿ

ਬਾਜੀਗਰਿ ਜੈਸੇ ਬਾਜੀ ਪਾਈ॥ ਨਾਨਾ ਰੂਪ ਭੇਖ ਦਿਖਲਾਈ॥ ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ॥ ਤਬ ਏਕੋ ਏਕੰਕਾਰਾ ॥੧॥ ਕਵਨ ਰੂਪ ਦ੍ਰਿਸਟਿਓ ਬਿਨਸਾਇਓ॥ ਕਤਹਿ ਗਇਓ ਉਹੁ ਕਤ ਤੇ ਆਇਓ॥੧॥ ਰਹਾਉ॥ ਜਲ ਤੇ ਊਠਹਿ ਅਨਿਕ ਤਰੰਗਾ॥ ਕਨਿਕ ਭੂਖਨ ਕੀਨੇ ਬਹੁ ਰੰਗਾ॥ ਬੀਜੁ ਬੀਜਿ ਦੇਖਿਓ ਬਹੁ ਪਰਕਾਰਾ॥ ਫਲ ਪਾਕੇ ਤੇ ਏਕੰਕਾਰਾ॥੨॥ ਸਹਸ ਘਟਾ ਮਹਿ ਏਕੁ ਆਕਾਸੁ॥॥ ਘਟ ਫੂਟੇ ਤੇ ਓਹੀ ਪ੍ਰਗਾਸੁ॥ ਭਰਮ ਲੋਭ ਮੋਹ ਮਾਇਆ ਵਿਕਾਰ॥ ਭ੍ਰਮ ਛੂਟੇ ਤੇ ਏਕੰਕਾਰ ॥੩ ॥ ਓਹੁ ਅਬਿਨਾਸੀ ਬਿਨਸਤ ਨਾਹੀ ॥ ਨਾ ਕੋ ਆਵੈ ਨਾ ਕੋ ਜਾਹੀ ॥ ਗੁਰਿ ਪੂਰੈ ਹਉਮੈ ਮਲੁ ਧੋਈ ॥ਕਹੁ ਨਾਨਕ ਮੇਰੀ ਪਰਮ ਗਤਿ ਹੋਈ ॥ ੪॥

{ਅੰਗ ੭੩੬}

ਇਸ ਪਵਿੱਤਰ ਵਾਕ ਦੇ ਅੰਦਰ ਪਾਤਸ਼ਾਹ ਵਰਣਨ ਕਰਦੇ ਨੇ ਕਿ ਜਿਤਨਾ ਵੱਡਾ ਈਸ਼ਵਰ ਹੈ, ਉਤਨੀ ਵੱਡੀ ਉਸਦੀ ਲੀਲ੍ਹਾ ਹੈ, ਤਮਾਸ਼ਾ ਹੈ। ਧਰਮ ਦੇ ਅਨੇਕਾਂ ਪਹਿਲੂ ਨੇ ਅਤੇ ਵਖ ਵਖ ਪਹਿਲੂਆਂ ਤੇ ਸ਼ਬਦਾਂ ਦੇ ਰਾਹੀਂ ਗੁਰਦੇਵ ਸਾਡੇ ਸਾਹਮਣੇ ਵਿਚਾਰ ਰਖਦੇ ਨੇ। ਨਉਖੰਡ ਤੇ ਮੰਨੇ ਹੀ ਜਾਂਦੇ ਨੇ। ਪ੍ਰਿਥਵੀ ਤੇ ਜੋ ਸਰੀਰ ਹਨ, ਇਹ ਸਰੀਰ ਵੀ ਕਈ ਅੰਗਾਂ ਦੇ ਜੋੜਾਂ ਨਾਲ ਬਣੇ ਹਨ। ਪੈਰਾਂ ਦੇ ਜੋੜ ਨੇ, ਹਥਾਂ ਦੇ ਜੋੜ ਨੇ, ਗਰਦਨ ਦਾ ਜੋੜ ਹੈ। ਬਾਹਵਾਂ ਵਿਚ, ਪੈਰਾਂ ਵਿਚ, ਦੋ ਦੋ ਜੋੜ ਨੇ। ਇਹ ਸਾਰੇ ਜੋੜਾਂ ਦਾ ਨਾਮ ਸਰੀਰ ਹੈ। ਬਾਹਰੋਂ ਹੱਥ ਜੁੜੇ ਹੋਏ ਨੇ, ਪੈਰ ਜੁੜੇ ਹੋਏ ਨੇ, ਗਰਦਨ ਜੁੜੀ ਹੋਈ ਹੈ। ਅੰਦਰੋਂ ਪਤਾ ਨਹੀਂ ਕਿਤਨੀਆਂ ਨਸਾਂ ਜੁੜੀਆਂ ਹੋਈਆਂ ਨੇ, ਕਿਤਨੇ ਤੰਤੂ ਜੁੜੇ ਹੋਏ ਨੇ। ਅੰਦਰ ਖ਼ੂਨ ਬਹਿ ਰਿਹਾ ਹੈ। ਅੰਦਰ ਬਹੁਤ ਵੱਡੀ ਕਿਰਿਆ ਚਲ ਰਹੀ ਹੈ।

ਧਰਮ ਦੇ ਵੀ ਅਨੇਕਾਂ ਪਹਿਲੂ ਨੇ, ਅਨੰਤ ਪਹਿਲੂ ਨੇ। ਕਈ ਦਫ਼ਾ ਮਨੁਖ ਕਹਿ ਦਿੰਦਾ ਹੈ, ਇਕ ਸ਼ਬਦ ਨੇ ਇਹ ਆਖਿਆ ਹੈ, ਦੂਜੇ ਨੇ ਇਹ ਆਖਿਆ ਹੈ। ਜੈਸੇ ਕਈ ਪ੍ਰਸ਼ਨ ਕਰਦੇ ਨੇ, ਕਰਤਾ-ਧਰਤਾ ਤੇ ਪਰਮਾਤਮਾ ਹੈ, ਸਾਡੇ ਹੱਥ ਕੀ ਹੈ, ਇੰਝ ਕਹਿ ਦਿੰਦੇ ਨੇ। ਦਰਅਸਲ ਅਸਲੀਅਤ ਇਹ ਹੈ, ਸਾਡੇ ਹੱਥ ਜੋ ਕੁਝ ਵੀ ਹੈ ਉਹ ਪਰਮਾਤਮਾ ਦਾ ਦਿੱਤਾ ਹੋਇਆ ਹੈ। ਸ਼ਕਤੀ ਉਸਨੇ ਦਿੱਤੀ ਹੈ, ਸਮਝ ਉਸਨੇ ਦਿੱਤੀ ਹੋਈ ਹੈ, ਪ੍ਰਾਣ ਉਸ ਨੇ ਦਿੱਤੇ ਹੋਏ ਹਨ। ਇਹ ਜੀਵਨ ਉਸਨੇ ਵਰਤਣ ਵਾਸਤੇ ਦਿੱਤਾ ਹੋਇਆ ਹੈ। ਵਰਤਣ ਸਹੀ ਹੋ ਸਕੇ ਸਮਝ ਦਿੱਤੀ ਹੈ। ਸਮਝ ਨੂੰ ਮਨੁਖ ਸਹੀ ਢੰਗ ਨਾਲ ਵੀ ਵਰਤ ਸਕਦਾ ਹੈ, ਗ਼ਲਤ ਢੰਗ ਨਾਲ

ਵੀ ਵਰਤ ਸਕਦਾ ਹੈ। ਜ਼ਬਾਨ ਦਿੱਤੀ ਹੋਈ ਹੈ, ਇਸ ਦੇ ਨਾਲ ਪ੍ਰਭੂ ਦਾ ਨਾਮ ਵੀ ਜਪ ਸਕਦਾ ਹੈ। ਚੰਗੇ ਬੋਲ, ਮਿੱਠੇ ਬੋਲ ਵੀ ਬੋਲ ਸਕਦਾ ਹੈ ਔਰ ਇਸੇ ਜ਼ਬਾਨ ਨਾਲ ਕਿਸੇ ਨੂੰ ਗਾਲ੍ਹ ਵੀ ਕਢ ਸਕਦਾ ਹੈ। ਜ਼ਬਾਨ ਦੋਵੇਂ ਕੰਮ ਕਰ ਸਕਦੀ ਹੈ। ਹੱਥਾਂ ਨਾਲ ਦਾਨ ਵੀ ਦਿੱਤਾ ਜਾ ਸਕਦਾ ਹੈ, ਹੱਥਾਂ ਨਾਲ ਛੀਨਾ ਝਪਟੀ ਵੀ ਕੀਤੀ ਜਾ ਸਕਦੀ ਹੈ, ਖੋਹਾ-ਖਾਹੀ ਵੀ ਹੋ ਸਕਦੀ ਹੈ। ਜੀਵਨ ਉਸ ਨੇ ਸੁਤੰਤਰ ਰੂਪ ਵਿਚ ਦਿੱਤਾ ਹੈ। ਪਰ ਚੂੰਕਿ ਸੁਤੰਤਰਤਾ ਉਸੇ ਦੀ ਦਿੱਤੀ ਹੋਈ ਹੈ। ਬ੍ਰਹਮ ਗਿਆਨੀ ਕਹਿ ਦਿੰਦੇ ਨੇ ਸਭ ਕੁਛ ਤੇਰਾ ਹੈ, ਸਾਡਾ ਕੀ ਹੈ। ਠੀਕ ਹੀ ਕਿਹਾ ਹੈ। ਇਹ ਇਕ ਪਹਿਲੂ ਹੈ।

ਇਸ ਨੂੰ ਫਿਰ ਦੂਜੇ ਰੂਪ ਵਿਚ ਲੋਕੀਂ ਪਕੜ ਲੈਂਦੇ ਨੇ, ਜਦੋਂ ਜਪਾਏਗਾ ਉਦੋਂ ਜਪ ਲਵਾਂਗੇ, ਜਦੋਂ ਚਾਹੇਗਾ ਉਦੋਂ ਸੈਤਿਸੰਗ ਕਰ ਲਵਾਂਗੇ। ਅਸਲ ਵਿਚ ਇਹ ਚੁਣਾਉ ਉਸ ਨੇ ਸਾਡੇ ਤੇ ਛਡਿਆ ਹੈ। ਇਹ ਪਸੰਦ (Choice) ਉਸਨੇ ਸਾਡੇ ਤੇ ਛੱਡੀ ਹੈ। ਕਿਉਂਕਿ ਉਸ ਨੇ ਛੋੜੀ ਹੈ, ਇਸ ਵਾਸਤੇ ਭਗਤ ਕਹਿੰਦੇ ਨੇ ਸਭ ਕੁਛ ਤੇਰੇ ਕੋਲ ਹੈ। ਜੋ ਸਾਡਾ ਚੁਣਾਉ ਹੈ, ਇਤਨੀ ਖੁਲ੍ਹ ਵੀ ਤੇਰੀ ਦਿੱਤੀ ਹੋਈ ਹੈ। ਜੇ ਇਤਨੀ ਖੁਲ੍ਹ ਹੀ ਨਾ ਦਿੰਦਾ, ਅਸੀਂ ਜ਼ਬਾਨ ਨਾਲ ਸਿਰਫ ਪਾਠ ਹੀ ਕਰ ਸਕਦੇ ਸੀ, ਸ਼ੁਭ ਬੋਲ ਸਕਦੇ ਸੀ, ਅਸ਼ੁਭ ਬੋਲ ਹੀ ਨਹੀਂ ਸੀ ਸਕਦੇ, ਤੇ ਸ਼ੁਭ ਬੋਲਣਾ ਸਾਡਾ ਬਝਿਆ ਹੋਣਾ ਸੀ ਕਿਉਂਕਿ ਬੰਧਨ ਸੀ। ਮਜ਼ਬੂਰੀ ਸੀ। ਖੁਲ੍ਹ ਦੇ ਦਿੱਤੀ ਹੈ। ਖੁਲ੍ਹ ਇਸ ਤਰ੍ਹਾਂ ਦੇ ਦਿੱਤੀ ਹੈ, ਹੱਥ ਵਿਚ ਦੀਵਾ ਵੀ ਦੇ ਦਿੱਤਾ ਹੈ, ਕਿਧਰੇ ਭਟਕੇ ਨਾ, ਇਸ ਲਈ ਸਮਝ ਵੀ ਦੇ ਦਿੱਤੀ ਹੈ:-

ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ॥
ਕਾਹੇ ਕੀ ਕੁਸਲਾਤ ਹਾਥ ਦੀਪੁ ਕੂਏ ਪਰੈ॥੨੧੬॥
{ਅੰਗ ੧੩੭੬}

ਜਿੱਥੇ ਇਹ ਆਖਿਆ ਜਾਂਦਾ ਹੈ:-
ਕੀਤਾ ਕਰਣਾ ਸਰਬ ਰਜਾਈ ਕਿਛੁ ਕੀਚੈ ਜੇ ਕਰਿ ਸਕੀਐ॥
ਆਪਣਾ ਕੀਤਾ ਕਿਛੂ ਨ ਹੋਵੈ ਜਿਉ ਹਰਿ ਭਾਵੈ ਤਿਉ ਰਖੀਐ॥
{ਅੰਗ ੭੩੬}

ਭਾਵੇਂ ਉਹ ਅਸੀਮ ਹੈ ਪਰ ਸਾਡੇ ਬਲ ਦੀ ਸੀਮਾ ਹੈ। ਸਾਡੀ ਸਮਝ ਦੀ ਵੀ ਸੀਮਾ ਹੈ ਭਾਵੇਂ ਪ੍ਰਭੂ ਅਸੀਮ ਹੈ। ਅਸੀਂ ਸੀਮਿਤ ਦੇ ਦਾਇਰੇ ਵਿਚ ਹੀ ਕੰਮ ਕਰ ਸਕਦੇ ਹਾਂ। ਇਹ ਬੰਧਨ ਜ਼ਰੂਰ ਹੈ। ਮੱਛੀ ਦੌੜ ਸਕਦੀ ਹੈ, ਭੱਜ ਸਕਦੀ ਹੈ ਪਰ ਸਾਗਰ ਦੇ ਵਿਚ। ਪਰ ਜੇ ਆਖੇ ਨਹੀਂ, ਮੈਂ ਤੇ ਸਾਗਰ ਵਿਚੋਂ ਨਿਕਲ ਕੇ ਜ਼ਮੀਨ ਤੇ ਦੌੜਨਾ ਹੈ, ਤੇ ਨਹੀਂ। ਇਹ ਨਹੀਂ ਹੋ ਸਕਦਾ। ਸਾਗਰ ਵਿਚੋਂ ਨਿਕਲ ਕੇ ਆਸਮਾਨ ਤੇ ਉਡਣਾ ਚਾਹੇ, ਨਹੀਂ ਉੱਡ ਸਕਦੀ। ਇਹ ਨਹੀਂ ਕਰ ਸਕਦੀ, ਮਜ਼ਬੂਰ ਹੈ। ਇਸ ਦੇ ਹੱਥ ਕੁਛ ਵੀ ਨਹੀਂ। ਹਾਂ, ਸਾਗਰ ਦੇ ਵਿਚ ਜਿਸ ਪਾਸੇ ਮਰਜ਼ੀ ਜਾ ਸਕਦੀ ਹੈ। ਜਿਤਨਾ ਮਰਜ਼ੀ ਦੌੜੇ ਇਸ ਦੀ ਮਰਜ਼ੀ ਹੈ। ਗਹਿਰਾਈ ਵਿਚ ਚਲੀ ਜਾਏ, ਸੱਜੇ ਪਾਸੇ ਚਲੀ ਜਾਏ, ਖੱਬੇ ਪਾਸੇ ਚਲੀ ਜਾਏ, ਕਿਧਰੇ ਵੀ ਖੁਲ੍ਹ ਕੇ ਕਲੋਲ ਕਰੇ, ਇਸਦੀ ਬਿਲਕੁਲ ਖੁਲ੍ਹ ਹੈ। ਇਸ ਕਰਕੇ ਜਿਤਨੀ ਸ਼ਕਤੀ ਦੀ ਸੀਮਾ ਹੈ, ਜਿਤਨੀ ਸਮਝ ਦੀ ਸੀਮਾ ਹੈ, ਉਸ ਦੇ ਵਿਚ ਸੁਤੰਤਰਤਾ ਹੈ। ਸੀਮਾ ਤੋਂ ਅੱਗੇ ਨਹੀਂ। ਉਥੇ ਫਿਰ ਗੁਰਦੇਵ ਕਹਿ ਦਿੰਦੇ ਨੇ, ਜੋ ਹੈ ਤੇਰੇ ਹੱਥ ਵਿਚ

ਤਾਂ ਫਿਰ ਅਸੀਮ ਕਰਕੇ ਦਿਖਾ।ਨਹੀਂ ਹੋ ਸਕਦਾ। ਸੀਮਿਤ ਦਾਇਰੇ ਵਿਚ ਹੀ ਕੰਮ ਹੋ ਸਕਦਾ ਹੈ। ਸੀਮਾ ਪ੍ਰਭੂ ਨੇ ਬਣਾਈ ਹੈ। ਅਸੀਂ ਸੀਮਾ ਵਿਚ ਸੱਜੇ ਜਾਈਏ, ਖੱਬੇ ਜਾਈਏ, ਇਹ ਚੁਣਾਉ ਸਾਡਾ ਹੋਵੇਗਾ। ਇਤਨਾ ਚੁਣਾਉ ਵੀ ਜੇ ਸਾਡਾ ਨਹੀਂ ਹੈ ਤੇ ਫਿਰ ਇਹਨਾਂ ਅਵਤਾਰਾਂ ਦੇ ਆਉਣ ਦੀ ਲੋੜ ਨਹੀਂ ਸੀ। ਸਾਨੂੰ ਸਮਝਾਉਣ ਦੀ ਲੋੜ ਨਹੀਂ ਸੀ। ਇਹਨਾਂ ਨੂੰ ਇਤਨੀ ਮਿਹਨਤ ਕਰਨ ਦੀ ਜ਼ਰੂਰਤ ਨਹੀਂ ਸੀ। ਇਹ ਮਿਹਨਤ ਇਸ ਕਰਕੇ ਕਰਦੇ ਨੇ ਤਾਕਿ ਮਨੁਖ ਆਪਣੀ ਸਮਝ ਦੀ ਸਹੀ ਵਰਤੋਂ ਕਰ ਸਕੇ। ਆਪਣੀ ਜ਼ਬਾਨ ਦੀ ਸਹੀ ਵਰਤੋਂ ਕਰ ਸਕੇ। ਆਪਣੇ ਹੱਥਾਂ ਦੀ ਸਹੀ ਵਰਤੋਂ ਕਰ ਸਕੇ ਔਰ ਮਨੁਖ ਕਰ ਸਕਦਾ ਹੈ:-

ਅਹਿਰਖ ਵਾਦੁ ਨ ਕੀਜੈ ਰੇ ਮਨ॥
ਸੁਕ੍ਰਿਤੁ ਕਰਿ ਕਰਿ ਲੀਜੈ ਰੇ ਮਨ॥੧॥ਰਹਾਉ॥

(ਅੰਗ ੪੭੯)

ਗੁਰਬਾਣੀ ਤੇ ਸਾਨੂੰ ਇੰਝ ਕਹਿੰਦੀ ਹੈ ਤੂੰ ਸੁਭ ਕਰ ਕਰ ਕੇ ਕੁਛ ਵੀ ਪ੍ਰਾਪਤ ਕਰ ਲੈ। ਪਰ ਇਕ ਦਾਇਰਾ ਹੈ, ਇਕ ਸੀਮਾ ਹੈ। ਉਥੇ ਫਿਰ ਗੁਰਬਾਣੀ ਕਹਿ ਦਏਗੀ, ਇਹ ਤੇਰੇ ਹੱਥ ਵਿਚ ਨਹੀਂ ਹੈ। ਅਸੀਮ ਕੰਮ ਤੇਰੇ ਹੱਥ ਵਿਚ ਨਹੀਂ ਹਨ। ਕਿਉਂਕਿ ਤੇਰੀ ਸ਼ਕਤੀ ਦੀ ਸੀਮਾ ਹੈ, ਪਰਮਾਤਮਾ ਅਸੀਮ ਹੈ। ਉਸ ਦੀ ਸ਼ਕਤੀ ਨਾਪੀ ਨਹੀਂ ਜਾ ਸਕਦੀ।

ਕੇਤਾ ਤਾਣੁ ਸੁਆਲਿਹੁ ਰੂਪੁ॥ਕੇਤੀ ਦਾਤਿ ਜਾਣੈ ਕੌਣੁ ਕੂਤੁ॥

(ਜਪੁਜੀ ਸਾਹਿਬ)

ਕੂਤ (Capability), ਕਿਸ ਕੋਲ ਇਹ ਤਾਕਤ ਹੈ, ਇਹ ਸ਼ਕਤੀ ਹੈ। ਉਹ ਨਾਪੇ ਸ਼ਕਤੀ ਕਿਤਨੀ ਹੈ, ਤਾਣ ਕਿਤਨਾ ਹੈ। ਕੇਤਾ ਤਾਣੁ? ਪਰਮਾਤਮਾ ਕੋਲ ਕਿਤਨੀ ਸ਼ਕਤੀ ਹੈ ਜੋ ਉਸ ਨੇ ਫੈਲਾਈ ਹੋਈ ਹੈ। *ਸੁਆਲਿਹੁ ਰੂਪੁ?* ਕਿਤਨਾ ਕੁ ਸੁੱਹਪਣ ਹੈ। ਇਹ ਸਭ ਕੁਛ ਨਿਰਾਕਾਰ ਤੋਂ ਆਉਂਦਾ ਹੈ। ਨਿਰ-ਆਕਾਰ ਵਿਚ ਕਿਤਨਾ ਸੁੱਹਪਣ ਹੋਵੇਗਾ। ਕਿਧਰੇ ਫੁੱਲਾਂ ਵਿਚ ਪ੍ਰਗਟ ਹੋ ਰਿਹਾ ਹੈ, ਕਿਧਰੇ ਫਲਾਂ ਵਿਚ, ਕਿਧਰੇ ਪੰਛੀਆਂ ਵਿਚ, ਕਿਧਰੇ ਪਸ਼ੂਆਂ ਵਿਚ, ਕਿਧਰੇ ਮਨੁਖਾਂ ਵਿਚ। ਕਿਧਰੇ ਸੂਰਜ ਚੰਦ ਤਾਰਿਆਂ ਵਿਚ, ਸੁਹੱਪਣ ਦਾ ਕੇਂਦਰ ਪਰਮਾਤਮਾ ਹੈ, ਸਭ ਕੁਛ ਉਸ ਤੋਂ ਆਉਂਦਾ ਹੈ। ਸ਼ਕਤੀ ਦਾ ਕੇਂਦਰ ਪਰਮਾਤਮਾ ਹੈ, ਸਭ ਕੁਛ ਉਸ ਤੋਂ ਆਉਂਦਾ ਹੈ। ਰਸਾਂ ਦਾ ਕੇਂਦਰ ਪਰਮਾਤਮਾ ਹੈ, ਸਭ ਕੁਝ ਉਸ ਤੋਂ ਆਉਂਦਾ ਹੈ। ਸੁਖਾਂ ਦਾ ਕੇਂਦਰ ਪਰਮਾਤਮਾ ਹੈ ਸਭ ਕੁਝ ਉਸ ਤੋਂ ਆਉਂਦਾ ਹੈ। ਹੁਣ ਫਿਰ ਪ੍ਰਸ਼ਨ ਪੈਦਾ ਹੁੰਦਾ ਹੈ, ਦੁੱਖ? ਜਦ ਮੈਂ ਦਿੱਤੀ ਹੋਈ ਸਮਝ ਦੀ ਸਹੀ ਵਰਤੋਂ ਨਹੀਂ ਕਰਦਾ, ਜ਼ਬਾਨ ਦੀ ਸਹੀ ਵਰਤੋਂ ਨਹੀਂ ਕਰਦਾ। ਮੈਂ ਹੱਥਾਂ ਪੈਰਾਂ ਦੀ ਸਹੀ ਵਰਤੋਂ ਨਹੀਂ ਕਰਦਾ, ਉਦੋਂ ਕੀ ਹੁੰਦਾ ਹੈ, ਦੁੱਖ। ਅਨੁਭਵੀ ਪੁਰਸ਼ ਕਹਿੰਦੇ ਨੇ ਦੁੱਖ ਇਕ ਅਲਾਰਮ ਹੈ। ਵੱਜ ਪੈਂਦਾ ਹੈ, ਬਈ ਤੂੰ ਗ਼ਲਤ ਕਰ ਰਿਹਾ ਹੈਂ, ਗ਼ਲਤ ਬੋਲ ਰਿਹਾ ਹੈਂ। ਕੁਦਰਤ ਦੀ ਤਰਫ਼ੋਂ ਇਹ ਇਕ ਅਲਾਰਮ ਹੈ, ਵੱਜ ਪੈਂਦਾ ਹੈ। ਜੈਸੇ ਮਨੁਖ ਜਾਗੇ ਹੀ ਨਾ, ਅਲਾਰਮ ਵਜਦਾ ਹੀ ਰਹਿ ਜਾਂਦਾ ਹੈ। ਦੁੱਖ ਕਰਕੇ ਵੀ ਮਨੁਖ ਸੁਚੇਤ ਨਾ ਹੋਵੇ, ਫਿਰ ਦੁੱਖ ਵਧਦਾ ਜਾਂਦਾ ਹੈ। ਸਮਝ ਗਿਆ ਹੈ ਤੇ ਦੁੱਖ ਵਿਲੀਨ ਹੋ ਜਾਂਦਾ ਹੈ।

ਇਸ ਪਾਵਨ ਪਵਿੱਤਰ ਵਾਕ ਦੀ ਭੂਮਿਕਾ ਕਵੀ ਸੰਤੋਖ ਸਿੰਘ ਜੀ ਨੇ ਸੂਰਜ ਪ੍ਰਕਾਸ਼ (ਗੁਰ ਪ੍ਰਤਾਪ ਸੂਰਜ) ਵਿਚ ਲਿਖੀ ਹੈ। ਧੰਨ ਗੁਰੂ ਅਰਜਨ ਦੇਵ ਜੀ ਨੇ ਸੰਤੋਖਸਰ ਦੀ ਖੁਦਾਈ ਜਦੋਂ ਪ੍ਰਾਰੰਭ ਕੀਤੀ। ਖੁਦਾਈ ਕਰਨ ਵਾਲਿਆਂ ਨੂੰ ਥੱਲੇ ਇਕ ਬਹੁਤ ਵੱਡਾ ਮਟਕਾ ਦਿਖਾਈ ਦਿੱਤਾ। ਸੇਵਕ ਭੱਜੇ ਹੋਏ ਗੁਰੂ ਸਾਹਿਬ ਕੋਲ ਆਏ। ਗੁਰੂ ਸਾਹਿਬ ਸਾਇਆਦਾਰ ਦਰਖ਼ਤ ਦੇ ਥੱਲੇ ਬੈਠੇ ਹੋਏ ਸਨ ਅਤੇ ਇਹ ਸਭ ਕੁਝ ਦੇਖ ਰਹੇ ਸਨ। ਸੇਵਕ ਕਹਿਣ ਲੱਗੇ, ਮਹਾਰਾਜ ਬੜਾ ਵੱਡਾ ਮਟਕਾ ਹੈ, ਅੱਛਾ! ਲੈ ਕੇ ਆਉ। ਮਹਾਰਾਜ ਉਸ ਦੇ ਵਿਚ ਇਕ ਯੋਗੀ ਬੈਠਾ ਹੈ। ਮਟਕੇ ਦੇ ਵਿਚ ਬੰਦਾ ਬੈਠਾ ਹੈ। ਅੱਖਾਂ ਮੀਟ ਕੇ ਬੈਠਾ ਹੈ। ਅੱਛਾ, ਢੰਗ ਨਾਲ ਫਾਵੜਾ ਚਲਾਇਓ। ਮਹਾਰਾਜ! ਫਾਵੜਾ ਕੀ ਚਲਾਈਏ, ਉਸ ਦੇ ਉੱਪਰ ਤੇ ਥਾਂ ਥਾਂ ਤੇ ਦਰਾੜਾਂ ਪਈਆਂ ਹੋਈਆਂ ਨੇ। ਅਸੀਂ ਥੋੜ੍ਹਾ ਵੀ ਹਲਾਇਆ ਤਾਂ ਟੁੱਟ ਜਾਏਗਾ। ਅੱਛਾ, ਤੁਸੀਂ ਢੰਗ ਨਾਲ ਯੋਗੀ ਨੂੰ ਕਢ ਕੇ ਲਿਆਉ। ਖ਼ਿਆਲ ਰਖਣਾ ਯੋਗੀ ਨੂੰ ਚੋਟ ਨਾ ਲੱਗੇ। ਖ਼ੈਰ ਯੋਗੀ ਨੂੰ ਕਢ ਕੇ ਲਿਆਏ। ਧੰਨ ਗੁਰੂ ਅਰਜਨ ਦੇਵ ਜੀ ਯੋਗੀ ਨੂੰ ਦੇਖਦੇ ਨੇ। ਉਸ ਦੇ ਸਰੀਰ ਦੇ ਉੱਪਰ ਕਾਫ਼ੀ ਵਾਲ ਆ ਚੁੱਕੇ ਸਨ। ਜਿਹੜੀ ਲੰਗੋਟੀ ਪਹਿਨ ਕੇ, ਆਸਣ ਮਾਰ ਕੇ ਕਿਧਰੇ ਬੈਠਾ ਸੀ, ਉਹ ਵੀ ਨਦਾਰਦ ਹੋ ਚੁੱਕੀ ਹੋਈ ਸੀ, ਖ਼ਤਮ ਹੋ ਚੁੱਕੀ ਸੀ, ਬਿਲਕੁਲ ਨਗਨ। ਚਾਰੋਂ ਪਾਸੇ ਸ਼ੋਰ, ਮਟਕੇ ਵਿਚੋਂ ਬੰਦਾ ਨਿਕਲਿਆ ਹੈ। ਸਾਰੇ ਪਾਸਿਓਂ ਸੰਗਤਾਂ ਭੱਜ ਕੇ ਆਈਆਂ। ਇਸ ਦੇ ਨਾਲ ਉਸ ਯੋਗੀ ਦੇ ਨੇਤਰ ਖੁਲ੍ਹੇ। ਕਵੀ ਸੰਤੋਖ ਸਿੰਘ ਜੀ ਲਿਖਦੇ ਨੇ ਉਦੋਂ ਦੁਆਪਰ ਯੁਗ ਸੀ ਤੇ ਯੋਗੀ ਆਪਣੇ ਚੇਲਿਆਂ ਦੇ ਨਾਲ ਜੰਗਲ ਵਿਚ, ਉਜਾੜ ਵਿਚ ਆਇਆ ਸੀ। ਕਿਉਂਕਿ ਉਸਦੇ ਵਿਦਿਆ ਗੁਰੂ ਨੇ ਕਹਿਆ ਸੀ ਕਿ ਤੇਰੀ ਮੁਕਤੀ ਕਲਯੁਗ ਦੇ ਵਿਚ ਹੋਵੇਗੀ, ਦੁਆਪਰ ਦੇ ਵਿਚ ਨਹੀਂ। ਮੁਕਤੀ ਵੀ ਤੇਰੀ ਗੁਰੂ ਨਾਨਕ ਤੋਂ ਹੋਵੇਗੀ। ਇਸ ਤਰ੍ਹਾਂ ਲਿਖਿਆ ਹੋਇਆ ਹੈ। ਉਸ ਦੇ ਮੂੰਹੋਂ ਜੋ ਉਸ ਵਕਤ ਬੋਲ ਨਿਕਲੇ ਗੁਰੂ ਸਾਹਿਬ ਉਸਨੂੰ ਬਾਣੀ ਰਾਹੀਂ ਸਾਡੇ ਸਾਹਮਣੇ ਰਖਦੇ ਨੇ:-

ਕਵਨ ਰੂਪ ਦਿਸਟਿਓ ਬਿਨਸਾਇਓ॥
ਕਤਹਿ ਗਇਓ ਉਹੁ ਕਤ ਤੇ ਆਇਓ॥

{ਅੰਗ ੨੩੬}

ਇਹ ਰਹਾਉ ਦੀਆਂ ਪੰਗਤੀਆਂ ਨੇ। ਇਹ ਰੂਪ ਕੀ ਹੈ, ਕਿੱਥੋਂ ਆਇਆ ਸੀ, ਕਿੱਥੇ ਚਲਾ ਗਿਆ। ਉਜਾੜ ਵਿਚ ਇਹ ਦਫ਼ਨ ਹੋਇਆ ਸੀ, ਮਟਕੇ ਵਿਚ। ਇਸ ਨੇ ਆਪਣੇ ਚੇਲਿਆਂ ਨੂੰ ਕਹਿ ਦਿੱਤਾ ਸੀ ਮੈਨੂੰ ਜ਼ਮੀਨ ਵਿਚ ਟੋਆ ਪੁੱਟ ਕੇ ਦੱਬ ਦਿਉ। ਇਤਨੀ ਮੁੱਦਤ ਮੈਂ ਅੱਖਾਂ ਖੋਲ੍ਹ ਕੇ ਇੰਤਜ਼ਾਰ ਨਹੀਂ ਕਰ ਸਕਦਾ ਕਿਉਂਕਿ ਮੇਰਾ ਉਧਾਰ ਕਲਯੁਗ ਵਿਚ ਹੋਵੇਗਾ। ਪ੍ਰਾਣਾਯਾਮ ਦੇ ਰਾਹੀਂ ਪ੍ਰਾਣਾਂ ਨੂੰ ਰੋਕ ਕੇ ਮਟਕੇ ਵਿਚ ਬੈਠ ਗਿਆ। ਇਸ ਸੰਕਲਪ ਨਾਲ ਕਿ ਹੁਣ ਮੇਰਾ ਜਿਹੜਾ ਉਧਾਰ ਕਰਤਾ ਹੈ, ਜਿਸ ਦੇ ਰਾਹੀਂ ਮੇਰਾ ਉਧਾਰ ਹੋਣਾ ਹੈ, ਉਹੀ ਹੋਵੇਗਾ ਤਾਂ ਹੀ ਅੱਖਾਂ ਖੋਲ੍ਹਾਂਗਾ, ਨਹੀਂ ਤੇ ਨਹੀਂ। ਉਹ ਸਾਹਮਣੇ ਹੋਵੇਗਾ ਤਾਂ ਸਵਾਸ ਚਲਣਗੇ, ਨਹੀਂ ਤੇ ਰੁਕੇ ਰਹਿਣਗੇ। ਯਮ--(ਰੋਕ ਲਏ ਨੇ), ਪ੍ਰਾਣਾਯਾਮ ਇਸ ਸਾਧਨਾ ਵਿਚ ਇਹ ਨਿਪੁੰਨ ਸੀ। ਜਦ ਨੇਤਰ ਖੁਲ੍ਹੇ, ਸਵਾਸ ਚਲ ਪਏ। ਮਧਮ ਸਵਾਸ ਜੋ ਪ੍ਰਾਣਾਯਾਮ ਦੀ ਸਾਧਨਾ ਵਿਚ ਅੰਦਰ ਹੁੰਦੇ ਨੇ, ਜਿਸਨੂੰ ਪ੍ਰਾਣ ਵਾਯੂ ਕਹਿੰਦੇ ਨੇ, ਉਹ ਬਾਕਾਇਦਾ ਗ਼ਰਦਿਸ਼ ਕਰਨ ਲੱਗ ਪਏ। ਉਸਨੂੰ ਖ਼ਿਆਲ ਆਇਆ, ਮੈਂ ਤੇ

ਸੰਕਲਪ ਕੀਤਾ ਸੀ। ਸੰਕਲਪ ਵਿਚ ਬੜੀ ਪ੍ਰਬਲ ਸ਼ਕਤੀ ਹੁੰਦੀ ਹੈ ਔਰ ਸੰਕਲਪ ਨਾਲ ਬਹੁਤ ਕੁਛ ਹੋ ਜਾਂਦਾ ਹੈ। ਸੰਕਲਪ ਆਪਣੇ ਆਪ ਵਿਚ ਇਕ ਬਹੁਤ ਵੱਡੀ ਸ਼ਕਤੀ ਹੈ, ਪਰ ਮਨੁਖ ਦਾ ਸੰਕਲਪ ਦ੍ਰਿੜ ਨਹੀਂ ਹੁੰਦਾ। ਹਰ ਸੰਕਲਪ ਦੇ ਮੁਕਾਬਲੇ ਵਿਚ ਵਿਕਲਪ ਹੁੰਦਾ ਹੈ। ਪਤਾ ਨਹੀਂ ਹੋਵੇਗਾ ਕਿ ਨਹੀਂ, ਦੁਬਿਧਾ ਬਣੀ ਰਹਿੰਦੀ ਹੈ। ਉਹ ਸਾਧਨਾ ਕਰਨ ਵਾਲਾ ਪੁਰਸ਼ ਸੀ, ਇਸ ਕਰਕੇ ਦ੍ਰਿੜ ਸੰਕਲਪੀ ਸੀ। ਸਾਹਮਣੇ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦਾ ਨੂਰਾਨੀ ਚਿਹਰਾ ਵੇਖ ਕੇ ਸੰਕਲਪ ਯਾਦ ਆਇਆ। ਮੈਂ ਤੇ ਦ੍ਰਿੜ ਸੰਕਲਪ ਕੀਤਾ ਸੀ, ਜਿਸ ਦੇ ਰਾਹੀਂ ਮੇਰਾ ਉਧਾਰ ਹੋਣਾ ਹੈ ਉਹ ਮੇਰੀਆਂ ਅੱਖਾਂ ਖੋਲ੍ਹੇਗਾ। ਅੱਖਾਂ ਖੁਲ੍ਹ ਚੁਕੀਆਂ ਸਨ। ਜਿਸ ਨੇ ਮੇਰਾ ਉਧਾਰ ਕਰਨਾ ਹੈ ਮੇਰੇ ਪ੍ਰਾਣ ਉਦੋਂ ਚਲਣਗੇ, ਤੇ ਪ੍ਰਾਣ ਵੀ ਚਲ ਪਏ। ਅੰਦਰੋਂ ਖਿਆਲ ਆਇਆ, ਹੋ ਨਾ ਹੋ ਇਹ ਉਹੀ ਹਸਤੀ ਹੋਵੇ। ਇਹ ਓਹੀ ਅਵਤਾਰੀ ਪੁਰਸ਼ ਹੋਣ ਜਿਨ੍ਹਾਂ ਦਾ ਜ਼ਿਕਰ ਮੇਰੇ ਵਿਦਿਆ ਗੁਰੂ ਨੇ ਕੀਤਾ ਸੀ, ਨਾਨਕ। ਫਿਰ ਭੀ ਆਪਣੀ ਭਰਾਂਤੀ ਮਿਟਾਉਣ ਵਾਸਤੇ:-

ਕਵਨ ਰੂਪ ਦਿਸਟਿਓ ਬਿਨਸਾਇਓ॥
ਕਤਹਿ ਗਇਓ ਉਹੁ ਕਤ ਤੇ ਆਇਓ॥

ਇਹ ਸਾਰਾ ਰੂਪ ਕਿੱਥੋਂ ਆਉਂਦਾ ਹੈ ਤੇ ਕਿੱਥੇ ਚਲਾ ਜਾਂਦਾ ਹੈ। ਇਸ਼ ਪ੍ਰਥਾਇ ਇਹ ਸਾਰਾ ਸ਼ਬਦ ਔਰ ਇਸ ਸਾਰੇ ਸ਼ਬਦ ਨੂੰ ਸੁਣ ਕੇ ਉਸਨੇ ਆਪਣਾ ਮਸਤਕ ਧੰਨ ਗੁਰੂ ਅਰਜਨ ਦੇਵ ਜੀ ਦੇ ਕਦਮਾਂ ਤੇ ਰਖਿਆ ਤੇ ਆਖਰੀ ਦਮ ਤੋੜ ਦਿੱਤਾ, ਮੁਕਤ ਹੋ ਗਿਆ। ਸਤਿਗੁਰਾਂ ਨੇ ਫਿਰ ਇਸ ਸਰੋਵਰ ਦਾ ਨਾਮ ਸੰਤੋਖਸਰ ਰਖਿਆ, ਉਸ ਯੋਗੀ ਦਾ ਨਾਮ ਸੰਤੋਖ ਦਾਸ ਸੀ। ਉਦੋਂ ਉਹ ਜੰਗਲ ਵਿਚ ਦਫ਼ਨ ਹੋਇਆ ਸੀ ਤੇ ਹੁਣ ਸ਼ਹਿਰ ਵਸ ਗਿਆ ਸੀ:-

ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ॥(ਅੰਗ ੧੩੬੨)

ਬੜੀ ਸੰਘਣੀ ਆਬਾਦੀ, ਉਦੋਂ ਆਪਣੇ ਚਾਰ ਚੇਲਿਆਂ ਦੇ ਰਾਹੀਂ ਦਫ਼ਨ ਹੋਇਆ ਸੀ। ਇਹ ਸਾਰਾ ਪਸਾਰਾ ਦੇਖ ਕੇ ਉਸਦੇ ਅੰਦਰ ਸੰਸਾਰ ਬਾਰੇ ਪ੍ਰਸ਼ਨ ਪੈਦਾ ਹੋਇਆ। ਇਹ ਸਾਰੇ ਦਾ ਸਾਰਾ ਦ੍ਰਿਸ਼ਟਮਾਨ ਸੰਸਾਰ ਕਿਉਂ ਆ ਜਾਂਦਾ ਹੈ ਔਰ ਕਿੱਥੇ ਚਲਾ ਜਾਂਦਾ ਹੈ। ਇਸ ਨੂੰ ਕਵੀ ਸੰਤੋਖ ਸਿੰਘ ਜੀ ਨੇ ਬੜੇ ਆਲਿਮਾਨਾ ਢੰਗ ਨਾਲ ਲਿਖਿਆ ਹੈ। ਯੋਗੀ ਦਾ ਇਕੋ ਹੀ ਪ੍ਰਸ਼ਨ ਰਹਿ ਗਿਆ ਸੀ, ਹੋਰ ਨਹੀਂ, ਬਾਕੀ ਸਭ ਹਟ ਗਏ ਸਨ। ਪ੍ਰਸ਼ਨਾਂ ਤੋਂ ਹੀ ਪਤਾ ਲਗਦਾ ਹੈ ਕਿ ਬੰਦਾ ਮਹਾਨ ਹੈ ਯਾ ਕੁਛ ਵੀ ਨਹੀਂ। ਮੇਰੇ ਕੋਲ ਵੀ ਕਈ ਪਰਚੀਆਂ ਆਉਂਦੀਆਂ ਨੇ, ਮੈਂ ਜਵਾਬ ਨਹੀਂ ਦਿੰਦਾ। ਅਸਲ ਵਿਚ ਜਵਾਬ ਦੇਣ ਲਾਇਕ ਹੀ ਨਹੀਂ ਹੁੰਦੀਆਂ। ਐਵੇਂ ਆਪਣਾ ਦਿਮਾਗ਼ ਖ਼ਰਾਬ ਕਰਾਂ ਤੇ ਅਗਲੇ ਦਾ ਸਮਾਂ ਖ਼ਰਾਬ ਕਰਾਂ। ਇਕ ਉਦਾਹਰਣ ਮਾਤਰ। ਕਲ ਹੀ ਕਿਸੇ ਦੀ ਚਿੱਠੀ ਆਈ, ਲਿਖਦੇ ਨੇ, ਬਈ ਅਸੀਂ ਫ਼ਾਰਨ (foreign) ਵਿਚ ਰਹਿੰਦੇ ਹਾਂ ਤੇ ਇੱਥੇ (India) ਵਿਚ ਜਦ ਅੰਮ੍ਰਿਤ ਵੇਲਾ ਹੁੰਦਾ ਹੈ, ਸਾਡੇ ਇੱਥੇ ਸ਼ਾਮਾਂ ਹੁੰਦੀਆਂ ਨੇ, ਫਿਰ ਅੰਮ੍ਰਿਤ ਵੇਲੇ ਦਾ ਲਾਭ ਅਸੀਂ ਕਿਸ ਤਰਾਂ ਉਠਾਈਏ। ਉਦੋਂ ਇਸ਼ਨਾਨ ਕਰੀਏ ਤੇ ਨਿਤਨੇਮ ਕਰੀਏ। ਹੁਣ ਇਸ ਚਿੱਠੀ ਵਿਚ ਆਪਣਾ ਪਤਾ ਵੀ ਨਹੀਂ ਲਿਖਿਆ। ਨਾ ਕੋਈ ਟੈਲੀਫੋਨ ਨੰਬਰ, ਨਹੀਂ ਤੇ ਮੈਂ ਉਸਨੂੰ ਕਹਿਣਾ ਸੀ, ਕੀ ਰਾਤ ਸਉਣ ਤੋਂ ਬਾਅਦ, ਸਵੇਰੇ

ਉਥੇ ਅੰਮ੍ਰਿਤ ਵੇਲਾ ਨਹੀਂ ਹੁੰਦਾ। ਉਥੇ ਰਾਤ ਦਾ ਚੌਥਾ ਪਹਿਰ ਨਹੀਂ ਹੁੰਦਾ। ਐਸਾ ਕਿਹੜਾ ਦੇਸ਼ ਹੈ, ਜਿੱਥੇ ਅੰਮ੍ਰਿਤ ਵੇਲਾ ਨਹੀਂ ਹੁੰਦਾ। ਹੁਣ ਜਿਸ ਬੰਦੇ ਦੀ ਇਤਨੀ ਵੀ ਸਮਝ ਨਹੀਂ, ਉਹ ਗੁਰਬਾਣੀ ਕੀ ਸਮਝੇਗਾ। ਜਦ ਹਰ ਜਗ੍ਹਾ ਦਿਨ ਹੁੰਦਾ ਹੈ, ਹਰ ਜਗ੍ਹਾ ਰਾਤ ਹੁੰਦੀ ਹੈ, ਹਰ ਜਗ੍ਹਾ ਸ਼ਾਮ ਹੁੰਦੀ ਹੈ, ਹਰ ਜਗ੍ਹਾ ਸਵੇਰ ਹੁੰਦੀ ਹੈ। ਇਸੇ ਤਰ੍ਹਾਂ ਹਰ ਜਗ੍ਹਾ ਅੰਮ੍ਰਿਤ ਵੇਲਾ ਵੀ ਹੁੰਦਾ ਹੈ, ਸੰਧਿਆ ਵੀ ਹੁੰਦੀ ਹੈ। ਉਹ ਸਮਝਦਾ ਪਿਆ ਹੈ ਜਿਵੇਂ ਭਾਰਤ ਵਿਚ ਅੰਮ੍ਰਿਤ ਵੇਲਾ ਹੈ, ਉਸ ਦੇਸ਼ ਵਿਚ ਉਸ ਵਕਤ ਜਾਗਣਾ ਚਾਹੀਦਾ ਹੈ। ਉਸ ਵੇਲੇ ਨਾਮ ਜਪਣਾ ਚਾਹੀਦਾ ਹੈ। ਅੱਗੇ ਲਿਖਦਾ ਹੈ ਕਿ ਉਸ ਵੇਲੇ ਤਾਂ ਅਸੀਂ ਕੰਮਕਾਰ ਤੇ ਹੁੰਦੇ ਹਾਂ। ਹੁਣ ਇਤਨੀ ਵੀ ਸਮਝ ਨਹੀਂ, ਇਸ ਤਰ੍ਹਾਂ ਦੇ ਪ੍ਰਸ਼ਨ ਆਉਂਦੇ ਨੇ। ਐਸੀਆਂ ਚਿੱਠੀਆਂ ਨੂੰ ਮੈਂ ਤਰਜ਼ੀਹ ਨਹੀਂ ਦਿੰਦਾ। ਇਹ ਤੇ ਸਭ ਬੱਚਿਆਂ ਵਾਲੀਆਂ ਗੱਲਾਂ ਨੇ। ਬੱਚੇ ਨੂੰ ਪੜ੍ਹਾਉਣਾ ਹੋਵੇ, ਤਾਂ ਊੜਾ ਊਠ, ਐੜਾ ਅੰਬ ਤੇ ਇਸ ਤਰ੍ਹਾਂ ਦੀਆਂ ਤੱਸਵੀਰਾਂ ਬਣਾਉਣੀਆਂ ਪੈਂਦੀਆਂ ਨੇ। ਬਈ ਚਾਕੂ ਦੇਖ ਕੇ ਇਸ ਨੂੰ ਚਚਾ ਯਾਦ ਆ ਜਾਏਗਾ। ਕਲਮ ਦੇਖ ਕੇ ਕੱਕੇ ਦਾ ਖ਼ਿਆਲ ਆ ਜਾਏ। ਹੁਣ ਚਾਰ ਪੰਜ ਸਾਲ ਦੇ ਬੱਚੇ ਨੂੰ ਪੜ੍ਹਾਉਣਾ ਹੋਵੇ, ਤਾਂ ਤੇ ਠੀਕ ਹੈ। ਉਹ ਵੀ ਇਕ ਦੋ ਮਹੀਨੇ, ਪਰ ਸੱਤਰ ਅੱਸੀ ਸਾਲ ਦਾ ਬੁੱਢਾ ਵੀ ਊੜਾ ਊਠ ਪੜ੍ਹੇ ਫਿਰ ਤਾਂ ਕਹਿਣਾ ਪਵੇਗਾ ਇਹ ਸਰੀਰ ਕਰਕੇ ਜ਼ਰੂਰ ਬੁੱਢਾ ਹੋ ਗਿਆ ਹੈ, ਅਕਲ ਕਰਕੇ ਬੱਚੇ ਦਾ ਬੱਚਾ ਹੀ ਹੈ। ਇਸ ਮਨੁਖ ਦੀ ਅਕਲ ਵਿਕਸਿਤ ਹੋਈ ਹੈ ਸਿਰਫ ਸਮਾਜਿਕ ਤਲ ਤੇ, ਰਾਜਨੀਤਿਕ ਤਲ ਤੇ, ਆਰਥਿਕ ਤਲ ਤੇ। ਧਨ ਕਮਾਉਣ ਵਿਚ ਜ਼ਰੂਰ ਚਾਲਾਕ ਹੋ ਗਿਆ ਹੈ, ਸਿਆਣਾ ਹੋ ਗਿਆ ਹੈ ਪਰ ਧਰਮ ਦੀ ਦੁਨੀਆਂ ਵਿਚ ਮੂੜ੍ਹ ਦਾ ਮੂੜ੍ਹ ਹੈ। ਓਥੇ ਇਸ ਦੀ ਅਕਲ ਨੇ ਵਿਕਾਸ ਨਹੀਂ ਕੀਤਾ, ਕਿਉਂਕਿ ਓਥੇ ਇਸ ਨੇ ਅਕਲ ਲਾਈ ਹੀ ਨਹੀਂ। ਇਸ ਵਾਸਤੇ ਧਰਮ ਦੀ ਦੁਨੀਆਂ ਵਿਚ ਤੇ ਫੋਕਾ ਕਰਮ ਕਾਂਡੀ ਹੈ। ਕਰਮ ਕਾਂਡੀਆਂ ਦੀ ਬਹੁਤ ਵੱਡੀ ਭੀੜ ਹੈ। ਕਰਮ ਕਾਂਡ ਸੰਸਕਾਰਾਂ ਵਿਚ ਰਮ ਗਿਆ ਹੈ। ਸੁਭਾਓ ਬਣ ਗਿਆ ਹੈ। ਐਸਾ ਕਰਦਾ ੨ ਮਨੁਖ ਬੁੱਢਾ ਹੋ ਜਾਂਦਾ ਹੈ। ਮੈਂ ਜੋ ਸਾਰੇ ਅਵਤਾਰਾਂ ਦਾ ਇਤਿਹਾਸ ਪੜ੍ਹਿਆ ਹੈ। ੯੯ ਫ਼ੀਸਦੀ ਜਿਨ੍ਹਾਂ ਲੋਕਾਂ ਨੇ ਅਵਤਾਰਾਂ ਦੀ ਮੁਖ਼ਾਲਫ਼ਤ ਕੀਤੀ ਤੇ ਸਜ਼ਾਵਾਂ ਦਿੱਤੀਆਂ ਉਹ ਬੁੱਢੇ ਹੀ ..ਨ। ਜਵਾਨ ਤੇ ਸਹਿਮਤ ਹੋਏ, ਕਿਤੇ ਕਿਤੇ ਬੱਚੇ ਵੀ ਸਹਿਮਤ ਹੋਏ ਪਰ ਬੁੱਢਿਆਂ ਨੇ ਤੇ ਰੱਜ ਕੇ ਮੁਖ਼ਾਲਫ਼ਤ ਕੀਤੀ। ਜੋ ਬੁੱਢੇ ਹੋ ਚੁਕੇ ਸਨ ਬ੍ਰਾਹਮਣ, ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਭੂਤਨਾ ਬੇਤਾਲਾ ਕਹਿਆ, ਕੁਰਾਹੀਆ ਕਹਿਆ।

ਜੋ ਬੱਢੇ ਮੁਨਸਫ਼ ਸਨ ਤੇ ਬੁੱਢੇ ਧਾਰਮਿਕ ਮਿਸ਼ਨਰੀ ਸਨ,ਪਾਦਰੀ (priest) ਸਨ, ਉਹਨਾਂ ਨੇ ਹੀ ਈਸਾ ਨੂੰ ਸੂਲੀ ਤੇ ਚਾੜ੍ਹਿਆ। ਇਹਨਾਂ ਵਿਚ ਜਵਾਨ ਨਹੀਂ ਸਨ। ਮੁਹੰਮਦ ਸਾਹਿਬ ਦੇ ਸਮੇਂ, ਜਵਾਨ ਤਾਂ ਉਹਨਾਂ ਨਾਲ ਚਲਣ ਲਗ ਪਏ ਸਨ, ਜਵਾਨ ਤੇ ਸਹਿਮਤ ਹੋ ਗਏ ਸਨ। ਜਵਾਨਾਂ ਨੇ ਕਿਧਰੇ ੨ ਧੰਨ ਗੁਰੂ ਨਾਨਕ ਦੇਵ ਜੀ ਦੀ ਗੱਲ ਨੂੰ ਕਬੂਲਿਆ। ਬਗ਼ਦਾਦ ਦੇ ਵਿਚ ਜਿਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪੱਥਰ ਮਾਰੇ ਸਨ, ਉਹ ਬੁੱਢੇ ਮੌਲਾਣੇ ਹੀ ਸਨ। ਕਾਰਣ? ਬਚਪਨ ਦੇ ਵਿਚ ਇਕ ਧਾਰਮਿਕ ਕਰਮ ਪਕੜਾਇਆ ਗਿਆ। ਬੱਸ ਉਸੇ ਨੂੰ ਦੁਹਰਾਉਂਦੇ ਰਹੇ। ਉਸ ਦੇ ਨਾਲ ਹਿਰਦਾ ਤਾਂ ਜੁੜਿਆ ਨਹੀਂ। ਹਿਰਦੇ ਦੀ ਗੰਢ ਤੇ ਖੁਲ੍ਹੀ ਨਹੀਂ। ਬੁਢੇਪੇ ਤਕ ਪਹੁੰਚਦਿਆਂ ੨ ਉਹ ਕਰਮ ਕਾਂਡ ਸਿਰ ਦਾ ਬੋਝ ਬਣ ਕੇ ਰਹਿ ਗਿਆ, ਹੋਰ ਕੁਛ ਵੀ ਨਹੀਂ। ਨਾ ਕੋਈ ਰਸ, ਨਾ ਕੋਈ ਆਨੰਦ, ਨਾ ਕੋਈ ਦੈਵੀ

ਗੁਣ। ਇਹਨਾਂ ਦੇ ਕਰਮ ਕਾਂਡ ਤੋਂ ਜਦ ਕੁਛ ਥੋੜਾ ਜਿਹਾ ਉਲਟ ਹੁੰਦਾ ਹੈ। ਜੈਸੇ ਯਾਤਰਾ ਹੈ ਸਰੀਰ ਦੀ, ਜਵਾਨ ਓਹੀ ਹੁੰਦਾ ਹੈ ਜੋ ਬਚਪਨਾ ਛੋੜ ਦਿੰਦਾ ਹੈ। ਬੁੱਢਾ ਓਹੀ ਹੁੰਦਾ ਹੈ, ਜਿਸ ਦੀ ਜਵਾਨੀ ਪਿੱਛੇ ਰਹਿ ਜਾਂਦੀ ਹੈ। ਇਹ ਤੇ ਰੱਬੀ ਨਿਯਮ ਹੈ। ਯਾਤਰਾ ਵਿਚ ਕੀ ਹੁੰਦਾ ਹੈ ਇਕ ਪੜਾਉ ਆਇਆ, ਛੋੜਿਆ। ਦੂਜਾ ਪੜਾਉ ਆਇਆ, ਛੋੜਿਆ। ਇਸੇ ਤਰ੍ਹਾਂ ਚੌਥਾ ਪੰਜਵਾਂ ਪਰ ਧਰਮ ਦੀ ਦੁਨੀਆ ਵਿਚ ਮਨੁਖ ਇਸ ਤਰ੍ਹਾਂ ਨਹੀਂ ਕਰਦਾ। ਜਿਹੜਾ ਇਕ ਪੜਾਉ ਪਕੜਿਆ ਹੈ, ਬਸ ਪਕੜਿਆ ਹੈ ਤੇ ਇੱਥੇ ਹੀ ਰਹਿਣਾ ਹੈ, ਜਾਣਾ ਹੀ ਨਹੀਂ। ਪੜਾਉ ਨੂੰ ਪਕੜ ਕੇ ਬੈਠ ਜਾਣਾ ਹੈ। ਐਸੇ ਮਨੁਖ ਬੜੇ ਕਠੋਰ ਹੋ ਜਾਂਦੇ ਨੇ। ਜੈਸੇ ਰੁਕਿਆ ਹੋਇਆ ਪਾਣੀ ਬੜਾ ਬਦਬੂਦਾਰ ਹੋ ਜਾਂਦਾ ਹੈ, ਐਸੇ ਹੀ ਬਦਬੂਦਾਰ ਹੋ ਜਾਂਦੇ ਨੇ। ਆਪ ਪੜ੍ਹ ਕੇ ਹੈਰਾਨ ਹੋਵੋਗੇ ਕਿ ਸੂਬਾ ਸਰਹੰਦ ਦਾ ਨਵਾਬ, ਵਜ਼ੀਦ ਖਾਂ, ਸਤਿਗੁਰਾਂ ਦੇ ਬਚਿਆਂ ਨੂੰ ਵੇਖ ਕੇ ਕਹਿਣ ਲੱਗਾ, ਇਹ ਤੇ:-

ਮਾਸੂਮ ਅਸਤ

ਇਹ ਤੇ ਬਹੁਤ ਛੋਟੇ ਨੇ। ਇਸ ਦਾ ਮਤਲਬ ਜਿਹੜੀਆਂ ਉਸ ਨੂੰ ਰਿਪੋਰਟਾਂ ਦਿੱਤੀਆਂ ਗਈਆਂ ਉਸ ਦੇ ਮੁਤਾਬਿਕ ਤੇ ਜਵਾਨ ਹੋਣਗੇ। ਪੇਸ਼ ਕੀਤੇ ਗਏ ਤੇ ਕਹਿਣ ਲੱਗਾ ਇਹ ਤੇ ਬਿਲਕੁਲ ਮਾਸੂਮ ਨੇ। ਹੁਣ ਜੋ ਦੋ ਧਾਰਮਿਕ ਬੰਦੇ ਬੈਠੇ ਸਨ, ਬੁੱਢੇ ਸਨ। ਇਕ ਕਾਜ਼ੀ ਤੇ ਇਕ ਦੀਵਾਨ ਸੁੱਚਾਨੰਦ। ਦੀਵਾਨਗੀ ਦੇ ਔਹਦੇ ਨੂੰ ਪ੍ਰਾਪਤ ਕੀਤਾ, ਬੁਢੇਪੇ ਵਿਚ। ਪੱਕੇ ਕਰਮ-ਕਾਂਡੀ। ਸਵੇਰੇ ਸ਼ਾਮ ਪਾਠ ਕਰਨ ਵਾਲਾ, ਕਰਮ ਕਾਂਡ ਕਰਨ ਵਾਲਾ, ਹਿਰਦਾ ਨਹੀਂ ਜੁੜਿਆ। ਉਮੰਗ ਤੇ ਉਤਸ਼ਾਹ ਨਹੀਂ। ਹਰ ਧਾਰਮਿਕ ਕਰਮ ਫੋਕਾ ਕਰਮ ਕਾਂਡ ਬਣ ਜਾਂਦਾ ਹੈ। ਦੀਵਾਨ ਸੁੱਚਾਨੰਦ, ਸੂਬਾ ਸਰਹੰਦ ਨੂੰ ਕਹਿੰਦਾ ਹੈ:-

ਈ ਮਾਸੂਮ ਨੀਸਤ, ਈ ਫ਼ਰਜ਼ੰਦੇ ਮਾਰਸਤ।

ਇਹ ਮਾਸੂਮ ਨਹੀਂ ਨੇ, ਇਹ ਸੱਪ ਦੇ ਬੱਚੇ ਨੇ। ਇਹੀ ਸ਼ਬਦ ਲਿਖੇ ਹੋਏ ਨੇ। ਵੱਡੇ ਹੋ ਕੇ ਡੰਗ ਮਾਰਨ, ਇਹਨਾਂ ਦਾ ਸਿਰ ਅੱਜ ਹੀ ਕੁਚਲ ਦੇਣਾ ਚਾਹੀਦਾ ਹੈ। ਇਹ ਕਹਿਣ ਵਾਲਾ ਬੁੱਢਾ ਹੈ। ਨਵਾਬ ਕਹਿੰਦਾ, ਸ਼ਰਾ ਇਜਾਜ਼ਤ ਨਹੀਂ ਦਿੰਦੀ। ਮੁਹੰਮਦ ਸਾਹਿਬ ਦੇ ਬੋਲ ਨੇ, ਐਹ ਮੁਸਲਮਾਨ, ਤੇਰੇ ਹੱਥੋਂ ਨਾਬਾਲਗ਼ ਦਾ ਖ਼ੂਨ ਜ਼ਮੀਨ ਤੇ ਨਹੀਂ ਗਿਰਨਾ ਚਾਹੀਦਾ ਔਰ ਇਸਤ੍ਰੀ ਦਾ ਖ਼ੂਨ ਵੀ ਜ਼ਮੀਨ ਤੇ ਨਹੀਂ ਗਿਰਨਾ ਚਾਹੀਦਾ। ਖ਼ੁਦਾ ਮੁਆਫ਼ ਨਹੀਂ ਕਰੇਗਾ। ਤੇ ਸੂਬਾ ਸਰਹੰਦ ਵਜ਼ੀਦ ਖ਼ਾਂ ਕਹਿੰਦਾ ਹੈ ਇਹ ਤੇ ਖ਼ੂਨ ਡੁਲ੍ਹੇਗਾ। ਹੁਣ ਅੱਗੋਂ ਕਾਜ਼ੀ ਆ ਗਿਆ, ਬਗ਼ਲ ਦੇ ਵਿਚ ਕੁਰਾਨ ਸ਼ਰੀਫ਼ ਹੈ, ਹੱਥ ਵਿਚ ਲੰਬੀ ਚੌੜੀ ਤਸਬੀ ਹੈ, ਪੰਜ ਵਕਤ ਨਮਾਜ਼ ਵੀ ਪੜ੍ਹਦਾ ਹੈ, ਰਮਜ਼ਾਨ ਦੇ ਮਹੀਨੇ ਰੋਜ਼ੇ ਵੀ ਪੂਰੇ ਰਖਦਾ ਹੈ। ਹੱਜ ਵੀ ਕਰਕੇ ਆਇਆ ਹੈ, ਜ਼ਕਾਤ ਵੀ ਦਿੰਦਾ ਹੈ। ਦੋ ਵਖ਼ਤ ਕੁਰਾਨ ਦੀ ਤਲਾਵਤ ਵੀ ਕਰਦਾ ਹੈ। ਉਹ ਕਹਿੰਦਾ ਹੈ ਨਵਾਬ ਸਾਹਿਬ ਖ਼ੂਨ ਡੋਲ੍ਹਣ ਦੀ ਕੀ ਲੋੜ ਹੈ, ਨਹੀਂ ਡੋਲਦੇ। ਇਹਨਾਂ ਦੋਹਾਂ ਨੂੰ ਦਿਵਾਰਾਂ ਵਿਚ ਚਿਣ ਦਿੰਦੇ ਹਾਂ, ਗੱਲ ਖ਼ਤਮ। ਇਹ ਫ਼ੈਸਲਾ ਕਾਜ਼ੀ ਦਾ ਹੈ। ਇਸ ਦਾ ਇਹ ਉੱਪਰ ਆਇਆ ਸਾਰਾ ਧਾਰਮਿਕ ਕਰਮ (ਕਰਮ ਕਾਂਡ) ਸਿਰ ਦਾ ਬੋਝ ਬਣ ਕੇ ਰਹਿ ਗਿਆ, ਹਿਰਦਾ ਤੇ ਨਾ ਜੁੜਿਆ। ਕੀ ਐਸਾ ਬਿਰਧ ਇਹ ਗੁਰੂ ਗੋਬਿੰਦ ਸਿੰਘ ਜੀ ਨਾਲ ਸਹਿਮਤ ਹੋ ਸਕਦਾ ਹੈ?

ਸਹਿਮਤ ਹੋਣਾ ਤੇ ਇਕ ਪਾਸੇ, ਬੜੀਆਂ ੨ ਸਜ਼ਾਵਾਂ ਇਹਨਾਂ ਬੁੱਢਿਆਂ ਨੇ ਤਜਵੀਜ਼ ਕੀਤੀਆਂ। ਹਾਂ, ਇਹ ਚਿਣਗਾਰੀ, ਇਹ ਨਵੀਨਤਾ, ਧਰਮ ਦੀ ਸੂਝ, ਕਿਧਰੇ ਜਵਾਨੀ ਵਿਚ ਅੰਦਰ ਪੈਦਾ ਹੋ ਜਾਏ ਫਿਰ ਇਹ ਨਹੀਂ ਬੁਝਦੀ। ਤਾਂ ਹੀ ਤੇ ਗੁਰਬਾਣੀ ਐਸਾ ਕਹਿੰਦੀ ਹੈ:-

ਗੁਰਮੁਖਿ ਬੁਢੇ ਕਦੇ ਨਾਹੀ...॥{ਅੰਗ ੧੪੧੮}

ਇਹਨਾਂ ਦੇ ਅੰਦਰ ਦੀਪਕ ਜਲ ਗਿਆ ਹੈ।

ਜਿਨ੍ਾ ਅੰਤਰਿ ਸੁਰਤਿ ਗਿਆਨੁ॥

ਜਿੰਨ੍ਹਾਂ ਦਾ ਗਿਆਨ ਰੋਜ਼ ੨ ਵੱਧ ਰਿਹਾ ਹੈ। ਜਿੰਨ੍ਹਾਂ ਦੀ ਸੁਰਤ, ਸਮਝ ਰੋਜ਼ ੨ ਉਚੀ ਹੋ ਰਹੀ ਹੈ। ਇਹ ਬੁੱਢੇ ਨਹੀਂ ਹਨ। ਜਿਨ੍ਹਾ ਦਾ ਚੇਤਾ ਕੰਮਜ਼ੋਰ ਨਹੀਂ ਹੋ ਰਿਹਾ, ਰੋਜ਼ ੨ ਚੇਤੇ ਸ਼ਕਤੀ ਵੱਧ ਰਹੀ ਹੈ, ਸਮਝ ਵੱਧ ਰਹੀ ਹੈ, ਰੋਜ਼ ਇਹਨਾਂ ਦਾ ਅਨੁਭਵ ਵੱਧ ਰਿਹਾ ਹੈ, ਇਹਨਾਂ ਨੂੰ ਬੁੱਢਾ ਆਖਣ ਦੀ ਕੀ ਲੋੜ ਹੈ:-

ਮਨਮੁਖੁ ਬਾਲਕੁ ਬਿਰਧਿ ਸਮਾਨਿ ਹੈ...॥{ਅੰਗ ੧੪੧੮}

ਮਨ ਦੇ ਅਧੀਨ ਚਲਣ ਵਾਲਾ ਤੇ ਕਰਮ ਕਾਂਡ ਵਿਚ ਫਸ ਗਿਆ ਹੈ। ਇਹ ਅਗਰ ਨਾਬਾਲਗ ਬੱਚਾ ਵੀ ਹੈ, ਤੇ ਬਸ ਜ਼ਰ-ਜ਼ਰਾ ਹੀ ਹੈ, ਬੁੱਢੇ ਦੇ ਸਮਾਨ ਹੈ। ਗੁਰਬਾਣੀ ਤੇ ਇੰਝ ਆਖਦੀ ਹੈ। ਹੁਣ ਵੀ ਮੈਂ ਜਦ ਜਗਤ ਵਿਚ ਦੇਖਦਾ ਹਾਂ, ਥੋੜੀ ਬਹੁਤ ਅਗਰ ਕੋਈ ਸਚਾਈ ਪ੍ਰਗਟ ਕਰੇ, ਅਵਲਨ ਤੇ ਕਰਦੇ ਹੀ ਨਹੀਂ ਕਿਉਂਕਿ ਜਿਹੜੀ ਭੀੜ ਹੈ, ਉਹ ਤੇ ਸਾਰੀ ਕਰਮ-ਕਾਂਡੀਆਂ ਦੀ ਹੈ। ਗੱਲ ਨੂੰ ਸਮਝਦੇ ਨਹੀਂ, ਪਕੜਦੇ ਨਹੀਂ। ਹੁਣ ਜਿਹੜਾ ਇਹ ਪੁੱਛਦਾ ਹੈ ਕਿ ਅਸੀਂ ਯੂਰਪ (Europe) ਵਿਚ ਰਹਿੰਦੇ ਹਾਂ। ਇੱਥੇ ਜਦ ਅੰਮ੍ਰਿਤ ਵੇਲਾ ਹੁੰਦਾ ਹੈ, ਸਾਡੇ ਇੱਥੇ ਹੁੰਦਾ ਨਹੀਂ ਤੇ ਫਿਰ ਕੀ ਕਰੀਏ, ਜਿਸਨੂੰ ਇਤਨੀ ਵੀ ਸਮਝ ਨਹੀਂ, ਫ਼ਜ਼ੂਲ ਦਾ ਸਵਾਲ ਪਿਆ ਕਰਦਾ ਹੈ।

ਕਦੇ ਕਦਾਈਂ ਜਗਤ ਵਿਚ ਅਵਤਾਰ ਆਉਂਦੇ ਨੇ, ਮਾਸੂਮ ਬੱਚੇ ਤੇ ਕਿਧਰੇ ੨ ਸਹਿਮਤ ਹੋ ਜਾਂਦੇ ਨੇ, ਜਵਾਨ ਵੀ ਹੋ ਜਾਂਦੇ ਨੇ ਪਰ ਬੁੱਢਾ, ਪੁਰਾਣਾ ਕਰਮ-ਕਾਂਡੀ ਇਹ ਮੁਖ਼ਾਲਫ਼ਤ ਤੇ ਆ ਜਾਂਦਾ ਹੈ। ਜਿੰਨ੍ਹਾ ੨ ਬੇਦੀਆਂ ਨੇ ਗੁਰੂ ਨਾਨਕ ਦੇਵ ਜੀ ਦੀ ਮੁਖ਼ਾਲਫ਼ਤ ਕੀਤੀ, ਜਵਾਨ ਨਹੀਂ ਸਨ, ਬਲਕਿ ਬੁੱਢੇ ਸਨ। ਜਿੰਨ੍ਹਾ ਬ੍ਰਾਹਮਣਾਂ ਨੇ ਕੀਤੀ ਕਰਮ-ਕਾਂਡ ਕਰਦੇ ੨ ਉਹ ਬੁੱਢੇ ਹੋ ਗਏ ਸਨ। ਬੀਜ ਸੜ ਗਿਆ ਸੀ। ਪਾਣੀ ਰੁਕਣ ਕਾਰਣ ਸਰੋਵਰ ਗੰਦਲਾ ਹੋ ਗਿਆ ਸੀ, ਬਦਬੂਦਾਰ ਹੋ ਚੁੱਕਿਆ ਸੀ। ਬਹਾਉ ਤੇ ਰੁਕਿਆ ਹੋਇਆ ਸੀ। ਗਿਆਨ ਰੁਕ ਜਾਏ, ਅਗਿਆਨ ਨਾਲੋਂ ਭੈੜਾ ਹੁੰਦਾ ਹੈ। ਸਮਝ ਰੁਕ ਜਾਏ ਮਨੁਖ ਬੜਾ ਸੈਤਾਨ ਤੇ ਕਠੋਰ ਹੋ ਜਾਂਦਾ ਹੈ। ਪਰਮਾਤਮਾ ਦਾ ਨਾਮ ਜਪਣ ਵਾਲੇ ਦੀ ਸਮਝ ਰੁਕਦੀ ਨਹੀਂ। ਅਨੁਭਵ ਰੁਕੇਗਾ ਨਹੀਂ, ਰੋਜ਼ ੨ ਵਧੇਗਾ:-

ਦਿਨੁ ਦਿਨੁ ਚੜੈ ਸਵਾਇਆ
ਨਾਨਕ ਹੋਤ ਨ ਘਾਟਿ॥ {ਅੰਗ ੩੦੦}

ਇਹ ਤੇ ਵਧੇਗਾ। ਪਰ ਸਮਝ ਨੇ ਕੀ ਵਧਣਾ ਸੀ, ਸੂਝ ਬੂਝ ਨੇ ਕੀ ਵਧਣਾ ਸੀ ਇਹ ਤੇ ਕਰਮ-ਕਾਂਡ ਤੇ ਹੀ ਰੁਕ ਗਏ। ਸਰੀਰਕ ਕਰਮ ਤੇ ਹੀ ਰੁਕ ਗਏ। ਰਸ ਤੇ ਕੁਛ ਮਿਲਿਆ ਨਾ, ਆਨੰਦ ਤੇ ਕੁਛ ਪੈਦਾ ਨਾ ਹੋਇਆ, ਦੀਪਕ ਤੇ ਜਲਿਆ ਨਾ। ਜਿਵੇਂ ਗੁਰਬਾਣੀ ਵਿਚ ਆਉਂਦਾ ਹੈ:-

ਅੰਧਿਆਰੇ ਦੀਪਕੁ ਚਹੀਐ॥{ਅੰਗ ੬੫੫}

ਫਿਰ ਗੁਰਬਾਣੀ ਇਹ ਵੀ ਕਹਿੰਦੀ ਹੈ।

ਕਿਆ ਪੜੀਐ ਕਿਆ ਗੁਨੀਐ॥
ਕਿਆ ਬੇਦ ਪੁਰਾਨਾਂ ਸੁਨੀਐ॥

ਇਸ ਦੇ ਨਾਲ ਕੀ ਹੋਣਾ ਹੈ:-

ਪੜੇ ਸੁਨੇ ਕਿਆ ਹੋਈ॥
ਜਉ ਸਹਜ ਨ ਮਿਲਿਓ ਸੋਈ॥੧॥
ਹਰਿ ਕਾ ਨਾਮ ਨ ਜਪਸਿ ਗਵਾਰਾ॥ ਕਿਆ ਸੋਚਹਿ ਬਾਰੰਬਾਰਾ॥੧॥ਰਹਾਉ॥
ਅੰਧਿਆਰੇ ਦੀਪਕੁ ਚਹੀਐ॥

ਬੁਝਿਆ ਹੋਇਆ ਤੇਰਾ ਦੀਵਾ ਹੈ, ਤੇ ਤੂੰ ਪਾਠ ਕਰਦਾ ਪਿਆ ਕਰਦਾ ਹੈਂ। ਇਹ ਦੀਪਕ ਤੇ ਜਲਿਆ ਨਹੀਂ:-

ਦੀਵਾ ਬਲੈ ਅੰਧੇਰਾ ਜਾਇ॥
ਬੇਦ ਪਾਠ ਮਤਿ ਪਾਪਾ ਖਾਇ॥ {ਅੰਗ ੭੯੧}

ਜਿੱਥੇ ਦੀਪਕ ਜਲ ਜਾਂਦਾ ਹੈ ਓਥੇ ਅੰਧੇਰਾ ਨਾਸ ਹੋ ਜਾਂਦਾ ਹੈ। ਵੇਦਾਂ ਦਾ ਪਾਠ, ਧਰਮ ਗ੍ਰੰਥਾਂ ਦਾ ਪਾਠ, ਪਾਪਾਂ ਨੂੰ ਇੰਝ ਖਾ ਜਾਂਦਾ ਹੈ, ਜਿਵੇਂ ਬਲਦਾ ਹੋਇਆ ਦੀਪਕ ਹਨੇਰੇ ਨੂੰ ਖਾ ਜਾਂਦਾ ਹੈ। ਤੂੰ ਪਾਠ ਕਰਕੇ ਵੀ ਪਾਪੀ, ਅਨਰਥ ਪਿਆ ਕਰਦਾ ਹੈਂ। ਤੂੰ ਪਾਠ ਕਰਕੇ ਵੀ ਅਸ਼ੁਭ ਕਰਮ ਪਿਆ ਕਰਦਾ ਹੈਂ, ਕੌੜਾ ਪਿਆ ਬੋਲਦਾ ਹੈਂ। ਤੂੰ ਪਾਠ ਕਰਕੇ ਵੀ ਬੇਈਮਾਨੀ ਪਿਆ ਕਰਦਾ ਹੈਂ। ਤੇ ਇਹ ਗੱਲ ਸਪਸ਼ਟ ਹੋ ਗਈ, ਇਹ ਪਾਠ ਕਰਨਾ ਤੇਰੇ ਲਈ ਕਰਮ-ਕਾਂਡ ਹੈ, ਹੋਰ ਕੁਛ ਵੀ ਨਹੀਂ:-

ਅੰਧਿਆਰੇ ਦੀਪਕੁ ਚਹੀਐ॥

ਇਸ ਪਾਠ ਨਾਲ ਤੇ ਤੂੰ ਹਿਰਦਾ ਜੋੜਿਆ ਹੀ ਨਹੀਂ ਫਿਰ ਹਿਰਦੇ ਵਿਚ ਪਰਿਵਰਤਨ ਕਿਵੇਂ ਆਵੇ। ਕਰਦਾ ਰਹਿ। ਅਕਸਰ ਮਿਲਦੇ ਰਹਿੰਦੇ ਨੇ ਇਸ ਤਰ੍ਹਾਂ ਦੇ ਸੱਜਣ, ਗਿਆਨੀ ਜੀ ਅਸੀਂ ਤੇ ਸੁਖਮਨੀ ਸਾਹਿਬ ਦੇ ਤਿੰਨ ਪਾਠ ਰੋਜ਼ ਕਰਦੇ ਹਾਂ। ਮੈਂ ਉਹਨਾਂ ਨੂੰ ਕਹਿ ਦਿੰਦਾ ਹੁੰਦਾ ਹਾਂ ਬਈ ਚਿਹਰੇ ਦੇ ਉੱਪਰ ਤੇ ਇਕ ਪੰਗਤੀ ਦੀ ਵੀ ਝਲਕ ਨਹੀਂ ਹੈ, ਕੀ ਹੋਇਆ ਤਿੰਨ ਪਾਠ ਕਰਦੇ ਹੋ:-

ਅੰਧਿਆਰੇ ਦੀਪਕੁ ਚਹੀਐ॥ ਇਕ ਬਸਤੁ ਅਗੋਚਰ ਲਹੀਐ॥
ਬਸਤੁ ਅਗੋਚਰ ਪਾਈ॥ ਘਟਿ ਦੀਪਕੁ ਰਹਿਆ ਸਮਾਈ॥
ਕਹਿ ਕਬੀਰ ਅਬ ਜਾਨਿਆ॥ ਜਬ ਜਾਨਿਆ ਤਉ ਮਨੁ ਮਾਨਿਆ॥
ਮਨ ਮਾਨੇ ਲੋਗੁ ਨ ਪਤੀਜੈ॥ {ਅੰਗ ੬੫੫-੫੬}

ਪਰ ਹੁਣ ਜੋ ਮੇਰੀ ਅਵਸਥਾ ਬਣ ਗਈ ਹੈ, ਦੁਨੀਆਂ ਖ਼ੁਸ਼ ਨਹੀਂ, ਪਤੀਜਦੀ ਨਹੀਂ। ਕਬੀਰ ਕਹਿ ਰਹੇ ਨੇ। ਕਾਰਣ? ਇਹਨਾਂ ਕਰਮ-ਕਾਂਡੀਆਂ ਦਾ ਹੁਣ ਤਾਲਮੇਲ ਨਹੀਂ ਬੈਠੇਗਾ। ਉਹ ਤੇ ਰੋਜ਼ ਪੜ੍ਹਦੇ ਪਏ ਨੇ, ਸੁਣਦੇ ਪਏ ਨੇ ਅਤੇ ਸੁਣਾਉਂਦੇ ਪਏ ਨੇ, ਹਿਰਦਾ ਤੇ ਨਾਲ ਜੋੜਦੇ ਨਹੀਂ। ਉਹ ਕਬੀਰ ਨੂੰ ਕਿਸ ਤਰ੍ਹਾਂ ਬਰਦਾਸ਼ਤ ਕਰ ਲੈਣ। ਕਬੀਰ ਹੋਰ ਚੋਟ ਪਏ ਕਰਦੇ ਨੇ:-

ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ॥
ਓਇ ਲੇ ਜਾਰੇ ਓਇ ਲੇ ਗਾਡੇ ਤੇਰੀ ਗਤਿ ਦੁਹੂ ਨ ਪਾਈ॥੧॥
ਮਨ ਰੇ ਸੰਸਾਰੁ ਅੰਧ ਗਹੇਰਾ॥
ਚਹੁ ਦਿਸ ਪਸਰਿਓ ਹੈ ਜਮ ਜੇਵਰਾ॥੧॥ ਰਹਾਉ॥ {ਅੰਗ ੬੫੪}

ਇਹ ਤੇ ਦੋਵੇਂ ਹੀ ਅੰਧੇ ਨੇ। ਦੋਨੋਂ ਅੰਧੇਰੇ ਵਿਚ ਭਟਕਦੇ ਪਏ ਨੇ। ਕਿਸ ਤਰ੍ਹਾਂ ਬਰਦਾਸ਼ਤ ਕਰਨਗੇ। ਸਾਰੇ ਬਨਾਰਸ ਵਿਚ ਬ੍ਰਾਹਮਣੀ ਸਮਾਜ ਅਤੇ ਮੁਸਲਮਾਨ ਸਮਾਜ ਖਿਲਾਫ਼ ਹੋ ਗਿਆ। ਇਹਨਾਂ ਖਿਲਾਫ਼ਤ ਕਰਨ ਵਾਲਿਆਂ ਵਿਚ ਜ਼ਿਆਦਾ ਤਾਦਾਦ ਬੁੱਢਿਆਂ ਕਰਮ-ਕਾਂਡੀਆਂ ਦੀ ਸੀ। ਬੁਢੇਪੇ ਵਿਚ ਇਕ ਸ਼ਕਤੀ ਹੱਥ ਆ ਜਾਂਦੀ ਹੈ, ਪ੍ਰਭੁਤਾ। ਹੁਣ ਵੀ ਕਦੇ ਸੰਸਾਰ ਦਾ ਇਤਿਹਾਸ ਪੜ੍ਹੋਗੇ ਤਾਂ, ੯੭ ਫ਼ੀ ਸਦੀ ਦੁਨੀਆਂ ਦੇ ਰਾਜਨੀਤਕ ਜੋ ਰਾਜ ਪਏ ਕਰਦੇ ਨੇ ਬੁੱਢੇ ਨੇ। ਸਿਰਫ ਤਿੰਨ ਫ਼ੀ ਸਦੀ ਜਵਾਨ ਨੇ, ਬਾਕੀ ਬੁੱਢੇ ਨੇ। ਸਾਡੇ ਦੇਸ਼ ਵਿਚ ਤੇ ਕਈ ਇਸ ਤਰ੍ਹਾਂ ਦੇ ਬੁੱਢੇ ਨੇ ਚਾਰ ੨ ਬੰਦੇ ਚੁੱਕ ਕੇ ਕੁਰਸੀ ਤੇ ਬਿਠਾਉਂਦੇ ਨੇ ਅਤੇ ਚਾਰ ੨ ਬੰਦੇ ਉਤਾਰਦੇ ਨੇ ਪਰ ਉਹਨਾਂ ਕੁਰਸੀ ਨਹੀਂ ਛਡਣੀ। ਹੱਥ ਪੈਰ ਭਾਵੇਂ ਕੰਬਦੇ ਪਏ ਨੇ। ਪਰ ਇਤਨੀ ਤਾਕਤ ਕਿਸ ਤਰ੍ਹਾਂ ਆ ਗਈ? ਬੜੇ ਚਾਲਾਕ ਹੋ ਜਾਂਦੇ ਨੇ। ਜਵਾਨ ਰਹਿ ਜਾਂਦੇ ਨੇ, ਬੁੱਢਿਆਂ ਨੂੰ ਦਾਉ ਪੇਚ ਬੜੇ ਆਉਂਦੇ ਨੇ। ਹੈਰਾਨਗੀ ਦੀ ਗੱਲ, ਬਿਰਧ ਅਵਸਥਾ ਵਿਚ ਪ੍ਰਭੂ ਦੀ ਭੁੱਖ ਨ ਹੋਵੇ, ਪ੍ਰਭੁਤਾ ਦੀ ਭੁੱਖ ਹੋਵੇ। ਫਿਰ ਜ਼ਿੰਦਗੀ ਤੇ ਅਜਾਂਈ ਚਲੀ ਗਈ। ਹੋਰ ਕੀ ਹੈ, ਹੋਰ ਕੁਛ ਵੀ ਨਹੀਂ। ਪਦਾਰਥਾਂ ਦੀ ਭੁੱਖ ਹੈ, ਪਰਮਾਤਮਾ ਦੀ ਭੁੱਖ ਨਹੀਂ। ਇਹ ਲੋਗ ਕਿਸ ਤਰ੍ਹਾਂ ਭਗਤਾਂ ਤੇ ਅਵਤਾਰਾਂ ਨਾਲ ਸਹਿਮਤ ਹੋਣਗੇ। ਜਿੰਨੇ ਭਗਤ ਬੈਠੇ ਨੇ, ਇਹਨਾਂ ਸਾਰਿਆਂ ਦੀ ਭਗਤਮਾਲਾ ਵਿਚ ਕਥਾ ਪੜ੍ਹ ਲੈਣਾ। ਲੋਗਾਂ ਨੇ ਕੋਈ ਸਨਮਾਨ ਨਹੀਂ ਦਿੱਤਾ। ਕਿਸੇ ਨੂੰ ਪੱਥਰ ਮਾਰੇ ਨੇ ਅਤੇ ਕਿਸੇ ਤੇ ਤਰ੍ਹਾਂ ੨ ਦੀਆਂ ਤੋਹਮਤਾਂ ਲਾਈਆਂ ਨੇ। ਆਮ ਤੌਰ ਤੇ ਜਿਹੜੇ ਤਿੰਨ ਦੋਸ਼ ਹੁੰਦੇ ਨੇ:-

੧. ਕਤਲ ਦਾ, ੨. ਦੁਰਾਚਾਰ ਦਾ ੩. ਚੋਰੀ ਦਾ

ਇਹ ਤਿੰਨੇ ਇਲਜ਼ਾਮ ਕਬੀਰ ਤੇ ਵੀ ਲੱਗੇ ਨੇ। ਬਨਾਰਸ ਵਾਸੀਆਂ ਨੇ ਲਾਏ ਸਨ। ਗ਼ਜ਼ਬ ਦੀ ਗੱਲ ਪਕੜਿਆ ਵੀ ਗਿਆ, ਸਿਕੰਦਰ ਲੋਧੀ ਨੇ ਜੇਲ੍ਹ ਵਿਚ ਵੀ ਪਾਇਆ। ਚੋਰਾਂ ਨੇ ਇਕ ਸਾਧ (ਕਬੀਰ) ਵੀ ਪਕੜਵਾ ਦਿੱਤਾ, ਚੋਰ ਹੈ। ਕਾਤਲਾਂ ਨੇ ਇਕ ਨਿਰਦੋਸ਼ ਨੂੰ ਪਕੜਵਾ ਦਿੱਤਾ, ਕਾਤਲ ਹੈ। ਮਹਾਨ ਦੁਰਚਾਰੀਆਂ ਨੇ ਇਕ ਸਦਾਚਾਰੀ ਨੂੰ ਪਕੜਵਾ ਦਿੱਤਾ। ਪਰ ਕੀਤਾ ਕੀ ਜਾਏ ਉਹਨਾਂ ਬੁੱਢਿਆਂ ਕੋਲ ਤਾਕਤ ਬੜੀ ਸੀ, ਸ਼ਕਤੀ ਬੜੀ ਸੀ। ਸਿਕੰਦਰ ਲੋਧੀ ਵੀ ਬੁੱਢਾ ਹੋ ਚੁਕਿਆ ਸੀ। ਉਸ ਨੂੰ ਵੀ ਗੁੱਸਾ ਚੜ੍ਹਿਆ। ਇਹ ਇੰਝ ਕਹਿੰਦਾ ਹੈ:-

ਕਬੀਰ ਮੁਲਾਂ ਮੁਨਾਰੇ ਕਿਆ ਚਢਹਿ ਸਾਂਈ ਨ ਬਹਰਾ ਹੋਇ॥
ਜਾ ਕਾਰਨਿ ਤੂੰ ਬਾਂਗ ਦੇਹਿ ਦਿਲ ਹੀ ਭੀਤਰਿ ਜੋਇ॥੧੮੪॥
{ਅੰਗ ੧੩੭੪}

ਕੀ ਰਬ ਨੂੰ ਤੂੰ ਬਹਿਰਾ ਸਮਝਿਆ ਹੋਇਆ ਹੈ। ਐਹ ਮੁਨਾਰੇ ਤੇ ਚੜ੍ਹ ਕੇ ਕੂਕਦਾ ਪਿਆ ਹੈਂ। ਪਿੰਡ ਦਾ ਇਕ ਛੋਟਾ ਜਿਹਾ ਗੁਰਦਵਾਰਾ ਹੁੰਦਾ ਹੈ ਦਸ ੨ ਹਾਰਨ ਲਾਏ ਹੁੰਦੇ ਨੇ। ਫੋਕਾ ਕਰਮ-ਕਾਂਡ। ਗ੍ਰੰਥੀ ਤੇ ਇਕੱਲਾ ਸੁਖਮਨੀ ਸਾਹਿਬ

ਦਾ ਪਾਠ ਪਿਆ ਕਰਦਾ ਹੈ, ਸੁਣਨ ਵਾਲਾ ਤੇ ਇਕ ਵੀ ਨਹੀਂ ਹੈ। ਇਹ ਦਸ ਹਾਰਨ ਕਿਸ ਵਾਸਤੇ? ਸਾਰਾ ਪਿੰਡ ਸੁਣੇ। ਤੂੰ ਕਦੇ ਸੁਣਿਆਂ ਹੈ ਜੋ ਸਾਰਾ ਪਿੰਡ ਸੁਣੇ। ਕੋਈ ਬਿਮਾਰ ਹੋ ਸਕਦਾ ਹੈ। ਕੋਈ ਮਾਸੂਮ ਬੱਚਾ ਇਮਤਿਹਾਨ ਦੇਣ ਦੀ ਤਿਆਰੀ ਕਰ ਰਹਿਆ ਹੋਵੇਗਾ, ਪੜ੍ਹ ਰਿਹਾ ਹੋਵੇਗਾ। ਇਹਨਾਂ ਕਰਮ-ਕਾਂਡੀਆਂ ਨੇ ਇਸ ਤਰ੍ਹਾਂ ਜ਼ਬਰਦਸਤੀ ਕੀਤੀ ਹੋਈ ਹੈ, ਜੋ ਸਿਰ ਦਾ ਬੋਝ ਬਣਿਆ ਹੋਇਆ ਹੈ, ਦੂਜਿਆਂ ਦੇ ਸਿਰ ਦਾ ਬੋਝ ਬਣਾਉਂਦੇ ਨੇ। ਸਰੂਰ ਮਸਤੀ ਵਿਚ ਬਾਣੀ ਪੜ੍ਹੇ ਤੇ ਕੁਝ ਖੇਡ ਬਣੇ, ਹਿਰਦਾ ਜੋਤੇ ਤੇ ਦੀਪਕ ਜਲੇ।

ਅੰਧਿਆਰੇ ਦੀਪਕੁ ਚਹੀਐ॥
ਇਕ ਬਸਤੁ ਅਗੋਚਰ ਲਹੀਐ॥

ਸੋ ਇਸ ਤਰ੍ਹਾਂ ਸੰਤੋਖ ਦਾਸ ਧਰਮ ਦੀ ਸਾਧਨਾ ਵਿਚ ਬਹੁਤ ਅੱਗੇ ਜਾ ਚੁਕਿਆ ਸੀ। ਇਸ ਨੇ ਸੋਚਿਆ ਫਿਰ ਐਨੀ ਜ਼ਿੰਦਗੀ, ਜੰਮਣਾ ਤੇ ਮਰਣਾ। ਮੁਕਤੀ ਕਲਯੁਗ ਵਿਚ ਹੋਵੇਗੀ। ਚਲੋ ਇਸੇ ਜਨਮ ਵਿਚ ਖੇਡ ਬਣਾਉਂਦੇ ਹਾਂ, ਅਗੋਚਰ ਵਸਤੂ ਦੀ ਪ੍ਰਾਪਤੀ ਕਰਦੇ ਹਾਂ। ਪ੍ਰਾਣਾਯਾਮ ਰਾਹੀਂ ਸੁਆਸਾਂ ਨੂੰ ਰੋਕ ਲਿਆ। ਇਸ ਸਾਧਨਾ ਵਿਚ ਹੁਣ ਵੀ ਇਸ ਤਰ੍ਹਾਂ ਦੇ ਕਈ ਲੋਕ ਨੇ ਜੋ ਸਵਾਸਾਂ ਨੂੰ ਰੋਕਣ ਵਿਚ ਸਫਲ ਹੋ ਜਾਂਦੇ ਨੇ। ਸੋ ਜਿਸ ਢੰਗ ਨਾਲ ਉਸ ਦੇ ਇਸ ਰਹਾਉ ਦੀ ਪੰਗਤੀ ਵਾਲੇ ਪ੍ਰਸ਼ਨ ਨੂੰ ਸਮਝਾਇਆ ਹੈ, ਉਸ ਸ਼ਬਦ ਦੀ ਲੜੀਵਾਰ ਵਿਆਖਿਆ:-

ਬਾਜੀਗਰਿ ਜੈਸੇ ਬਾਜੀ ਪਾਈ॥ ਨਾਨਾ ਰੂਪ ਭੇਖ ਦਿਖਲਾਈ॥

ਜੈਸੇ ਇਕ ਬਾਜੀਗਰ, ਮਦਾਰੀ ਨਾਟਕ ਕਰਦਾ ਹੈ ਔਰ ਵਿਸ਼ੇਸ਼ ਤਰ੍ਹਾਂ ਦੇ ਕਪੜੇ ਪਾ ਲੈਂਦਾ ਹੈ। ਜੈਸੇ ਅਜਕਲ ਐਕਟਰ (Actor) ਯਾ ਨਾਟਕ ਮੰਡਲੀਆਂ ਜਾਂ ਰਾਮ ਲੀਲ੍ਹਾ ਹੁੰਦੀਆਂ ਨੇ। ਇਕ ਰਾਮ ਬਣ ਗਿਆ ਹੈ। ਰਾਮ ਦੀ ਤਰ੍ਹਾਂ ਬਸਤਰ ਪਹਿਨ ਲਏ ਨੇ। ਰਾਮ ਦੀ ਤਰ੍ਹਾਂ ਸਿਰ ਤੇ ਜੂੜਾ ਰੱਖ ਲਿਆ, ਧਨੁਸ਼ਬਾਣ ਲੈ ਲਿਆ ਪਰ ਇਹ ਰਾਮ ਨਹੀਂ ਹੈ ਨਾ ਇਸਦੇ ਕੋਲ ਰਾਮ ਵਰਗੀ ਮਰਯਾਦਾ ਹੈ, ਨਾ ਹੀ ਇਸਦੇ ਕੋਲ ਰਾਮ ਵਰਗੀ ਸਮਝ ਹੈ। ਨਾ ਇਸ ਦੇ ਕੋਲ ਰਾਮ ਵਰਗਾ ਅਨੰਦ ਹੈ। ਨਾ ਇਸ ਦੇ ਕੋਲ ਰਾਮ ਵਰਗਾ ਗਿਆਨ ਹੈ। ਸਿਰਫ ਰਾਮ ਵਰਗਾ ਇਸ ਦੇ ਕੋਲ ਸਵਾਂਗ ਹੈ। ਮਹਾਰਾਜ ਕਹਿੰਦੇ ਨੇ ਜਿਸ ਤਰਹ ਬਾਜੀਗਰ ਬਾਜੀ ਪਾਉਂਦਾ ਹੈ, ਬੜੇ ਰੂਪ ਦਿਖਾਉਂਦਾ ਹੈ। ਇਹ ਸਾਰੇ ਰੂਪ ਉਸ ਬਾਜੀਗਰ ਦੇ ਨੇ। ਉਸ ਪਰਮਾਤਮਾ ਦੇ ਨੇ। ਇਹ ਸਭ ਉਸ ਦੇ ਚੋਲੇ ਨੇ। ਇਹ ਸਾਰਾ ਸੰਸਾਰ ਨਿਰੰਕਾਰ ਦਾ ਚੋਲਾ ਹੈ। ਉਹ ਚੋਲੇ ਬਦਲਦਾ ਰਹਿੰਦਾ ਹੈ, ਉਹ ਕਪੜੇ ਬਦਲਦਾ ਰਹਿੰਦਾ ਹੈ, ਜਿਸ ਤਰਹ ਅਸੀਂ ਬਦਲਦੇ ਹਾਂ। ਬਹੁਤ ਸਾਰੀਆਂ ਕਿਰਿਆਵਾਂ ਕਰਦਾ ਹੈ। ਧਾਰਮਿਕ ਮਨੋਵਿਗਿਆਨਕ ਕਹਿੰਦੇ ਨੇ ਕਿ ਅਸੀਂ ਉਹੀ ਕੁਝ ਕਰਦੇ ਹਾਂ ਜੋ ਪਰਮਾਤਮਾ ਵਿਚ ਹੋ ਰਿਹਾ ਹੈ। ਫ਼ਰਕ ਇਤਨਾ ਹੈ ਕਿ ਸਾਨੂੰ ਕਰਨਾ ਪੈ ਰਿਹਾ ਹੈ ਪਰ ਉਸਦੇ ਅੰਦਰ ਹੋ ਰਿਹਾ ਹੈ:-

ਸਾਂਗੁ ਉਤਾਰਿ ਥੰਮਿੑਓ ਪਾਸਾਰਾ॥ ਤਬ ਏਕੋ ਏਕੰਕਾਰਾ॥੧॥

ਜਿਉਂ ਇਹ ਸੰਸਾਰ ਦਾ ਸਵਾਂਗ ਉਤਾਰਦਾ ਹੈ, ਇਹ ਕਪੜੇ ਉਤਾਰਦਾ ਹੈ, ਫਿਰ ਨਿਰੰਕਾਰ ਹੀ ਨਿਰੰਕਾਰ ਹੈ। ਫਿਰ ੧ੳ ਹੀ ਰਹਿ ਜਾਂਦਾ ਹੈ, ਫਿਰ ਅਸਲੀ ਰੂਪ। ਸਟੇਜ ਦੇ ਉੱਪਰ ਜੈਸੇ ਰਾਮ ਤੇ ਲਛਮਣ ਯਾ ਰਾਵਣ ਪੇਸ਼ ਹੁੰਦੇ ਨੇ ਪਰ ਸਟੇਜ ਦੇ ਪਿੱਛੇ ਜਾ ਕੇ ਦੇਖੋ, ਜਿੱਥੇ ਆਪਣਾ ਸਵਾਂਗ ਰਚਾਉਂਦੇ ਨੇ, ਕਿਵੇਂ ਠੱਠਾ ਮਸ਼ਕਰੀ ਪਏ ਕਰਦੇ ਨੇ, ਕਿਵੇਂ ਗੱਲਾਂ ਪਏ ਕਰਦੇ ਨੇ। ਇਕ ਦੂਜੇ ਦਾ ਜੋ ਅਸਲੀ ਨਾਮ ਹੈ ਉਹ ਲੈ ਕੇ ਗੱਲਾਂ ਕਰਦੇ ਨੇ। ਇੰਝ ਨਹੀਂ ਕਿ ਰਾਮ ਤੇ ਰਾਵਣ ਦਾ ਪਾਰਟ ਕਰਨ ਵਾਲੇ, ਇਕ ਦੂਜੇ ਦਾ ਨਾਮ ਰਾਮ ਯਾ ਰਾਵਣ ਲੈਂਦੇ ਹੋਵਣ। ਅੰਦਰ ਜੋ ਡਾਇਰੈਕਟਰ (Director) ਹੈ ਉਹ ਵੀ ਇਸੇ ਢੰਗ ਨਾਲ ਸਮਝਾਉਂਦਾ ਹੈ ਬਈ ਤੁਸੀਂ ਇੰਝ ਕਰਨਾ ਯਾ ਉਂਝ ਕਰਨਾ। ਫਿਰ ਜਦੋਂ ਸਵਾਂਗ ਉਤਾਰ ਦਿੰਦੇ ਨੇ, ਉਹਨਾਂ ਦਾ ਆਪਣਾ ਹੀ ਰੂਪ ਸਾਹਮਣੇ ਪ੍ਰਗਟ ਹੋ ਜਾਂਦਾ ਹੈ। ਇਸ ਤਰ੍ਹਾਂ ਇਹ ਸਾਰਾ ਸੰਸਾਰ, ਪਰਮਾਤਮਾ ਦਾ ਸਵਾਂਗ ਹੈ, ਉਸਦਾ ਤਮਾਸ਼ਾ ਹੈ, ਉਸਦੀ ਲੀਲ੍ਹਾ ਹੈ। ਤੁਸੀਂ ਦੇਖੋ ਇਹ ਸਾਡਾ ਤਨ ਕਿਤਨੇ ਰੂਪ ਬਦਲਦਾ ਹੈ। ਬਚਪਨ ਦੇ ਵਿਚ ਅਸੀਂ ਕੁਝ ਹੋਰ ਹੁੰਦੇ ਹਾਂ, ਜਵਾਨੀ ਵਿਚ ਕੁਝ ਹੋਰ। ਜੋ ਪਰਮਾਤਮਾ ਵਿਚ ਹੋ ਰਿਹਾ ਹੈ। ਕੁਝ ਪ੍ਰਾਕਿਰਤਕ ਨਿਯਮ ਰਾਹੀਂ ਹੋ ਰਿਹਾ ਹੈ, ਕੁਝ ਕਰਨਾ ਪੈ ਰਿਹਾ ਹੈ। ਬੁਢੇਪੇ ਵਿਚ ਅਸੀਂ ਕੁਝ ਹੋਰ ਹੁੰਦੇ ਹਾਂ। ਇਹ ਸਵਾਂਗ ਹੈ।

ਨਾ ਇਹੁ ਬੂਢਾ ਨ ਇਹੁ ਬਾਲਾ॥(ਅੰਗ ੮੬੮)

ਇਸ ਦੇ ਅੰਦਰ ਜੋ ਜੀਵ ਆਤਮਾ ਹੈ, ਨਾ ਉਹ ਬੱਚਾ ਹੈ, ਨਾ ਉਹ ਜਵਾਨ ਹੈ, ਨਾ ਉਹ ਬੁੱਢਾ ਹੈ। ਇਹ ਇਹਨਾਂ ਅਵਸਥਾਵਾਂ ਦੇ ਵਿਚ ਨਹੀਂ ਹੈ। ਇਹ ਉੱਪਰ ਦਾ, ਇਸ ਦਾ ਸਵਾਂਗ ਹੈ। ਹੁਣ ਬੜੇ ਸਵਾਂਗ ਨੂੰ ਸਮਝਣਾ ਹੈ। ਜਿਹੜਾ ਜਨਮ ਨੂੰ ਬੜੀ ਗਹਿਰਾਈ ਨਾਲ ਲੈ ਲਏਗਾ ਤੇ ਬੜੇ ਸੁਖ ਨਾਲ ਲੈ ਲਏਗਾ, ਉਤਨਾ ਹੀ ਮਰਣ ਦਾ ਦੁੱਖ ਹੋਏਗਾ। ਜਿਸ ਨੇ ਜਨਮ ਨੂੰ ਸਵਾਂਗ ਦੀ ਤਰ੍ਹਾਂ ਲੈ ਲਿਆ ਹੈ। ਖੇਲ ਦੀ ਤਰ੍ਹਾਂ ਲੈ ਲਿਆ ਹੈ, ਤਮਾਸ਼ੇ ਦੀ ਤਰ੍ਹਾਂ ਲੈ ਲਿਆ ਹੈ। ਉਸ ਦਾ ਮਰਨਾ ਵੀ ਤਮਾਸ਼ਾ ਹੋਵੇਗਾ, ਖੇਲ ਹੋਵੇਗਾ, ਅਨੰਦਮਈ ਹੋਵੇਗਾ। ਪਰ ਜਿਸਨੇ ਜਨਮ ਬਹੁਤ ਗਹਿਰਾਈ ਵਿਚ ਲੈ ਲਿਆ ਹੈ ਅਤੇ ਇਸ ਨੇ ਸਾਰੇ ਸੁਖ ਇਸ ਨਾਲ ਜੋੜ ਦਿੱਤੇ ਨੇ, ਮਰਦੇ ਦਮ ਤਕ ਜਨਮ ਦਿਨ ਮਨਾ ਰਿਹਾ ਹੈ। ਇਹ ਮਰਦੇ ਦਮ ਤਕ ਇਤਨਾ ਹੀ ਦੁਖੀ ਹੋਵੇਗਾ ਜਿਤਨਾ ਅੱਜ ਤਕ ਜਨਮ ਦਿਨ ਮਨਾ ਕੇ ਸੁਖੀ ਹੋ ਰਿਹਾ ਹੈ। ਇਹ ਸਾਰੇ ਦੁੱਖ ਇਕ ਘਟਨਾ ਦੇ ਸਮੇਂ ਇਕੱਠੇ ਹੋ ਜਾਣਗੇ। ਮੇਰੇ ਮੂੰਹੋਂ ਕਿਧਰੇ ਇਕ ਦਿਨ ਨਿਕਲ ਗਿਆ ਕਿ ਮੇਰੇ ਪਾਸਪੋਰਟ ਤੇ ਜਨਮ ਦੀ ਤਾਰੀਖ਼ 15.10.1934 ਲਿਖਿਆ ਹੋਇਆ ਹੈ। ਪਿਤਾ ਜੀ ਨੇ ਕਿਤੇ ਸਕੂਲ ਦੇ ਵਿਚ ਲਿਖਵਾ ਦਿੱਤਾ ਸੀ, ਉਹਨਾਂ ਨੇ ਵੀ ਕਿਹਾ ਕਿ ਸਾਨੂੰ ਉਂਜ ਤੇ ਯਾਦ ਨਹੀਂ। ਮੇਰੇ ਕੋਲ ਉਸ ਤਾਰੀਖ਼ ਨੂੰ ਕਈ ਆ ਗਏ ਕਹਿਣ ਲੱਗੇ ਹੈਪੀ ਬਰਥ-ਡੇ (Happy Birth Day)। ਮੈਂ ਕਿਹਾ ਹੱਦ ਹੋ ਗਈ, ਮੈਂ ਤੇ ਜ਼ਿੰਦਗੀ ਵਿਚ ਕਦੇ ਮਨਾਇਆ ਨਹੀਂ ਅਤੇ ਨਾ ਹੀ ਮੈਨੂੰ ਪਤਾ ਹੈ, ਇਹ ਤੇ ਅੰਦਾਜ਼ੇ ਨਾਲ। ਮੈਂ ਕਿਹਾ, ਮੈਂ ਤੇ ਇਸ ਨੂੰ ਸਮਝਦਾ ਹੀ ਨਹੀਂ ਹਾਂ।

ਇਸੇ ਤਰ੍ਹਾਂ ਜੋ ਇਜ਼ਤ ਨੂੰ ਬੜੀ ਗਹਿਰਾਈ ਨਾਲ ਲੈਂਦਾ ਹੈ, ਉਸਨੂੰ ਬੇਇਜ਼ਤੀ ਬੜੀ ਦੁਖਦਾਈ ਹੋਵੇਗੀ। ਜੋ ਸੁਖਾਂ ਨੂੰ ਬੜੀ ਗਹਿਰਾਈ ਨਾਲ ਲੈਂਦਾ ਹੈ, ਉਸ ਦੇ ਲਈ ਦੁੱਖ ਬੜੀ ਮੁਸੀਬਤ ਦਾ ਬਾਇਸ ਬਣਨਗੇ। ਜਿਸ ਨੇ ਜਿੱਤ ਨੂੰ ਬੜੀ ਗਹਿਰਾਈ ਨਾਲ ਲੈ ਲਿਆ ਹੈ, ਫੁੱਲਾਂ ਦੀਆਂ ਮਾਲਾਂ, ਜਲੂਸ ਨਿਕਲ ਰਹੇ ਨੇ ਕਿ

ਜਿੱਤ ਗਏ ਹਾਂ। ਯਕੀਨ ਜਾਣੋਂ ਹਾਰ ਦਾ ਇਤਨਾ ਹੀ ਸੰਤਾਪ ਹੋਵੇਗਾ। ਹਾਰ ਦਾ ਇਤਨਾ ਹੀ ਦੁੱਖ ਹੋਵੇਗਾ। ਪ੍ਰਭੂ ਨੇ ਸੰਸਾਰ ਬਣਾਇਆ ਹੈ ਦੋ ਰੰਗੀ। ਜਨਮ ਹੈ ਤੇ ਮਰਨ ਹੈ, ਜਿੱਤ ਹੈ ਤੇ ਹਾਰ ਵੀ ਹੈ। ਇਜ਼ਤ ਹੈ ਤੇ ਬੇਇਜ਼ਤੀ ਵੀ ਹੈ। ਨਫ਼ਾ ਹੈ ਤੇ ਨੁਕਸਾਨ ਵੀ ਹੈ। ਜੋ ਨਫ਼ੇ ਨੂੰ ਬੜੀ ਗਹਿਰਾਈ ਨਾਲ ਲਵੇਗਾ, ਨੁਕਸਾਨ ਵਿਚ ਉਤਨਾ ਹੀ ਵੱਡਾ ਦੁੱਖ ਹੋਵੇਗਾ । ਜਿਸ ਨੇ ਨਫ਼ੇ ਨੂੰ ਗਹਿਰਾਈ ਨਾਲ ਨਹੀਂ ਲਿਆ, ਨੁਕਸਾਨ ਹੋਣ ਲਗਿਆਂ ਇਤਨਾ ਦੁਖੀ ਨਹੀਂ ਹੋਵੇਗਾ। ਵੈਸੇ ਤਾਂ ਨੁਕਸਾਨ ਹੋ ਜਾਏ ਤਾਂ ਕਈ ਲੋਗ ਪਾਗਲ ਹੋ ਜਾਂਦੇ ਨੇ, ਹਾਰਟ ਅਟੈਕ (Heart Attack) ਵੀ ਹੋ ਜਾਂਦਾ ਹੈ, ਪਰੇਸ਼ਾਨ ਹੋ ਜਾਂਦੇ ਨੇ। ਕਿਉਂ? ਨਫ਼ੇ ਨੂੰ ਬੜੀ ਗਹਿਰਾਈ ਨਾਲ ਲਿਆ ਹੈ।ਉਹਨਾਂ ਨੇ ਇਹ ਨਹੀਂ ਦੇਖਿਆ ਇਹ ਤੇ ਲੀਲ੍ਹਾ ਹੈ। ਖੇਲ ਹੋ ਰਿਹਾ ਹੈ, ਤਮਾਸ਼ਾ ਹੋ ਰਿਹਾ ਹੈ। ਪਰਮਾਤਮਾ ਦਾ ਬਹੁਤ ਵੱਡਾ ਤਮਾਸ਼ਾ ਹੈ। ਤੂੰ ਆਪਣੇ ਜੀਵਨ ਨੂੰ ਵੀ ਇਕ ਤਮਾਸ਼ਾ ਹੀ ਸਮਝ, ਹੋਰ ਕੁਛ ਵੀ ਨਹੀਂ ਹੈ, ਖੇਲ:-

ਆਵਨ ਜਾਨੁ ਇਕੁ ਖੇਲੁ ਬਨਾਇਆ॥
ਆਗਿਆਕਾਰੀ ਕੀਨੀ ਮਾਇਆ॥

{ਸੁਖਮਨੀ ਸਾਹਿਬ}

ਇਹ ਜੰਮਣਾ ਤੇ ਮਰਨਾ ਖੇਲ ਹੈ ਹੋਰ ਕੁਛ ਵੀ ਨਹੀਂ ਪਰ ਖੇਲ ਦੀ ਤਰ੍ਹਾਂ ਅਸੀਂ ਲੈਂਦੇ ਹੀ ਨਹੀਂ। ਮਹਾਰਾਜ ਇਸ ਸ਼ਬਦ ਵਿਚ ਜੋ ਕੁਝ ਸਾਨੂੰ ਸਮਝਾ ਰਹੇ ਨੇ, ਕਿਧਰੇ ਦਿਲ ਦਿਮਾਗ ਦੇ ਵਿਚ ਗੱਲ ਬੈਠ ਜਾਏ ਤਾਂ ਜ਼ਿੰਦਗੀ ਦੇ ਸਾਰੇ ਸੁਖਾਂ ਦੁੱਖਾਂ ਤੋਂ ਮਨੁਖ ਉੱਪਰ ਉਠ ਜਾਂਦਾ ਹੈ। ਕਿਉਂਕਿ ਸੁਖ ਦੁੱਖ ਵੀ ਇਕ ਸਵਾਂਗ ਹੈ। ਜਨਮ ਮਰਨ ਇਕ ਸਵਾਂਗ ਹੈ। ਇਜ਼ਤ ਬੇਇਜ਼ਤੀ ਇਕ ਸਵਾਂਗ ਹੈ। ਅੰਦਰ ਬੈਠੀ ਜੀਵ ਆਤਮਾ ਪਰਮ-ਆਨੰਦਤ ਇਹ ਉਸਦਾ ਸਵਾਂਗ ਹੈ। ਪਰ ਸਵਾਂਗ ਨੂੰ ਜਦ ਮਨੁਖ ਬਹੁਤ ਗਹਿਰਾਈ ਨਾਲ ਪਕੜ ਲੈਂਦਾ ਹੈ, ਨਹੀਂ ਇਹ ਮੇਰੀ ਜ਼ਿੰਦਗੀ ਹੈ, ਸਵਾਂਗ ਥੋੜੀ ਹੈ ਤੇ ਫਿਰ ਮਰਨ ਦਾ ਉਤਨਾ ਹੀ ਦੁੱਖ ਹੋਵੇਗਾ। ਹਰ ਨਫ਼ੇ ਦੀ ਮੌਤ ਹੁੰਦੀ ਹੈ, ਨੁਕਸਾਨ। ਹਰ ਇਜ਼ਤ ਦੀ ਮੌਤ ਹੁੰਦੀ ਹੈ, ਬੇਇਜ਼ਤੀ। ਹਰ ਜਿੱਤ ਦੀ ਮੌਤ ਹੁੰਦੀ ਹੈ ਹਾਰ।

ਕਵਨ ਰੂਪ ਦ੍ਰਿਸਟਿਓ ਬਿਨਸਾਇਓ॥
ਕਤਹਿ ਗਇਓ ਉਹੁ ਕਤ ਤੇ ਆਇਓ॥੧॥ ਰਹਾਉ॥

ਮਹਾਰਾਜ ਇਹ ਰੂਪ ਕੀ ਹੈ, ਕਿੱਥੋਂ ਆਉਂਦਾ ਹੈ ਤੇ ਕਿੱਥੇ ਚਲਾ ਜਾਂਦਾ ਹੈ। ਇਹ ਬਣਦਾ ਕਿਵੇਂ ਹੈ, ਇਹ ਕਿਸ ਤਰਾਂ ਬਿਨਸ ਜਾਂਦਾ ਹੈ, ਇਹ ਵਾਸਤਵਿਕ ਕੀ ਹੈ, ਸਤਿਗੁਰੂ ਸਮਝਾ ਰਹੇ ਨੇ:-

ਜਲ ਤੇ ਊਠਹਿ ਅਨਿਕ ਤਰੰਗਾ॥
ਕਨਿਕ ਭੂਖਨ ਕੀਨੇ ਬਹੁ ਰੰਗਾ॥

ਸਾਗਰ ਵਿਚ, ਦਰਿਆ ਵਿਚ ਪਾਣੀ ਦੀਆਂ ਅਨੇਕਾਂ ਤਰੰਗਾਂ ਉਠਦੀਆਂ ਨੇ। ਇਹ ਤਰੰਗਾਂ ਸਾਗਰ ਦਾ, ਦਰਿਆ ਦਾ ਖੇਲ ਹਨ। ਇਹ ਲਹਿਰਾਂ ਸਾਗਰ ਦਾ ਖੇਲ ਹਨ। ਲਹਿਰਾਂ ਵਿਚ ਕੋਈ ਛੋਟੀ ਲਹਿਰ ਹੈ, ਕੋਈ ਵੱਡੀ ਲਹਿਰ ਹੈ, ਕੋਈ ਬਹੁਤ ਵੱਡੀ ਹੈ, ਕੋਈ ਬਹੁਤ ਉੱਚੀ ਲਹਿਰ ਹੈ, ਕੋਈ ਦੂਰੋਂ ਹੀ ਸ਼ੋਰ ਮਚਾਉਂਦੀ ਆ ਰਹੀ ਹੈ ਪਰ ਹੈਨ ਸਾਰੀਆਂ ਲਹਿਰਾਂ ਹੀ, ਸਾਗਰ ਦਾ ਤਮਾਸ਼ਾ ਨੇ, ਬਣਦੀਆਂ ਨੇ, ਮਿਟਦੀਆਂ ਨੇ। ਜਿਵੇਂ ਸੋਨਾ ਹੈ, ਉਸ ਦੇ ਬਹੁਤ ਸਾਰੇ ਗਹਿਣੇ ਬਣਾ ਕੇ, ਬੜੇ ਰੂਪ ਦਿਖਾਈ ਦੇ ਰਹੇ ਨੇ, ਪਰ ਹੈ ਤੇ ਸੋਨਾ ਹੀ। ਸੋਨੇ ਨੂੰ ਕੜਾ ਕਹਿ ਰਹੇ ਹਾਂ,

ਸੋਨੇ ਨੂੰ ਅੰਗੂਠੀ ਕਹਿ ਰਹੇ ਹਾਂ, ਸੋਨੇ ਨੂੰ ਹਾਰ ਕਹਿ ਰਹੇ ਹਾਂ। ਸੋਨੇ ਦੇ ਅਨੇਕਾਂ ਰੂਪ ਹੋ ਗਏ ਨੇ, ਵਜੂਦ ਤੇ ਓਹੀ ਹੈ ਸੋਨਾ। ਇਸ ਤਰ੍ਹਾਂ ਸਮਝ ਲਉ ਇਹ ਇਕ ਸਵਾਂਗ ਹੈ ਬਾਜੀਗਰ ਦਾ।

ਬੀਜੁ ਬੀਜਿ ਦੇਖਿਓ ਬਹੁ ਪਰਕਾਰਾ॥

ਹਰ ਤਰ੍ਹਾਂ ਦੇ ਬੀਜਾਂ ਨੂੰ, ਬਹੁ ਪ੍ਰਕਾਰ ਦੇ ਬੀਜਾਂ ਨੂੰ, ਬੀਜ ਕੇ ਦੇਖਿਆ ਹੈ। ਬੀਜ ਲੰਬੀ ਯਾਤਰਾ ਤੇ ਚਲ ਪਿਆ ਹੈ। ਫਿਰ ਆਖ਼ਰ ਵਿਚ ਕੀ ਬਣ ਜਾਂਦਾ ਹੈ। ਫਲ ਦੇ ਵਿਚ ਫਿਰ ਬੀਜ। ਬੀਜ, ਬੀਜ ਤਕ ਹੀ ਪਹੁੰਚਦਾ ਹੈ, ਵਿਚਕਾਰ ਇਕ ਤਮਾਸ਼ਾ ਹੈ। ਇਹ ਖੇਲ ਹੈ, ਬੂਟਾ ਹੋਇਆ ਹੈ, ਪੱਤੇ ਹੋਏ ਨੇ, ਵੱਡਾ ਹੋਇਆ ਹੈ, ਫੁੱਲ ਹੋਏ ਨੇ, ਫਿਰ ਫਲ ਹੋਏ ਨੇ, ਫਿਰ ਬੀਜ। ਵਿਚਕਾਰ ਕੀ ਹੋਇਆ ਹੈ? ਵਿਚਕਾਰ ਇਕ ਤਮਾਸ਼ਾ ਹੋਇਆ ਹੈ, ਇਕ ਖੇਲ ਹੋਇਆ ਹੈ। ਇਹ ਸਾਰੇ ਦਾ ਸਾਰਾ ਬੀਜ ਦਾ ਇਕ ਸਵਾਂਗ ਸੀ ਅਤੇ ਫਿਰ ਉਹ ਬੀਜ ਆਪਣੇ ਅਸਲੀ ਰੂਪ ਵਿਚ ਪ੍ਰਗਟ ਹੋ ਗਿਆ। ਮਹਾਰਾਜ ਕਹਿੰਦੇ ਨੇ ਬਹੁਤ ਸਾਰੇ ਬੀਜਾਂ ਨੂੰ ਬੀਜ ਕੇ ਦੇਖਿਆ ਹੈ। ਜਦੋਂ ਫਲ ਪਕਦਾ ਹੈ ਫਿਰ ਬੀਜ, ਬੀਜ ਹੀ ਰਹਿ ਜਾਂਦਾ ਹੈ।

ਫਲ ਪਾਕੇ ਤੇ ਏਕੰਕਾਰਾ॥

ਫਲ ਪਕਦਾ ਹੈ ਤੇ ਫਿਰ ਇਹ ਬੀਜ ਹੈ। ਇਸੇ ਤਰ੍ਹਾਂ ਸੰਸਾਰ ਦੀ ਜਦ ਪਰਲੋ ਹੁੰਦੀ ਹੈ, ਨਿਰੰਕਾਰ, ਨਿਰੰਕਾਰ ਹੀ ਰਹਿ ਜਾਂਦਾ ਹੈ। ਨਿਰੰਕਾਰ ਦਾ ਇਹ ਸਾਰਾ ਸਵਾਂਗ, ਸੂਰਜ ਬਣੇ, ਚੰਦਰਮਾ ਬਣੇ, ਜ਼ਮੀਨ ਬਣੀ, ਬਨਸਪਤੀ, ਪਸ਼ੂ, ਪੰਛੀ ਬਣੇ, ਮਨੁਖ ਬਣੇ। ਫਿਰ ਜਦੋਂ ਸਵਾਂਗ ਉਤਾਰਦਾ ਹੈ, ਉਹ ਫਿਰ ਜਿਵੇ ਬੀਜ,ਬੀਜ ਰਹਿ ਜਾਂਦਾ ਹੈ, ਉਹ ਨਿਰੰਕਾਰ, ਨਿਰੰਕਾਰ ।

ਸਹਸ ਘਟਾ ਮਹਿ ਏਕੁ ਆਕਾਸੁ॥ ਘਟ ਫੂਟੇ ਤੇ ਓਹੀ ਪ੍ਰਗਾਸੁ॥

ਹਜ਼ਾਰਾਂ ਘੜੇ ਪਾਣੀ ਦੇ ਭਰੇ ਪਏ ਨੇ ਅਤੇ ਇਹਨਾਂ ਵਿਚ ਹਜ਼ਾਰਾਂ ਆਕਾਸ਼ ਦਿਖਾਈ ਦੇ ਰਹੇ ਨੇ। ਹਰ ਘੜੇ ਦੇ ਪਾਣੀ ਵਿਚ ਝਾਤ ਮਰ ਕੇ ਦੇਖੋ ਆਕਾਸ਼ ਦਿਖਾਈ ਦੇਵੇਗਾ, ਸਾਰਿਆਂ ਵਿਚ ਦਿਖਾਈ ਦੇ ਰਿਹਾ ਹੈ। ਇਹ ਘੜੇ ਨਾਸ ਹੋ ਜਾਣ ਤਾਂ ਇਕੋ ਹੀ ਆਕਾਸ਼ ਰਹਿ ਜਾਂਦਾ ਹੈ, ਹਜ਼ਾਰਾਂ ਥੋੜੀ ਨੇ। ਹਜ਼ਾਰ ਘੜਿਆਂ ਕਰਕੇ ਹਜ਼ਾਰ ਦਿਖਾਈ ਦੇ ਰਿਹਾ ਹੈ, ਆਕਾਸ਼ ਤਾਂ ਇਕੋ ਹੀ ਹੈ। ਇਹ ਵੱਖ ੨ ਸਰੀਰਾਂ ਕਰਕੇ ਸਭ ਕੁਝ ਵੱਖ ੨ ਪਰਤੀਤ ਹੋ ਰਿਹਾ ਹੈ। ਬਨਸਪਤੀ ਕਰਕੇ, ਪਸ਼ੂ ਪੰਛੀਆਂ ਕਰਕੇ ਵੱਖ ੨ ਪ੍ਰਤੀਤ ਹੋ ਰਿਹਾ ਹੈ। ਹੈ ਤੇ ਵਾਸਤਵ ਇਕ ਇਕ। ਉਸ ਇਕ ਨੇ ਇਹ ਅਨੇਕਾਂ ਰੂਪ ਧਾਰਨ ਕੀਤੇ ਹੋਏ ਨੇ, ਜਿਸ ਨੂੰ ਕਲਗੀਧਰ ਪਾਤਸ਼ਾਹ ਇੰਝ ਕਹਿੰਦੇ ਨੇ:-

ਅਮਾਨ ਹੈਂ॥ ਨਿਧਾਨ ਹੈਂ॥
ਅਨੇਕ ਹੈਂ॥ ਫਿਰਿ ਏਕ ਹੈਂ॥੪੩॥{ਜਾਪ ਸਾਹਿਬ}

-----

ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥
ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰਿ ਏਕ॥੮੧॥

ਸਵਾਂਗ ਦੇ ਨਾਲ ਜਿਵੇਂ ਮਨੁਖ ਚਿੰਬੜ ਜਾਂਦਾ ਹੈ, ਲੀਲ੍ਹਾ ਨੂੰ ਲੀਲ੍ਹਾ

ਨਹੀਂ ਸਮਝਦਾ, ਤਮਾਸ਼ੇ ਨੂੰ ਤਮਾਸ਼ਾ ਨਹੀਂ ਸਮਝਦਾ। ਵਾਸਤਵਿਕ ਰੂਪ ਦੇ ਦਿੰਦਾ ਹੈ। ਇਕ ਵੇਰ ਮੈਂ ਪੜ੍ਹਿਆ ਸੀ, ਅਮਰੀਕਾ ਦੀ ਇਕ ਪੁਰਾਣੀ ਨਾਟਕ ਮੰਡਲੀ ਲਿੰਕਨ ਦੇ ਨਾਮ ਤੇ ਡਰਾਮਾ ਖੇਡਦੀ ਸੀ, ਉਸ ਵਿਚ ਜਿਹੜਾ ਲਿੰਕਨ ਬਣਦਾ ਸੀ (ਅਮਰੀਕਾ ਦਾ ਪਹਿਲਾ ਰਾਸ਼ਟਰਪਤੀ) ਉਸ ਨੂੰ ਹਰ ਸ਼ਹਿਰ ਵਿਚ ਲਿੰਕਨ ਬਣਨਾ ਪੈਂਦਾ ਸੀ। ਕਹਿੰਦੇ ਨੇ ਪੰਦਰਾਂ ਸੋਲ੍ਹਾਂ ਸਾਲ ਲਿੰਕਨ ਦੀ ਐਕਟਿੰਗ (Acting) ਕਰਦਿਆਂ ੨ ਉਹ ਆਪਣੇ ਆਪ ਨੂੰ ਲਿੰਕਨ ਹੀ ਸਮਝਣ ਲਗ ਪਿਆ। ਹਰ ਇਕ ਨਾਲ ਇੰਝ ਗੱਲ ਕਰੇ ਜਿਵੇਂ ਰਾਸ਼ਟਰਪਤੀ। ਹੁਕਮਨਾਮੇ ਵੀ ਜਾਰੀ ਕਰਨ ਲੱਗ ਪਿਆ। ਘਰ ਦੇ ਵਿਚ ਵੀ ਉਸੇ ਤਰੀਕੇ ਨਾਲ ਪੇਸ਼ ਆਉਣ ਲੱਗ ਪਿਆ। ਉਸਨੂੰ ਡਾਕਟਰ ਕੋਲ ਲੈ ਗਏ। ਡਾਕਟਰਾਂ ਨੇ ਕਿਹਾ ਕਿ ਲਿੰਕਨ ਦਾ ਪਾਰਟ (part) ਕਰਦਿਆਂ ੨ ਇਹ ਹੁਣ ਸਮਝ ਬੈਠਾ ਹੈ ਕਿ ਮੈਂ ਲਿੰਕਨ ਹਾਂ।

ਫਰਾਈਡ ਕਿਹਾ ਕਰਦਾ ਸੀ ਕਿ ਮਨੁਖ ਇਕ ਝੂਠ ਬਾਰ ੨ ਰੋਜ਼ ਬੋਲਦਾ ਰਹੇ, ਕੁਝ ਮਹੀਨਿਆਂ ਜਾਂ ਸਾਲਾਂ ਤਕ ਬੋਲਦਾ ਰਹੇ, ਉਹ ਖ਼ੁਦ ਵੀ ਸਮਝਣ ਲੱਗ ਪਏਗਾ ਕਿ ਇਹ ਸਭ ਸੱਚ ਹੈ। ਇਹ ਉਸ ਦੀ ਗੱਲ, ਬਿਲਕੁਲ ਸਹੀ ਹੈ। ਇਹ ਨਹੀਂ ਕਿ ਉਹ ਦੂਜਿਆਂ ਨੂੰ ਝੂਠ ਸੁਣਾ ਰਿਹਾ ਹੈ। ਨਹੀਂ, ਉਸਦੀ ਆਪਣੀ ਵੀ ਸਮਝ ਬਣ ਜਾਏਗੀ, ਨਹੀਂ, ਮੈਂ ਸੱਚ ਬੋਲ ਰਿਹਾ ਹਾਂ। ਦੂਜੇ ਸੱਚ ਸੁਣ ਰਹੇ ਨੇ ਜਦ ਕਿ ਝੂਠ ਹੈ। ਇਤਨਾ ਰਿੱਪੀਟ (Repeat) ਕੀਤਾ ਗਿਆ, ਇਤਨਾ ਦੁਹਰਾਇਆ ਗਿਆ ਕਿ ਖ਼ੁਦ ਵੀ ਮੰਨ ਬੈਠਾ ਕਿ ਸੱਚ ਹੈ। ਬਾਰ ਬਾਰ ਰਿੱਪੀਟ (Repeat) ਕਰੋ ਆਪੇ ਸੱਚ ਬਣ ਜਾਏਗਾ। ਰੋਜ਼ Repeat ਕਰੋ ਦੁਨੀਆਂ ਸੱਚ ਮੰਨ ਲਏਗੀ। ਲੇਕਿਨ ਮਨੋਚਿੰਤਕ ਫਰਾਈਡ ਇਸ ਤੋਂ ਅੱਗੇ ਦੀ ਗੱਲ ਕਰਦਾ ਹੈ। ਜਿਹੜਾ ਝੂਠ ਬੋਲ ਰਿਹਾ ਹੈ, ਬਾਰ ਬਾਰ ਬੋਲ ਰਿਹਾ ਹੈ, ਰੋਜ਼ ਰੋਜ਼ ਬੋਲ ਰਿਹਾ ਹੈ ਉਹ ਖ਼ੁਦ ਵੀ ਸਮਝਣ ਲੱਗ ਪਏਗਾ ਕਿ ਮੈਂ ਸੱਚ ਬੋਲ ਰਿਹਾ ਹਾਂ। ਲਿੰਕਨ ਦਾ ਪਾਰਟ (part) ਕਰਦਾ ਸੀ, ਰੋਜ਼ ਰੋਜ਼ ਕਰਦਾ ਸੀ, ਉਹ ਸਮਝਣ ਲੱਗ ਪਿਆ ਕਿ ਮੈਂ ਲਿੰਕਨ ਹਾਂ। ਲਿੰਕਨ ਹੋਣਾ ਤੇ ਝੂਠ ਸੀ, ਸਵਾਂਗ ਸੀ ਪਰ ਨਹੀਂ ਉਹ ਸਵਾਂਗ ਨਾਲ ਚਿੰਬੜ ਗਿਆ, ਪਕੜ ਲਿਆ। ਮੈਂ ਲਿੰਕਨ ਹਾਂ। ਕਹਿੰਦੇ ਨੇ ਕਿਤਨੇ ਸਾਲਾਂ ਤਕ ਉਸ ਨੂੰ ਪਾਗਲਖ਼ਾਨੇ ਰਖਣਾ ਪਿਆ। ਪਾਗਲ ਹੋ ਗਿਆ ਸੀ। ਕੋਈ ਆਪਣੇ ਆਪ ਨੂੰ ਧਨਵਾਨ ਸਮਝਣ ਲੱਗ ਪੈਂਦਾ ਹੈ, ਗੁਣਵਾਨ ਸਮਝਣ ਲੱਗ ਪੈਂਦਾ ਹੈ, ਸ਼ਕਤੀਸ਼ਾਲੀ ਸਮਝਣ ਲਗ ਪੈਂਦਾ ਹੈ, ਯਕੀਨ ਜਾਣੋ ਸਭ ਸਵਾਂਗ ਹੀ ਹੈ, ਪਾਗਲਪੁਣਾ ਹੀ ਹੈ, ਹੋਰ ਕੁਛ ਵੀ ਨਹੀਂ ਹੈ। ਐਸਾ ਕਿਉਂ ਹੋ ਜਾਂਦਾ ਹੈ। ਮਹਾਰਾਜ ਕਹਿੰਦੇ ਨੇ ਭਰਾਂਤੀ ਕਰਕੇ ਹੋ ਜਾਂਦਾ ਹੈ। ਮੋਹ ਕਰਕੇ ਹੋ ਜਾਂਦਾ ਹੈ। ਜਿਵੇਂ ਕਿ ਰਾਮ ਲੀਲ੍ਹਾ ਵਿਚ ਕੋਈ ਰਾਮ ਬਣਿਆ ਹੈ, ਭਰਾਂਤੀ ਹੋ ਜਾਏ ਕਿ ਮੈਂ ਰਾਮ ਹਾਂ ਪਰ ਹੈ ਤੇ ਨਕਲੀ। ਲੋਕੀਂ ਮੱਥਾ ਵੀ ਟੇਕਦੇ ਨੇ, ਆਰਤੀ ਵੀ ਉਤਾਰਦੇ ਨੇ ਉਸ ਨਕਲੀ ਰਾਮ ਦੀ, ਦੇਖ ਕੇ ਹੈਰਾਨਗੀ ਵੀ ਹੁੰਦੀ ਹੈ। ਪਿੱਛਲੇ ਦਿਨੀ ਮੈਂ ਇਕ ਅਖ਼ਬਾਰ ਵਿਚ ਇਹ ਪੜ੍ਹ ਕੇ ਹੈਰਾਨ ਹੋਇਆ ਕਿ ਜਿਹੜਾ ਰਾਵਣ ਦਾ ਪਾਰਟ(part) ਕਰਦਾ ਸੀ ਤੇ ਇਕ ਬੱਚੀ ਜਿਹੜੀ ਸੀਤਾ ਦਾ ਪਾਰਟ (part) ਕਰਦੀ ਸੀ, ਦੋਹਾਂ ਦੀ ਸ਼ਾਦੀ ਹੋ ਗਈ। ਮੈਂ ਕਿਹਾ ਹੱਦ ਹੋ ਗਈ, ਅਸਲੀਅਤ ਵਿਚ ਤਾਂ ਰਾਮ ਤੇ ਸੀਤਾ ਦੀ ਸ਼ਾਦੀ ਹੋਈ ਸੀ, ਹੁਣ ਰਾਵਣ ਤੇ ਸੀਤਾ ਦੀ ਸ਼ਾਦੀ। ਹੋਇਆ ਕੀ, ਐਕਟਿੰਗ ਕਰਦਿਆਂ ੨ ਦੋਹਾਂ ਦਾ ਮੋਹ ਹੋ ਗਿਆ। ਰਾਵਣ ਨੇ ਸੀਤਾ ਨੂੰ ਵਿਆਹ ਲਿਆ, ਚੁਰਾ ਕੇ ਲਿਜਾਣ ਦੀ ਲੋੜ ਹੀ ਨਹੀਂ ਪਈ। ਸਾਰੇ ਸਿਆਪੇ ਕਰਨ ਦੀ ਲੋੜ ਹੀ

ਨਹੀਂ, ਆਪਣੇ ਆਪ ਹੀ ਹੋ ਗਿਆ। ਇਹ ਇਕ ਹਕੀਕਤ ਹੋ ਜਾਂਦੀ ਹੈ।

ਸਵਾਂਗ ਨੂੰ ਹੀ ਲੋਕੀਂ ਪੂਜਣ ਲੱਗ ਪੈਂਦੇ ਨੇ। ਇਕ ਝੂਠੇ ਮਨੁਖ ਨੂੰ, ਝੂਠੇ ਬਾਣੇ ਨੂੰ। ਸਿਰਫ ਸੰਤ ਦਾ ਬਾਣਾ ਹੈ, ਚਾਰੇ ਪਾਸੇ ਪਰਕਰਮਾਂ ਹੋ ਰਹੀਆਂ ਨੇ, ਪੂਜਾ ਹੋ ਰਹੀਆਂ ਨੇ, ਜੈ ਜੈਕਾਰਾਂ ਹੋ ਰਹੀਆਂ ਨੇ। ਯਕੀਨ ਜਾਣੋ ਇਹ ਪਾਖੰਡੀ ਵੀ ਸਮਝਣ ਲੱਗ ਪਏਗਾ ਕਿ ਮੈਂ ਸੰਤ ਹਾਂ ਕਿਉਂਕਿ ਇਤਨਾ ਕੁਝ ਹੋ ਰਿਹਾ ਹੈ(ਜਿਵੇਂ ਮੈਂ ਪਹਿਲੇ ਵੀ ਕਿਹਾ ਹੈ ਕਿ ਰਾਮ ਲੀਲ੍ਹਾ ਵਿਚ ਰਾਮ{ਸਵਾਂਗੀ ਰਾਮ}) ਦੀ ਆਰਤੀ ਵੀ ਉਤਾਰੀ ਜਾਂਦੀ ਹੈ)। ਫਿਰ ਸਹਿਜੇ ੨ ਇਕ ਦਿਨ ਅੰਦਰੋਂ ਵੀ ਇਹ ਜਾਣੇਗਾ, ਕਿ ਨਹੀਂ, ਹੁਣ ਮੈਂ ਸੰਤ ਹੀ ਹਾਂ( ਵੈਸੇ ਅੰਦਰੋਂ ਤੇ ਉਹ ਜਾਣਦਾ ਹੈ ਕਿ ਮੈਂ ਸੰਤ ਨਹੀਂ ਹਾਂ) ਤਾਂ ਹੀ ਤੇ ਇਤਨੀ ਦੁਨੀਆਂ ਪੂਜਦੀ ਪਈ ਹੈ। ਇਕ ਝੂਠ ਨੂੰ ਬਾਰ ਬਾਰ ਰਿੱਪੀਟ(Repeat) ਕੀਤਾ ਜਾਏ, ਜਗਤ ਤੇ ਉਸ ਨੂੰ ਸੱਚ ਮੰਨ ਲੈਂਦਾ ਹੈ। ਰਿੱਪੀਟ(Repeat) ਕਰਨ ਵਾਲਾ ਵੀ ਸੱਚ ਮੰਨ ਲੈਂਦਾ ਹੈ, ਉਸ ਦੇ ਲਈ ਸੱਚ ਹੋ ਜਾਂਦਾ ਹੈ।

ਸਵਾਂਗ ਨਾਲ ਮੋਹ ਹੋ ਜਾਂਦਾ ਹੈ, ਨਫ਼ੇ ਨਾਲ ਮੋਹ ਹੋ ਜਾਂਦਾ ਹੈ, ਇਜ਼ਤ ਨਾਲ ਮੋਹ ਹੋ ਜਾਂਦਾ ਹੈ, ਪ੍ਰਭੁਤਾ ਨਾਲ ਮੋਹ ਹੋ ਜਾਂਦਾ ਹੈ, ਧਨ ਸੰਪਦਾ ਨਾਲ ਮੋਹ ਹੋ ਜਾਂਦਾ ਹੈ। ਜਦ ਇਹ ਨਫ਼ਾ ਨੁਕਸਾਨ ਵਿਚ ਬਦਲਦਾ ਹੈ, ਫਿਰ ਰੋਣਾ ਪਿੱਟਣਾ, ਕਿਉਂਕਿ ਮੋਹ ਮੇਰਾ। ਮੇਰਾ ਨਫ਼ਾ ਹੈ। ਹੁਣ ਕਹਿ ਦਏ ਕਿ ਮੇਰਾ ਨੁਕਸਾਨ ਹੋਇਆ ਹੈ। ਨਫ਼ਾ ਨੁਕਸਾਨ ਵਿਚ ਬਦਲ ਗਿਆ ਹੈ, ਗੱਲ ਖ਼ਤਮ। ਜਨਮ, ਮਰਣ ਦੇ ਵਿਚ ਬਦਲ ਗਿਆ ਹੈ। ਜਵਾਨੀ ਬੁਢੇਪੇ ਦੇ ਵਿਚ ਬਦਲ ਗਈ ਹੈ। ਸੰਸਾਰ ਦਾ ਨਿਯਮ ਹੈ। ਪਰਮਾਤਮਾ ਨੇ ਤਮਾਸ਼ਾ ਇਸ ਢੰਗ ਦਾ ਬਣਾਇਆ ਹੈ। ਗੁਰੂ ਸਾਹਿਬ ਕਹਿੰਦੇ ਨੇ ਸੰਸਾਰ ਦੇ ਵਿਚ ਇਹ ਭਰਮ ਤੇ ਮੋਹ ਹੈ। ਇਹੀ ਬੰਧਨ ਜੀਵਾਂ ਨੂੰ ਪਿਆ ਹੋਇਆ ਹੈ, ਇਹ ਸਵਾਂਗ ਨੂੰ ਅਸਲੀਅਤ ਸਮਝ ਲੈਂਦੇ ਨੇ।

ਭ੍ਰਮ ਛੂਟੇ ਤੇ ਏਕੰਕਾਰ॥੩॥

ਇਹ ਭਰਮ ਕਿਧਰੇ ਨਾਸ ਹੋ ਜਾਏ ਤਾਂ ਫਿਰ ਪਤਾ ਚਲਦਾ ਹੈ ਕਿ ਉਹੋ ਇਹ ਤੇ ਇਕ ਖੇਲ ਹੈ, ਪ੍ਰਭੂ ਦਾ ਤਮਾਸ਼ਾ ਹੈ। ੧ਓਅੰਕਾਰ ਹੀ ਹੈ, ਪਰਮਾਤਮਾ ਹੀ ਪਰਮਾਤਮਾ ਹੈ ਬਾਕੀ ਤੇ ਸਭ ਸਵਾਂਗ ਹੈ।

ਓਹੁ ਅਬਿਨਾਸੀ ਬਿਨਸਤ ਨਾਹੀ॥ ਨਾ ਕੋ ਆਵੈ ਨਾ ਕੋ ਜਾਹੀ॥

ਉਹ ਨਾਸ ਰਹਿਤ ਹੈ, ਕਦੀ ਨਾਸ ਨਹੀਂ ਹੁੰਦਾ। ਨਾ ਕੋਈ ਜੰਮਦਾ ਹੈ ਨਾ ਕੋਈ ਮਰਦਾ ਹੈ। ਵਾਸਤਵਿਕ ਵਿਚ ਇਕ ਖੇਲ ਹੈ।

ਆਵਨ ਜਾਨੁ ਇਕੁ ਖੇਲੁ ਬਨਾਇਆ॥
ਆਗਿਆਕਾਰੀ ਕੀਨੀ ਮਾਇਆ॥

ਖੇਲ ਨੂੰ ਸੱਚ ਸਮਝ ਕੇ ਮਨੁਖ ਸਾਰਾ ਮੋਹ ਉਸ ਨਾਲ ਜੋੜ ਦਿੰਦਾ ਹੈ ਤੇ ਫਿਰ ਦੁਖੀ ਹੁੰਦਾ ਹੈ। ਮਹਾਰਾਜ ਕਹਿੰਦੇ ਨੇ ਕੋਈ ਆਉਂਦਾ ਨਹੀਂ, ਕੋਈ ਜਾਂਦਾ ਨਹੀਂ।

ਗੁਰਿ ਪੂਰੈ ਹਉਮੈ ਮਲੁ ਧੋਈ॥

ਜਿਸ ਦਿਨ ਪੂਰੇ ਗੁਰਦੇਵ ਦੀ ਸੰਗਤ ਮਿਲੀ, ਉਸ ਦਾ ਉਪਦੇਸ਼ ਹਿਰਦੇ

ਵਿਚ ਵਸਿਆ, ਹੰਕਾਰ ਦਾ ਨਾਸ ਹੋ ਗਿਆ, ਮੈਂ ਹਾਂ, ਮੈਂ ਹਾਂ, ਇਹ ਖ਼ਤਮ ਹੋ ਗਿਆ ਹੁਣ ਤਾਂ ਮੈਂ ਨਹੀਂ ਹਾਂ।

ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ॥{ਅੰਗ ੮੨੭}

----

ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥{ਅੰਗ ੧੩੭੫}

ਜਦ ਮੈਂ ਹਾਂ ਹੀ ਨਹੀਂ ਤੇ ਫਿਰ ਨਾਸ ਕੀ ਹੋਵੇਗਾ।ਗੁਰੂ ਦੇ ਉਪਦੇਸ਼ ਨਾਲ ਮੈਂ ਹਾਂ ਵਾਲੀ ਭਰਾਂਤੀ ਜਦ ਨਾਸ ਹੋ ਜਾਂਦੀ ਹੈ, ਹੰਕਾਰ ਨਾਸ ਹੋ ਜਾਂਦਾ ਹੈ।

ਕਹੁ ਨਾਨਕ ਮੇਰੀ ਪਰਮ ਗਤਿ ਹੋਈ॥੪॥੧॥

ਫਿਰ ਉਸ ਜੀਵ ਦੀ ਪਰਮ ਗਤੀ ਹੋ ਜਾਂਦੀ ਹੈ। ਇਹ ਸ਼ਬਦ ਸੁਣ ਕੇ ਸੰਤੋਖ ਦਾਸ ਨੇ ਆਪਣਾ ਮਸਤਕ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੇ ਕਦਮਾਂ ਤੇ ਰੱਖ ਦਿੱਤਾ, ਪ੍ਰਾਣ ਪੰਖੇਰੂਆਂ ਦਾ ਅੰਤ ਹੋ ਗਿਆ, ਵਾਕਈ ਉਸ ਦੀ ਪਰਮ ਗਤੀ ਹੋ ਗਈ। ਮਹਾਰਾਜ ਨੇ ਉਸ ਦੇ ਨਾਮ ਤੇ ਹੀ ਸਰੋਵਰ ਦਾ ਨਾਮ ਰਖਿਆ ਅਤੇ ਬੜੇ ਵਰ ਵੀ ਦਿੱਤੇ।

❋❋❋

# ਰੋਜ਼ੀ, ਰਿਜ਼ਕ ਤੇ ਜੀਵਨ

ਧਨਾਸਰੀ ਬਾਣੀ ਭਗਤ ਨਾਮ ਦੇਵ ਜੀ ਕੀ

ੴ ਸਤਿਗੁਰ ਪ੍ਰਸਾਦਿ

ਗਹਰੀ ਕਰਿ ਕੈ ਨੀਵ ਖੁਦਾਈ ਊਪਰਿ ਮੰਡਪ ਛਾਏ॥ ਮਾਰਕੰਡੇ ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ ਬਲਾਏ॥ ਹਮਰੋ ਕਰਤਾ ਰਾਮੁ ਸਨੇਹੀ॥ ਕਾਹੇ ਰੇ ਨਰ ਗਰਬੁ ਕਰਤ ਹਹੁ ਬਿਨਸਿ ਜਾਇ ਝੂਠੀ ਦੇਹੀ॥੧॥ ਰਹਾਉ॥ ਮੇਰੀ ਮੇਰੀ ਕੈਰਉ ਕਰਤੇ ਦੁਰਜੋਧਨ ਸੇ ਭਾਈ॥ ਬਾਰਹ ਜੋਜਨ ਛਤ੍ਰੁ ਚਲੈ ਥਾ ਦੇਹੀ ਗਿਰਝਨ ਖਾਈ॥੨॥ ਸਰਬ ਸੋੁਇਨ ਕੀ ਲੰਕਾ ਹੋਤੀ ਰਾਵਨ ਸੇ ਅਧਿਕਾਈ॥ ਕਹਾ ਭਇਓ ਦਰਿ ਬਾਂਧੇ ਹਾਥੀ ਖਿਨ ਮਹਿ ਭਈ ਪਰਾਈ॥੩॥ ਦੁਰਬਾਸਾ ਸਿਉ ਕਰਤ ਠਗਉਰੀ ਜਾਦਵ ਏ ਫਲ ਪਾਏ॥ ਕ੍ਰਿਪਾ ਕਰੀ ਜਨ ਅਪੁਨੇ ਊਪਰ ਨਾਮ ਦੇਉ ਹਰਿ ਗੁਨ ਗਾਏ॥੪॥

(ਅੰਗ ੬੯੨)

ਭਗਤ ਸਿਰਮੌਰ ਸ੍ਰੀ ਨਾਮਦੇਵ ਜੀ ਜੋ ਮਹਾਰਾਸ਼ਟਰ ਦੇ ਪ੍ਰਸਿੱਧ ਸੰਤ ਕਹਿਲਾਉਂਦੇ ਨੇ, ਪੰਡਰਪੁਰ ਆਪ ਜੀ ਦੀ ਜਨਮ ਭੂਮੀ ਹੈ ਅਤੇ ਇਹਨਾਂ ਦੇ ਨਾਲ ਕਈ ਤਰ੍ਹਾਂ ਦੇ ਕਰਿਸ਼ਮੇ ਜੁੜੇ ਹੋਏ ਨੇ। ਜੈਸੇ ਹਜ਼ੂਰ ਸਾਹਿਬ ਤੋਂ ਔਰੰਗਾਬਾਦ ਹਾਈਵੇ (Highway) ਤੇ ੧੯ ਕੁ ਮੀਲ ਦੀ ਦੂਰੀ ਤੇ ਔਂਡਾ ਨਾਮ ਦਾ ਇਕ ਤੀਰਥ ਹੈ। ਉਥੇ ਘੁੰਮਿਆ ਹੋਇਆ ਮੰਦਰ ਹੈ। ਫਿਰਿਆ ਹੋਇਆ ਮੰਦਰ ਹੈ। ਮੂਰਤੀਆਂ ਦਾ ਮੂੰਹ ਇਕ ਪਾਸੇ ਹੈ ਔਰ ਮੰਦਰ ਦਾ ਦਰਵਾਜ਼ਾ ਦੂਜੇ ਪਾਸੇ ਹੈ:-

ਫੇਰਿ ਦੀਆ ਦੇਹੁਰਾ ਨਾਮੇ ਕਉ<br>ਪੰਡੀਅਨ ਕਉ ਪਿਛਵਾਰਲਾ॥ (ਅੰਗ੧੨੯੨)

ਇਸ ਪਾਵਨ ਪਵਿੱਤਰ ਵਾਕ ਦੀ ਪ੍ਰਾਰੰਭਤਾ ਵਿਚ ਛੋਟੇ ਰੂਪ ਵਿਚ ਮੰਗਲਾਚਰਨ ਹੈ। ਜਿਸ ਤੋਂ ਉਤਪਤੀ ਹੋ ਰਹੀ ਹੈ, ਪਾਲਣਾ ਹੋ ਰਹੀ ਹੈ, ਨਾਸ ਹੋ ਰਿਹਾ ਹੈ, ਉਹ ਵਾਹਿਦ ਇਕ ਹੈ। ਇਹਨਾਂ ਤਿੰਨਾਂ ਕਿਰਿਆਵਾਂ ਨੂੰ ਕਰਨ ਵਾਲੇ ਕੋਈ ਤਿੰਨ ਰੂਪ ਨਹੀਂ ਹਨ, ਕੋਈ ਤਿੰਨ ਵੱਖ ੨ ਸ਼ਕਤੀਆਂ ਨਹੀਂ ਹਨ, ਇਕੋ ਹੀ ਹੈ। ਇਹ ਇਕ ਦੇ ਹੀ ਤਿੰਨ ਰੂਪ ਹਨ। ਜਿਸ ਨੂੰ ਕਲਗੀਧਰ ਪਾਤਸ਼ਾਹ ਇੰਝ ਕਹਿੰਦੇ ਨੇ:-

ਏਕ ਮੂਰਤਿ ਅਨੇਕ ਦਰਸ਼ਨ ਕੀਨ ਰੂਪ ਅਨੇਕ॥<br>ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰਿ ਏਕ॥੮੧॥

(ਜਾਪੁ ਸਾਹਿਬ)

ਉਹ ਇਕ ਹੈ, ਉਸੇ ਤੋਂ ਉਤਪਤੀ, ਪਾਲਣਾ ਅਤੇ ਨਾਸ ਹੋ ਰਿਹਾ ਹੈ। ਉਹ ਸਤ ਸਰੂਪ ਹੈ, ਮਿਥ ਨਹੀਂ ਹੈ। ਸਤ ਹੈ, ਹੋਂਦ ਵਾਲਾ ਹੈ, ਫਿਰ ਸਾਰੇ ਦਾ ਸਾਰਾ ਗਿਆਨ, ਚਾਹੇ ਉਹ ਕਲਾ ਦਾ ਗਿਆਨ ਹੈ, ਚਾਹੇ ਉਹ ਪਦਾਰਥ ਦਾ ਗਿਆਨ ਹੈ ਔਰ ਚਾਹੇ ਸਵੈ (self) ਪਰਮਾਤਮਾ ਦਾ ਗਿਆਨ ਹੈ। ਇਹ ਸਾਰੇ ਦਾ ਸਾਰਾ ਗਿਆਨ ਪਰਮਾਤਮਾ ਤੋਂ ਆਉਂਦਾ ਹੈ, ਇਸ ਵਾਸਤੇ ਉਹ ਗੁਰੂ ਹੈ। ਆਦਿ ਗੁਰੂ ਉਹ ਇਕ ਪਰਮਾਤਮਾ ਹੈ।

ਆਦਿ ਅੰਤਿ ਏਕੈ ਅਵਤਾਰਾ॥
ਸੋਈ ਗੁਰੂ ਸਮਝਿਯਹੁ ਹਮਾਰਾ॥੯॥
{ਕਬਿਯੋ ਬਾਚ ਬੇਨਤੀ॥ਚੌਪਈ॥}

ਉਸ ਦੇ ਸੁਭਾਉ ਵਿਚ ਬਖਸ਼ਿਸ਼ ਹੀ ਬਖਸ਼ਿਸ਼ ਹੈ। ਉਸ ਦੇ ਸੁਭਾਉ ਵਿਚ ਕਠੋਰਤਾ ਨਹੀਂ। ਉਹ ਪ੍ਰਸਾਦਿ ਹੈ, ਬਖਸ਼ਿੰਦ ਹੈ, ਕਰੀਮ ਹੈ, ਰਹੀਮ ਹੈ। ਇਹੋ ਉਸਦਾ ਸੁਭਾਉ ਹੈ, ਏਹੀ ਉਸ ਸੀ ਫ਼ਿਤਰਤ ਹੈ।

## ਗਹਰੀ ਕਰਿ ਕੈ ਨੀਵ ਖੁਦਾਈ ਊਪਰਿ ਮੰਡਪ ਛਾਏ॥

ਧਾਰਮਿਕ ਮਨੋਵਿਗਿਆਨ ਐਸਾ ਕਹਿ ਰਿਹਾ ਹੈ ਕਿ ਮਨੁਖ ਦਾ ਬੜਾ ਪ੍ਰਬਲ ਮੋਹ, ਬੜੀ ਪ੍ਰਬਲ ਪਕੜ ਆਪਣੀ ਕਾਇਆ ਨਾਲ ਹੈ, ਆਪਣੇ ਸਰੀਰ ਨਾਲ ਹੈ। ਜਿਤਨੀ ਪਕੜ ਇਸ ਦੀ ਆਪਣੇ ਤਨ ਨਾਲ ਹੈ, ਇਤਨੀ ਪਕੜ ਹੋਰ ਕਿਸੇ ਨਾਲ ਨਹੀਂ। ਮਨੁਖ ਦੀਆਂ ਅਨੰਤ ਮੰਗਾਂ ਵਿਚੋਂ ਪਹਿਲੀ ਪ੍ਰਬਲ ਮੰਗ ਹੈ, ਇਹ ਜੀਵਣਾ ਚਾਹੁੰਦਾ ਹੈ। ਕਿਹੜਾ ਜੀਵਨ? ਇਹ ਸਰੀਰਕ ਜੀਵਨ। ਇਹ ਇੰਦਰੀਆਂ ਦਾ ਜੀਵਨ। ਜੀਵਨ ਦੀ ਲਾਲਸਾ ਰੋਜ਼ ਰੋਜ਼ ਵਧਦੀ ਹੈ, ਜਦ ਕਿ ਸਰੀਰ ਦੀ ਉਮਰ ਰੋਜ਼ ਰੋਜ਼ ਘਟਦੀ ਹੈ। ਐਸਾ ਨਹੀਂ ਹੈ ਕਿ ਸਰੀਰ ਦੀ ਉਮਰ ਘਟ ਰਹੀ ਹੈ ਤੇ ਜੀਵਨ ਦੀ ਚਾਹਤ ਵੀ ਘਟ ਰਹੀ ਹੈ, ਨਹੀਂ। ਸਰੀਰ ਘਟਦਾ ਜਾ ਰਿਹਾ ਹੈ, ਉਮਰ ਘਟਦੀ ਜਾ ਰਹੀ ਹੈ, ਜੀਵਨ ਦੀ ਚਾਹਤ ਵਧਦੀ ਜਾ ਰਹੀ ਹੈ। ਲਾਲਸਾ ਵਧਦੀ ਜਾ ਰਹੀ, ਇੱਥੋਂ ਹੀ ਸੰਤੁਲਨ (Balance) ਬਿਗੜਦਾ ਹੈ।

ਦੂਸਰਾ ਜਦ ਇਸ ਸਰੀਰ ਦਾ ਜੀਵਨ ਚਾਹੀਦਾ ਹੈ ਔਰ ਇਹੋ ਹੀ ਜੀਵਨ ਦਾ ਲਕਸ਼ ਹੈ। ਇਹੋ ਜੀਵਨ ਦਾ ਸਿਧਾਂਤ ਇਸ ਨੇ ਰਖ ਲਿਆ ਹੈ, ਭਾਵੇਂ ਸਿਧਾਂਤ ਨਹੀਂ ਹੈ ਕਿਉਂਕਿ ਸਿਧਾਂਤ ਦੇ ਅੱਖਰੀ ਅਰਥ ਨੇ ਸਿੱਧ-ਅੰਤ। ਸਿੱਧੀ ਦਾ ਅੰਤ ਹੋ ਗਿਆ, ਇਸ ਤੋਂ ਅੱਗੇ ਕੋਈ ਸਿੱਧੀ ਨਹੀਂ। ਸਿਧਾਂਤ ਤੇ ਨਹੀਂ ਹੈ ਕਿ ਇਸ ਤੋਂ ਅੱਗੇ ਕੋਈ ਜੀਵਨ ਹੀ ਨਹੀਂ ਹੈ, ਪਰ ਮਨੁਖ ਇਸ ਨੂੰ ਸਿਧਾਂਤ ਮੰਨ ਲੈਂਦਾ ਹੈ। ਕੋਈ ਡਾਕਟਰ ਚਾਹੇ ਉਹ ਕਿਸੇ ਵੀ ਅੰਗ ਦਾ ਵਿਸ਼ੇਸ਼ਗ ਹੋਵੇ। ਭਾਵੇਂ ਅੱਖਾਂ ਦਾ ਸਪੈਸ਼ਲਿਸਟ (Eye Specialist) ਹੋਵੇ, ਭਾਵੇਂ ਬਰੇਨ ਸਪੈਸ਼ਲਿਸਟ(Brain Specialist) ਹੋਵੇ ਤੇ ਭਾਵੇਂ ਹਾਰਟ ਸਪੈਸ਼ਲਿਸਟ (Heart Specialist) ਹੋਵੇ ਯਾ ਡੈਂਟਿਸਟ (Dentist) ਹੈ। ਉਹ ਇਹ ਨਹੀਂ ਕਹਿ ਸਕਦੇ ਕਿ ਅਸੀਂ ਜੋ ਪ੍ਰਾਪਤ ਕੀਤਾ ਹੈ, ਉਹ ਸਿਧਾਂਤ ਹੈ। ਸਿੱਧੀ ਦਾ ਅੰਤ ਨਹੀਂ, ਉਸ ਤੋਂ ਅੱਗੇ ਵੀ ਖੋਜ ਕੀਤੀ ਜਾ ਸਕਦੀ ਹੈ। ਇਸ ਵਾਸਤੇ ਸਾਇੰਸ (Science) ਕਦੀ ਇਸ ਤਰ੍ਹਾਂ ਦਾ ਦਾਵਾ ਨਹੀਂ ਕਰਦੀ ਕਿ ਇਹ ਸਿਧਾਂਤ ਹੈ। ਇਸ ਤੋਂ ਅੱਗੇ ਕੁਝ ਹੈ ਹੀ ਨਹੀਂ, ਐਸਾ ਨਹੀਂ ਕਹਿੰਦੇ। ਆਮ ਸਾਧਾਰਨ ਮਨੁਖ ਇਹ ਭੁਲ ਕਰ ਲੈਂਦੇ ਨੇ ਕਿ ਇਹ ਸਾਡਾ

ਸਿਧਾਂਤ ਹੈ। ਸਿੱਧੀ ਦਾ ਅੰਤ ਹੈ। ਜੈਸੇ ਜੀਵਨ ਦੀ ਲਾਲਸਾ ਇਹ ਜੀਵਨ ਸਿਧਾਂਤ ਹੈ, ਬਸ ਇਹੋ ਹੈ, ਇਹ ਸਿਧਾਂਤ ਨਹੀਂ ਹੈ। ਇਹ ਸਿੱਧੀ ਦਾ ਅੰਤ ਨਹੀਂ ਹੈ। ਇਹ ਤੇ ਰਸਤੇ ਦਾ ਪੜਾਉ ਹੈ। ਬੜੀ ਪ੍ਰਬਲ ਹੈ ਜੀਵਨ ਦੀ ਲਾਲਸਾ। ਇਹ ਸਰੀਰਕ ਜੀਵਨ, ਤਾਂ ਰਹਿ ਸਕਦਾ ਹੈ, ਜੇ ਰਿਜ਼ਕ ਹੋਵੇ। ਇਹ ਰਿਜ਼ਕ ਤਾਂ ਰਹਿ ਸਕਦਾ ਹੈ, ਜੇ ਰੋਜ਼ੀ ਹੋਵੇ। ਰਿਜ਼ਕ ਤੇ ਰੋਜ਼ੀ ਦਾ ਇਕੱਠਾ ਸੰਬੰਧ ਹੈ। ਰੋਜ਼ੀ ਹੈ ਤੇ ਰਿਜ਼ਕ ਹੈ, ਰਿਜ਼ਕ ਹੈ ਤੇ ਤਨ ਹੈ। ਇਹ ਤਿੰਨੇ ਇਕੱਠੇ ਜੁੜੇ ਹੋਏ ਨੇ।

## ਰੋਜ਼ੀ, ਰਿਜ਼ਕ ਅਤੇ ਇਹ ਜੀਵਨ

ਸਰੀਰਕ ਜੀਵਨ। ਇਹਨਾਂ ਵਿਚੋਂ ਇਕ ਵੀ ਨਾ ਹੋਵੇ, ਰੋਜ਼ੀ ਨਹੀਂ ਹੈ, ਫਿਰ ਰਿਜ਼ਕ ਨਹੀਂ ਹੈ। ਰਿਜ਼ਕ ਨਹੀਂ ਹੈ ਤੇ ਫਿਰ ਇਹ ਜੀਵਨ ਵੀ ਨਹੀਂ ਹੈ। ਇਹ ਸਰੀਰਕ ਜੀਵਨ ਵੀ ਨਹੀਂ ਹੈ। ਇਸ ਵਾਸਤੇ ਆਮ ਮਨੁਖ ਦੀ ਸਾਰੀ ਸ਼ਕਤੀ ਖ਼ਰਚ ਹੋ ਜਾਂਦੀ ਹੈ, ਇਸ ਰੋਜ਼ੀ ਦੀ ਤਲਾਸ਼ ਵਾਸਤੇ। ਰੋਜ਼ੀ ਦੀ ਤਲਾਸ਼, ਰਿਜ਼ਕ ਦੀ ਤਲਾਸ਼। ਰਿਜ਼ਕ ਦੀ ਤਲਾਸ਼ ਇਹ ਸਰੀਰਕ ਜੀਵਨ ਦੀ ਤਲਾਸ਼ ਹੈ, ਹੋਰ ਕੁਛ ਵੀ ਨਹੀਂ ਹੈ। ਸਾਰੀ ਜ਼ਿੰਦਗੀ ਰਿਜ਼ਕ ਦੀ ਤਲਾਸ਼ ਵਿਚ ਲੰਘਦੀ ਹੈ। ਇਕ ਆਮ ਸਰਕਾਰੀ ਮੁਲਾਜ਼ਿਮ ਅੱਠ ਦਸ ਘੰਟੇ ਆਫ਼ਿਸ (office) ਵਿਚ ਤੇ ਬੈਠਦਾ ਹੀ ਹੈ। ਘੰਟਾ ਇਸ ਨੂੰ ਜਾਣ ਵਿਚ ਲਗਦਾ ਹੋਵੇਗਾ, ਘੰਟਾ ਇਸ ਨੂੰ ਆਉਣ ਵਿਚ ਲਗਦਾ ਹੋਵੇਗਾ, ਅੱਠ ਘੰਟੇ ਦੀ ਡਿਊਟੀ ਹੈ। ਦੁਕਾਨਦਾਰ ਕਈ ਦਫ਼ਾ ਬਾਰਾਂ ੨ ਘੰਟੇ ਬੈਠਦੇ ਨੇ, ਫਿਰ ਘਰ ਦੇ ਵਿਚ ਆ ਕੇ ਵੀ ਸਿਰ ਖਪਾਈ ਕਰਦੇ ਨੇ। ਇਹ ਸਾਰੀ ਮਿਹਨਤ ਰੋਜ਼ੀ ਕਹਿਲਾਉਂਦੀ ਹੈ। ਇਸ ਨਾਲ ਰਿਜ਼ਕ ਮਿਲਦਾ ਹੈ ਅਤੇ ਰਿਜ਼ਕ ਨਾਲ ਇਹ ਸਰੀਰਕ ਜੀਵਨ ਚਲਦਾ ਹੈ।

ਸਤਿਗੁਰਾਂ ਦੀ ਬਾਣੀ ਤੇ ਐਸਾ ਕਹਿੰਦੀ ਹੈ ਕਿ ਇਹ ਸਰੀਰ ਇਕ ਰਿਜ਼ਕ ਹੀ ਹੈ, ਹੋਰ ਕੁਛ ਵੀ ਨਹੀਂ। ਐਸਾ ਨਹੀਂ ਕਿ ਇਹ ਰਿਜ਼ਕ ਨਾਲ ਚਲਦਾ ਹੈ, ਇਹ ਬਣਿਆ ਵੀ ਰਿਜ਼ਕ ਨਾਲ ਹੈ। ਹੈ ਕੀ? ਰਿਜ਼ਕ ਹੀ। ਇਹ ਬਣਿਆ ਵੀ ਰੋਟੀ ਤੋਂ ਹੈ ਅਤੇ ਹੈ ਵੀ ਰੋਟੀ, ਹੋਰ ਕੁਛ ਵੀ ਨਹੀਂ। ਇਕ ਨੁਕਤਾ।

ਰਕਤੁ ਬਿੰਦੁ ਕਰਿ ਨਿੰਮਿਆ ਅਗਨਿ ਉਦਰ ਮਝਾਰਿ॥

{ਅੰਗ ੭੦੬}

ਇਹ ਤਨ ਬਣਦਾ ਹੈ ਰਕਤ ਤੋਂ (ਲਹੂ ਤੋਂ) ਅਤੇ ਬਿੰਦ ਤੋਂ। ਫਿਰ ਗੁਰਬਾਣੀ ਖੋਲਦੀ ਹੈ।

ਮਾ ਕੀ ਰਕਤੁ ਪਿਤਾ ਬਿਦੁ ਧਾਰਾ॥

{ਅੰਗ ੧੦੨੨}

ਮਾਂ ਦਾ ਲਹੂ ਹੈ, ਪਿਤਾ ਦਾ ਬਿੰਦ ਹੈ।

ਬਿੰਦੁ ਤੇ ਜਿਨਿ ਪਿੰਡੁ ਕੀਆ ਅਗਨਿ ਕੁੰਡ ਰਹਾਇਆ॥
ਦਸ ਮਾਸ ਮਾਤਾ ਉਦਰਿ ਰਾਖਿਆ ਬਹੁਰਿ ਲਾਗੀ ਮਾਇਆ॥

{ਅੰਗ ੪੮੧}

ਰਿਜ਼ਕ ਤੋਂ, ਰੋਟੀ ਤੋਂ ਖ਼ੂਨ ਬਣਿਆ ਹੈ, ਰੋਟੀ ਤੋਂ ਬਿੰਦ ਬਣਿਆ ਹੈ।

ਰਕਤ ਤੇ ਬਿੰਦ ਦੇ ਸੰਜੋਗ ਤੋਂ ਇਹ ਸਰੀਰ ਬਣਿਆ ਹੈ। ਪਰ ਹੁਣ ਸਵਾਲ ਪੈਦਾ ਹੁੰਦਾ ਹੈ, ਬਿੰਦ ਕਿਵੇਂ ਬਣਿਆ, ਲਹੂ ਕਿਵੇਂ ਬਣਿਆ? ਉੱਤਰ ਹੈ, ਰੋਟੀ ਤੋਂ ਬਣਿਆ ਹੈ। ਭੋਜਨ ਤੋਂ ਬਣਦਾ ਹੈ। ਯਾ ਤੇ ਕਹੋ ਖ਼ੂਨ ਕਿਸੇ ਹੋਰ ਚੀਜ਼ ਤੋਂ ਬਣਦਾ ਹੈ। ਹੁਣ ਬਿੰਦ ਕਿਸ ਤੋਂ ਬਣਦਾ ਹੈ? ਰੋਟੀ ਤੋਂ ਬਣਦਾ ਹੈ, ਖ਼ੁਰਾਕ ਤੋਂ ਬਣਦਾ ਹੈ। ਖ਼ੂਨ ਕਿਸ ਤੋਂ ਬਣਦਾ ਹੈ? ਰੋਟੀ ਤੋਂ ਬਣਦਾ ਹੈ, ਰਿਜ਼ਕ ਤੋਂ ਬਣਦਾ ਹੈ, ਖ਼ੁਰਾਕ ਤੋਂ ਬਣਦਾ ਹੈ। ਰੋਟੀ ਤੋਂ ਬਣਿਆ ਖ਼ੂਨ ਅਤੇ ਬਿੰਦ। ਰਕਤ ਤੇ ਬਿੰਦ ਦੇ ਸੰਜੋਗ ਤੋਂ ਇਹ ਤਨ ਬਣਿਆ ਹੈ। ਇਸ ਕਰਕੇ ਧਾਰਮਿਕ ਵਿਦਵਾਨ ਕਹਿੰਦੇ ਨੇ, ਤਨ ਰੋਟੀ ਤੋਂ ਜ਼ਿਆਦਾ ਹੋਰ ਕੁਛ ਵੀ ਨਹੀਂ ਹੈ। ਇਹ ਰੋਟੀਆਂ ਦਾ ਢੇਰ ਹੈ ਹੋਰ ਕੁਛ ਵੀ ਨਹੀਂ। ਜਦ ਜੰਮਿਆ, ਬਣਿਆ ਇਹ ਰੋਟੀ ਤੋਂ ਹੈ ਅੱਗੇ ਜੀਵੇਗਾ ਵੀ ਰੋਟੀ ਨਾਲ। ਬਣਿਆ ਜੋ ਰੋਟੀ ਤੋਂ ਸੀ।

ਰੋਟੀ ਦਾ ਤਿਆਗ, ਸਰੀਰਕ ਜੀਵਨ ਦਾ ਤਿਆਗ ਹੈ। ਕੋਈ ਤਿਆਗ ਨਹੀਂ ਕਰ ਸਕਦਾ। ਭਗਤ ਕਬੀਰ ਜੀ ਕਹਿੰਦੇ ਨੇ, ਹੇ ਪਰਮਾਤਮਾ! ਧਿਆਨ ਨਾਲ ਸੁਣ:-

ਭੂਖੇ ਭਗਤਿ ਨ ਕੀਜੈ॥ ਯਹ ਮਾਲਾ ਅਪਨੀ ਲੀਜੈ॥

{ਅੰਗ ੬੫੬}

ਐਹ ਪਕੜ ਆਪਣੀ ਮਾਲਾ, ਮੈਥੋਂ ਭੁਖਿਆਂ ਭਜਨ ਨਹੀਂ ਹੁੰਦਾ। ਰੋਟੀ ਤੋਂ ਸਰੀਰ ਬਣਿਆ ਹੈ, ਰੋਟੀ ਚਾਹੀਦੀ ਹੈ।

ਦੁਇ ਸੇਰ ਮਾਂਗਉ ਚੂਨਾ॥ ਪਾਉ ਘੀਉ ਸੰਗਿ ਲੂਨਾ॥
ਅਧ ਸੇਰੁ ਮਾਂਗਉ ਦਾਲੇ॥ ਮੋ ਕਉ ਦੋਨਉ ਵਖਤ ਜਿਵਾਲੇ॥
ਖਾਟ ਮਾਂਗਉ ਚਉਪਾਈ॥ ਸਿਰਹਾਨਾ ਅਵਰ ਤੁਲਾਈ॥
ਊਪਰ ਕਉ ਮਾਂਗਉ ਖੀਂਧਾ॥ ਤੇਰੀ ਭਗਤਿ ਕਰੈ ਜਨੁ ਥੀਂਧਾ॥

{ਅੰਗ ੬੫੬}

ਤੇ ਕਿਆ ਜੀਵਨ ਦਾ ਲਕਸ਼ ਇਹੋ ਹੈ। ਦੋ ਸੇਰ ਆਟਾ, ਅੱਧ ਸੇਰ ਦਾਲ, ਇਕ ਪਾ ਘਿਉ। ਕਬੀਰ ਨੇ ਰਬ ਦੇ ਅੱਗੇ ਲੰਬੀ ਚੌੜੀ ਲਿਸਟ (list) ਰਖੀ ਹੈ। ਮੈਨੂੰ ਇਹ ਚੀਜ਼ਾਂ ਚਾਹੀਦੀਆਂ ਨੇ। ਮੇਰੇ ਘਰ ਆਟੇ ਦਾ ਖ਼ਰਚ ਦੋ ਸੇਰ ਦਾ ਹੈ ਅਤੇ ਦੋ ਸੇਰ ਚਾਹੀਦਾ ਹੈ। ਫਿਰ ਅੱਧ ਸੇਰ ਮੈਨੂੰ ਦਾਲ ਵੀ ਚਾਹੀਦੀ ਹੈ, ਇਕ ਪਾ ਘਿਉ ਵੀ ਚਾਹੀਦਾ ਹੈ। ਹੇ ਪ੍ਰਭੂ! ਹੋਰ ਵੀ ਸੁਣ ਲੈ, ਮੈਂ ਥੱਲੇ ਨਹੀਂ ਸੌਣਾ। ਮੈਨੂੰ ਚਾਰਪਾਈ ਵੀ ਚਾਹੀਦੀ ਹੈ, ਪਰ ਨੰਗੀ ਚਾਰਪਾਈ ਨਹੀਂ ਚਾਹੀਦੀ, ਬਿਸਤਰਾ ਵੀ ਚਾਹੀਦਾ ਹੈ। ਵਿਛਾਉਣ ਵਾਸਤੇ ਵੀ ਕੁਝ ਚਾਹੀਦਾ ਹੈ, ਉਪਰ ਲੈਣ ਵਾਸਤੇ ਵੀ ਚਾਹੀਦਾ ਹੈ। ਤੇ ਕਿਆ ਜੀਵਨ ਦਾ ਲਕਸ਼ ਇਹੋ ਹੈ? ਕਹਿੰਦਾ ਹੈ ਨਹੀਂ। ਇਹ ਮੇਰੇ ਜਿਉਣ ਦਾ ਲਕਸ਼ ਨਹੀਂ। ਮੈ ਜਿਉਣਾ ਚਾਹੁੰਦਾ ਹਾਂ ਇਸ ਵਾਸਤੇ ਕਿ ਪਰਮ-ਜੀਵਨ ਪ੍ਰਾਪਤ ਕਰ ਸਕਾਂ। ਤੈਨੂੰ ਪ੍ਰਾਪਤ ਕਰ ਸਕਾਂ:-

ਮੈ ਨਾਹੀ ਕੀਤਾ ਲਬੋ॥ ਇਕੁ ਨਾਉ ਤੇਰਾ ਮੈ ਫਬੋ॥

{ਅੰਗ ੬੫੬}

ਸੰਸਾਰੀ ਕਿਸ ਨੂੰ ਕਹਿੰਦੇ ਹਾਂ। ਜਿਉਣ ਵਾਸਤੇ ਖਾਂਦਾ ਹੈ ਪਰ ਜੀਵਨ ਬਤੀਤ ਕਰਦਾ ਹੈ ਖਾਣ ਵਾਸਤੇ। ਹੋਰ ਕੁਛ ਵੀ ਨਹੀਂ। ਕੋਈ ਵੀ ਖ਼ੁਸ਼ੀ ਦਾ

ਸਮਾਗਮ ਹੈ ਯਾ ਖੁਸ਼ੀ ਦਾ ਪ੍ਰਗਟਾਵਾ, ਭੋਜਨ ਤੋਂ ਹੋਵੇਗਾ। ਕਿੰਨੇ ਪ੍ਰਕਾਰ ਦਾ ਭੋਜਨ ਬਣਿਆ ਹੈ। ਸਮਾਜਿਕ ਤੌਰ ਤੇ ਕਈ ਦਫ਼ਾ ਵਿਆਹ ਸ਼ਾਦੀਆਂ ਤੇ ਜਾਣਾ ਪੈਂਦਾ ਹੈ, ਮੈਂ ਤੇ ਦੇਖ ਕੇ ਦੰਗ ਰਹਿ ਜਾਂਦਾ ਹਾਂ। ਸੁਣ ਕੇ ਹੀ ਦੰਗ ਰਹਿ ਗਿਆ, ਛੱਤੀ ਪ੍ਰਕਾਰ ਦਾ ਭੋਜਨ ਹੈ। ਛੱਤੀ ਪ੍ਰਕਾਰ ਦੀਆਂ ਆਈਟਮਾਂ (Items) ਮੌਜੂਦ ਨੇ ਤੇ ਤੁਸੀਂ ਇਹ ਛੱਤੀ ਚੀਜ਼ਾਂ ਖਾਣੀਆਂ ਨੇ। ਮੈਨੂੰ ਕਹਿਣ ਲੱਗੇ ਤੁਸੀਂ ਛੱਤੀ ਪ੍ਰਕਾਰ ਦੇ ਭੋਜਨ ਦੀ ਵਿਆਖਿਆ ਕੀਤੀ ਹੈ। ਅਸੀਂ ਛੱਤੀ ਪ੍ਰਕਾਰ ਦੇ ਖਾਣੇ ਬਣਾਏ ਨੇ। ਖੁਸ਼ੀ ਹੈ, ਖੁਸ਼ੀ ਨੂੰ ਕਿਵੇਂ ਮਨਾਈਏ? ਬਸ ਭੋਜਨ ਬਣਾ ਕੇ। ਭੋਜਨ ਖੁਸ਼ੀ ਹੈ, ਖੁਸ਼ੀ ਭੋਜਨ ਹੈ, ਹੋਰ ਕੁਛ ਵੀ ਨਹੀਂ। ਬੜੇ ੨ ਗੁਰਮਤਿ ਸਮਾਗਮ ਹੁੰਦੇ ਨੇ, ਉਥੇ ਮੈਂ ਕਈ ਸੱਜਣਾਂ ਨੂੰ ਦੇਖਿਆ, ਬਸ ਲੰਗਰ ਦੀਆਂ ਹੀ ਪਰਕਰਮਾਂ ਕਰਦੇ ਰਹਿਣਗੇ, ਮਜ਼ਾਲ ਹੈ ਕੀਰਤਨ ਸੁਣਨ, ਕਥਾ ਸੁਣਨ। ਉਹਨਾਂ ਦਾ ਇਸ ਨਾਲ ਕੋਈ ਮਤਲਬ ਹੀ ਨਹੀਂ।

ਸਰੀਰ ਦੀ ਜਿਤਨੀ ਜ਼ਿਆਦਾ ਪਕੜ ਹੋਵੇਗੀ, ਭੋਜਨ ਦੀ ਪਕੜ ਵੀ ਉਤਨੀ ਜ਼ਿਆਦਾ ਹੋਵੇਗੀ। ਸਰੀਰ ਦਾ ਮੋਹ ਜਿਤਨਾ ਪ੍ਰਬਲ ਹੋਵੇਗਾ, ਰੋਟੀ ਦਾ ਮੋਹ ਵੀ ਉਤਨਾ ਪ੍ਰਬਲ ਹੋਵੇਗਾ। ਉਤਨਾ ਹੀ ਜ਼ਿਆਦਾ ਹੋਵੇਗਾ, ਕਿਉਂ? ਸਰੀਰ ਹੈ ਹੀ ਰੋਟੀ। ਫਿਰ ਸਾਰੀ ਜ਼ਿੰਦਗੀ ਰੋਟੀ ਦੀ ਤਲਾਸ਼, ਕਿਉਂਕਿ ਸਰੀਰਕ ਜੀਵਨ ਹੀ ਜਿਉਂਣ ਦਾ ਲਕਸ਼ ਹੈ। ਇਸ ਨੂੰ ਸਿਧਾਂਤ ਮੰਨਿਆ ਹੋਇਆ ਹੈ, ਜਦ ਕਿ ਇਹ ਸਿਧਾਂਤ ਨਹੀਂ ਹੈ। ਸਾਰੀ ਮਿਹਨਤ ਫਿਰ ਰੋਟੀ ਵਾਸਤੇ, ਸਾਰੀ ਭੱਜ ਦੌੜ ਫਿਰ ਰੋਟੀ ਵਾਸਤੇ। ਕਰੰਸੀ (currency) ਦੇ ਬੰਡਲ (Bundle) ਰੋਟੀਆਂ ਦੇ ਹੀ ਬੰਡਲ ਹਨ, ਹੋਰ ਕੁਛ ਵੀ ਨਹੀਂ। ਮਨੁਖ ਰੋਟੀਆਂ ਦੇ ਬੰਡਲ ਇਤਨੇ ਜਮ੍ਹਾਂ ਕਰ ਲੈਣਾ ਚਾਹੁੰਦਾ ਹੈ, ਕਮ-ਸੇ-ਕਮ ਮੇਰੀਆਂ ਸਤ ਪੀੜ੍ਹੀਆਂ ਨੂੰ ਰੋਟੀ ਮਿਲਦੀ ਰਹੇ। ਮੈਨੂੰ ਮਿਲਦੀ ਰਹੇ, ਮੇਰੇ ਪੁੱਤਰਾਂ ਨੂੰ ਮਿਲਦੀ ਰਹੇ, ਪੋਤਰਿਆਂ ਨੂੰ ਮਿਲਦੀ ਰਹੇ, ਪੜ-ਪੋਤਿਆਂ ਨੂੰ ਮਿਲਦੀ ਰਹੇ। ਸਾਰੀ ਚਿੰਤਾ ਰੋਟੀ ਲਈ, ਜੀਵਨ ਦਾ ਲਕਸ਼ ਰੋਟੀ।

ਜੀਵਿਆ ਜਾ ਰਿਹਾ ਹੈ ਰੋਟੀ ਦੀ ਖ਼ਾਤਰ, ਹੋਰ ਕੁਛ ਵੀ ਨਹੀਂ। ਕਿਸੇ ਨੂੰ ਪੁਛੋ ਕੀ ਕਰ ਰਹੇ ਹੋ? ਰੋਟੀ ਕਮਾ ਰਹੇ ਹਾਂ, ਹੋਰ ਕੁਛ ਵੀ ਨਹੀਂ। ਹਰ ਇਕ ਦੇ ਜੀਵਨ ਦਾ ਲਕਸ਼ ਰੋਟੀ ਹੈ। ਹਰ ਇਕ ਦੇ ਜੀਵਨ ਦਾ ਲਕਸ਼ ਇਹ ਸਰੀਰਕ ਜੀਵਨ ਹੈ। ਇਸ ਕਰਕੇ ਹਰ ਇਕ ਦੇ ਅੰਦਰ ਬੜਾ ਪ੍ਰਬਲ ਮੋਹ ਹੈ ਇਸ ਜੀਵਨ ਦਾ, ਇਸ ਸਰੀਰ ਦਾ, ਇਸ ਕਾਇਆ ਦਾ।

ਜੋ ਧਾਰਮਿਕ ਅਨੁਭਵੀ ਪੁਰਸ਼ ਕਹਿੰਦੇ ਨੇ, ਉਹ ਇਕ ਨੁਕਤਾ ਹੋਰ। ਗੁਰਬਾਣੀ ਕਹਿੰਦੀ ਹੈ:-

ਦੁਖੀ ਦੁਨੀ ਸਹੇੜੀਐ ਜਾਇ ਤ ਲਗਹਿ ਦੁਖ॥

{ਅੰਗ ੧੨੮੭}

ਬੜੇ ਕਸ਼ਟ ਨਾਲ, ਬੜੀ ਮਿਹਨਤ ਨਾਲ, ਬੜੀ ਭੱਜ-ਦੌੜ ਨਾਲ, ਬੜੇ ਤਰੱਦਦ ਨਾਲ ਧਨ ਮਿਲਦਾ ਹੈ, ਉਂਝ ਨਹੀਂ ਮਿਲਦਾ। ਪਾਣੀ ਦੀ ਬਾਰਿਸ਼ ਤਾਂ ਹੁੰਦੀ ਹੈ ਪਰ ਧਨ ਦੀ ਬਾਰਿਸ਼ ਨਹੀਂ ਹੁੰਦੀ। ਯਾ ਇੰਝ ਕਹਿ ਲਵੋ, ਪਾਣੀ ਦੀ ਬਾਰਿਸ਼ ਤਾਂ ਹੁੰਦੀ ਹੈ, ਰੋਟੀਆਂ ਦੀ ਬਾਰਿਸ਼ ਨਹੀਂ ਹੁੰਦੀ। ਪਾਣੀ ਦੇ ਦਰਿਆ ਤਾਂ ਚਲਦੇ ਨੇ, ਰੋਟੀਆਂ ਦੇ ਦਰਿਆ ਨਹੀਂ ਚਲਦੇ। ਪਾਣੀ ਦਾ ਸਾਗਰ ਹੁੰਦਾ ਹੈ, ਰੋਟੀਆਂ ਦਾ ਸਾਗਰ ਨਹੀਂ ਹੁੰਦਾ। ਰੋਟੀ ਤੇ ਕਮਾਉਣੀ ਪੈਂਦੀ ਹੈ। ਤੁਹਾਨੂੰ ਕਦ

ਕੋਈ ਇਸ ਤਰ੍ਹਾਂ ਦਾ ਮਿਲਿਆ ਹੈ ਜੋ ਆਖੇ ਪਾਣੀ ਕਮਾਉਣ ਵਾਸਤੇ ਮੈਂ ਇਕ ਸ਼ਹਿਰ ਤੋਂ ਦੂਜੇ ਸ਼ਹਿਰ ਗਿਆ ਸੀ ਜਾਂ ਇਸ ਮੁਲਕ ਤੋਂ ਦੂਜੇ ਮੁਲਕ ਗਿਆ ਸੀ। ਨਹੀਂ, ਰੋਟੀ ਕਮਾਉਣ ਵਾਸਤੇ ਗਿਆ ਸੀ। ਪਾਣੀ ਕਮਾਉਣ ਵਾਸਤੇ ਕੋਈ ਨਹੀਂ ਜਾਂਦਾ, ਪਾਣੀ ਦੀ ਤੇ ਬਾਰਿਸ਼ ਹੁੰਦੀ ਹੈ ਔਰ ਹਰ ਜਗ੍ਹਾ ਹੁੰਦੀ ਹੈ। ਇਤਨੀ ਚਿੰਤਾ ਪਾਣੀ ਦੀ ਨਹੀਂ ਹੈ, ਕੇਵਲ ਰੋਟੀ ਦੀ ਹੈ। ਇਸ ਕਰਕੇ ਹਰ ਬਸ਼ਰ (person) ਕਹੇਗਾ ਰੋਟੀ ਤੇ ਕਮਾਉਣੀ ਹੈ। ਕਮਾਉਣ ਦੀ ਨਿੰਦਾ ਨਹੀਂ, ਕਮਾਉਣੀ ਚਾਹੀਦੀ ਹੈ:-

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥
ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥{ਅੰਗ ੫੨੨}

ਰੋਟੀ ਕਿਉਂ ਕਮਾਉਣਾ ਚਾਹੁੰਦਾ ਹੈਂ, ਮੈਂ ਜਿਉਣਾ ਚਾਹੁੰਦਾ ਹਾਂ, ਤੇ ਜਿਉਣਾ ਕਿਉਂ ਚਾਹੁੰਦੇ ਹੋ, ਰੋਟੀ ਖਾਣ ਵਾਸਤੇ। ਹੋਰ ਕੁਛ ਵੀ ਨਹੀਂ। ਮਨੁਖ ਦੀ ਸਾਰੀ ਜ਼ਿੰਦਗੀ, ਰੋਟੀ ਦੀ ਪਰਕਰਮਾਂ ਕਰਦੀ ਰਹਿ ਜਾਂਦੀ ਹੈ। ਜੀਵਨ ਸਾਰਾ ਰੋਟੀ ਦੀ ਤਲਾਸ਼, ਰਿਜ਼ਕ ਦੀ ਤਲਾਸ਼। ਇਸੇ ਵਿਚ ਹੀ ਸਾਰਾ ਜੀਵਨ ਬਤੀਤ ਹੋ ਜਾਂਦਾ ਹੈ। ਇਸ ਤੋਂ ਪਤਾ ਚਲਦਾ ਹੈ ਮਨੁਖ ਸਰੀਰ ਤੋਂ ਉੱਪਰ ਨਹੀਂ ਉਠਿਆ। ਕੁਝ ਹੋਰ ਵੀ ਦੁਨੀਆਂ ਹੈ। ਇਸ ਨੂੰ ਇਹ ਸਿਧਾਂਤ ਕਹਿੰਦਾ ਪਿਆ ਹੈ, ਨਹੀਂ ਇਹ ਸਿਧਾਂਤ ਨਹੀਂ ਹੈ। ਧਨ ਕਮਾਉਣਾ ਸਿਧਾਂਤ ਨਹੀਂ ਹੈ। ਕਤਈ ਹੀ ਨਹੀਂ ਹੈ। ਇਸ ਸਿੱਧੀ ਦਾ ਅੰਤ ਨਹੀਂ, ਇਸ ਤੋਂ ਅੱਗੇ ਵੀ ਕੁਝ ਹੈ, ਕੋਈ ਗੱਲ ਹੈ। ਲੇਕਿਨ ਧਨ ਦੀ ਨਿੰਦਾ ਨਹੀਂ ਹੈ। ਸਾਰਾ ਦਿਨ ਕਬੀਰ ਖੱਡੀ ਤੇ ਬੈਠ ਕੇ ਕਪੜਾ ਬੁਣਦਾ ਹੈ। ਰੋਟੀ ਤੇ ਕਮਾਉਂਦੇ ਨੇ। ਨਾਮਦੇਵ ਸਾਰਾ ਦਿਨ ਕਪੜਿਆਂ ਨੂੰ ਛਿੰਬਦਾ ਹੈ। ਬਾਬੇ ਨਾਨਕ ਨੇ ਤੇ ਜਗਤ ਨੂੰ ਦਸ ਦਿੱਤਾ ਕਿ ਮੈਂ ਕਿਰਤ ਨਹੀਂ ਛੱਡੀ। ਭਾਵੇਂ ਬਾਰਾਂ ੨ ਸਾਲ ਉਦਾਸੀ ਕੀਤੀ ਹੈ, ਬੁਢੇਪੇ ਵਿਚ ਕਰਤਾਰਪੁਰ ਆ ਕੇ ਹਲ ਵਾਹੁਣ ਲਗ ਪਏ, ਖੇਤੀਬਾੜੀ ਕੀਤੀ। ਐਹ ਦੁਨੀਆਂ ਦੇ ਲੋਕੋ ਮੈਂ ਕਿਰਤ ਨਹੀਂ ਛੱਡੀ। ਤਨ ਵਾਸਤੇ ਰਿਜ਼ਕ ਚਾਹੀਦਾ ਹੈ, ਰੋਟੀ ਚਾਹੀਦੀ ਹੈ ਪਰ ਰੋਟੀ ਜੀਵਨ ਦਾ ਲਕਸ਼ ਨਹੀਂ ਹੈ, ਸਰੀਰ ਦੀ ਲੋੜ ਹੈ। ਜੀਵਨ ਦਾ ਲਕਸ਼ ਹੈ, ਪਰਮ-ਜੀਵਨ ਦੀ ਪ੍ਰਾਪਤੀ। ਇਸ ਜੀਵਨ ਵਿਚ ਅਗਰ ਪਰਮ-ਜੀਵਨ ਨਹੀਂ ਮਿਲ ਸਕਿਆ ਤੇ ਇਸ ਜੀਵਨ ਦੇ ਵਿਚ ਮੌਤ ਹੈ, ਦੁੱਖ ਹੈ, ਬੁਢੇਪਾ ਹੈ, ਅਨੇਕਾਂ ਰੋਗ ਨੇ:-

ਜੋ ਜੋ ਦੀਸੈ ਸੋ ਸੋ ਰੋਗੀ॥{ਅੰਗ ੧੧੪੦}

ਸਰੀਰ ਦੇ ਵਿਚ ਰੋਗ ਨੇ, ਸਰੀਰ ਬੁੱਢਾ ਹੋ ਜਾਂਦਾ ਹੈ। ਸਰੀਰ ਲਾਗ਼ਰ (ਕੰਮਜ਼ੋਰ) ਹੋ ਜਾਂਦਾ ਹੈ, ਅਖ਼ੀਰ ਸਰੀਰ ਮਰ ਜਾਂਦਾ ਹੈ। ਪਰ ਉਹ ਪਰਮ-ਜੀਵਨ ਸੁਅਸਥ ਜੀਵਨ ਹੈ। ਉਹ ਪਰਮ-ਜੀਵਨ, ਅਮਰ ਜੀਵਨ ਹੈ। ਉਸਦੇ ਵਿਚ ਮਿਰਤੂ ਨਹੀਂ ਹੈ। ਉਹ ਪਰਮ-ਜੀਵਨ ਰੋਗੀ ਨਹੀਂ ਹੈ।

ਲੇਕਿਨ ਇਸੇ ਹੀ ਜੀਵਨ ਨੂੰ ਜਿਸ ਨੇ ਲਕਸ਼ ਮੰਨ ਲਿਆ ਹੈ, ਉਹ ਰੋਗ ਵਿਚ ਜੀਵੇਗਾ। ਪਰ ਰੋਗੀ ਵੀ ਜਿਉਣਾ ਚਾਹੁੰਦਾ ਹੈ। ਦੁੱਖਾਂ ਵਿਚ ਜੀਵੇਗਾ, ਪਰ ਦੁੱਖਾਂ ਵਿਚ ਵੀ ਜਿਉਣਾ ਚਾਹੁੰਦਾ ਹੈ। ਇਹੋ ਜੀਵਨ ਚਾਹੁੰਦਾ ਹੈ। ਦੋ ਤਿੰਨ ਨੁਕਤੇ ਹੋਰ। ਬਿਨਾਂ ਤਰੱਦਦ ਕੀਤਿਆਂ, ਭੱਜ-ਦੌੜ ਕੀਤਿਆਂ, ਦੁੱਖ ਉਠਾਇਆਂ, ਕਸ਼ਟ

ਉਠਾਇਆਂ, ਧਨ ਨਹੀਂ ਮਿਲਦਾ। ਕਸ਼ਟ ਕਰਕੇ ਧਨ ਪ੍ਰਾਪਤ ਹੁੰਦਾ ਹੈ ਤੇ ਜਦ ਜਾਂਦਾ ਹੈ, ਕਸ਼ਟ ਦੇ ਜਾਂਦਾ ਹੈ:-

ਜਾਇ ਤ ਲਗੈ ਦੂਖੁ॥

ਗੁਰੂ ਸਾਹਿਬ ਕਹਿੰਦੇ ਨੇ, ਬਿਨਾਂ ਕਸ਼ਟ ਤੋਂ ਧਨ ਪ੍ਰਾਪਤ ਨਹੀਂ ਹੁੰਦਾ। ਪਹਿਲੇ ਭੱਜ-ਦੌੜ ਕਰੇ, ਤਰੱਦਦ ਕਰੇ, ਦੁਖ ਸਹਾਰੇ ਤਾਂ ਧਨ ਪ੍ਰਾਪਤ ਹੁੰਦਾ ਹੈ। ਪਰ ਜਦੋਂ ਜਾਂਦਾ ਹੈ ਤਾਂ ਜਾਂਦਿਆਂ ੨ ਦੁੱਖ ਦੇ ਜਾਂਦਾ ਹੈ। ਜਦੋਂ ਪ੍ਰਾਪਤ ਕੀਤਾ ਉਦੋਂ ਦੁੱਖ ਸਹਾਰਿਆ। ਜਦ ਕੋਲ ਹੈ, ਸੁਖ ਤੇ ਦਿੰਦਾ ਕੋਈ ਨਹੀਂ, ਸਿਰਫ ਲੋੜਾਂ ਦੀ ਪੂਰਤੀ ਹੋ ਜਾਂਦੀ ਹੈ। ਮੂਲ ਧਨ ਦੀ ਪਕੜ ਰੋਟੀਆਂ ਦੀ ਪਕੜ ਹੈ। *ਦੁਖੀ ਦੁਨੀ।* ਬੜੇ ਦੁੱਖਾਂ ਤੋਂ ਬਾਅਦ ਪਦਾਰਥ ਪ੍ਰਾਪਤ ਹੁੰਦੇ ਨੇ, ਚਲੇ ਜਾਣ ਤੇ ਦੁੱਖ ਦੇ ਜਾਂਦੇ ਨੇ। ਅਨੁਭਵੀ ਪੁਰਸ਼ ਕਹਿੰਦੇ ਨੇ, ਮਿਲ ਕੇ ਹੀ ਪਤਾ ਚਲਦਾ ਹੈ, ਕੁਛ ਵੀ ਨਹੀਂ ਮਿਲਿਆ। ਇਸ ਵਾਸਤੇ ਕੁਛ ਵਿਚਾਰਕ ਕਹਿੰਦੇ ਨੇ, ਆਸਾ ਵਿਚ ਜਿਉਂਣਾ ਹੀ ਠੀਕ ਹੈ। ਕਿਉਂਕਿ ਜਦ ਮਿਲ ਜਾਂਦਾ ਹੈ, ਉਸ ਦੀ ਆਸ ਚਲੀ ਜਾਂਦੀ ਹੈ ਅਤੇ ਸੁਖ ਤੇ ਮਿਲਦਾ ਨਹੀਂ। ਆਸਾ ਨਾਲ ਜਿਹੜਾ ਇੰਤਜ਼ਾਰ ਸੀ, ਉਡੀਕ ਸੀ ਸੁਖ ਮਿਲੇਗਾ, ਉਹ ਨਿਰਾਸ਼ਾ ਵਿਚ ਬਦਲ ਗਿਆ। ਮਿਲ ਤੇ ਗਿਆ ਪਰ ਸੁਖ ਨਹੀਂ ਮਿਲਿਆ।

ਇਕ ਦੋ ਉਦਾਹਰਣ ਦਿਆਂ। ਇਕ ਦੇ ਘਰ ਔਲਾਦ ਨਹੀਂ। ਉਹ ਪ੍ਰਭੂ ਅੱਗੇ ਅਰਦਾਸ ਕਰਦਾ ਹੈ, ਹੇ ਦਾਤਿਆ! ਇਕ ਪੁੱਤਰ ਮਿਲ ਜਾਏ, ਮੈਂ ਸੁਖੀ ਹੋ ਜਾਵਾਂਗਾ। ਮਨੁਖ ਤਜ਼ਰਬਿਆਂ ਤੋਂ ਕੁਝ ਨਹੀਂ ਸਿਖਦਾ। ਚਾਰ ੨ ਪੁੱਤਰਾਂ ਵਾਲੇ ਰੋਂਦੇ ਪਏ ਨੇ, ਤੈਨੂੰ ਸੁਖ ਕਿਵੇਂ ਮਿਲ ਜਾਏਗਾ। ਮਿਲ ਕੇ ਹੀ ਪਤਾ ਚਲਦਾ ਹੈ, ਕੁਛ ਨਹੀਂ ਮਿਲਿਆ। ਇਸ ਵਾਸਤੇ ਸ਼ੇਖ਼ ਸਾਅਦੀ ਤੋਂ ਕੋਈ ਪੁਛਦਾ ਸੀ ਕਿ ਮੈਨੂੰ ਵਿਆਹ ਕਰ ਲੈਣਾ ਚਾਹੀਦਾ ਹੈ, ਮੈਂ ਸੰਸਾਰੀ ਜੀਵਨ ਬਤੀਤ ਕਰਾਂ। ਸ਼ੇਖ਼ ਸਾਅਦੀ ਕਹਿ ਦਿੰਦੇ ਸਨ, ਹਾਂ ਕਰਾ ਲੈ। ਅਨੁਭਵ ਪ੍ਰਾਪਤ ਹੋਏਗਾ, ਇਹ ਕਰ ਲੈ। ਇਹ ਪ੍ਰਾਪਤ ਕਰਕੇ ਹੀ ਤੈਨੂੰ ਪਤਾ ਚਲੇਗਾ ਕਿ ਕੁਝ ਨਹੀਂ ਮਿਲਿਆ।

ਦੂਜਾ ਨੁਕਤਾ--ਧਨ, ਮਿਲ ਕੇ ਹੀ ਪਤਾ ਚਲਦਾ ਹੈ ਕਿ ਕੁਛ ਨਹੀਂ ਮਿਲਿਆ। ਅਗਰ ਮਨੁਖ ਨਿਰੰਕਾਰ ਦੀ ਤਲਾਸ਼ ਤੇ ਚਲਿਆ ਹੈ, ਨਿਰੰਕਾਰ ਨਹੀਂ ਮਿਲਿਆ, ਤਾਂ ਵੀ ਬਹੁਤ ਕੁਛ ਮਿਲ ਜਾਂਦਾ ਹੈ। ਉਸ ਦੀ ਪਿਆਸ ਮਿਲ ਜਾਂਦੀ ਹੈ। ਥੋੜੇ ਬਹੁਤ ਜੋ ਅਭਿਆਸੀ ਨੇ ਉਹਨਾਂ ਦੀ ਪਕੜ ਵਿਚ ਜ਼ਰੂਰ ਇਹ ਗੱਲ ਆਵੇਗੀ। ਧਨ ਮਿਲਿਆ ਹੈ, ਪਰਵਾਰ ਮਿਲਿਆ ਹੈ। ਮਿਲ ਕੇ ਹੀ ਪਤਾ ਚਲਦਾ ਹੈ ਕਿ ਕੁਛ ਨਹੀਂ ਮਿਲਿਆ। ਸਾਰਾ ਸੁੰਦਰ ਪਰਵਾਰ, ਸੁਖ ਤੇ ਕੋਈ ਨਹੀਂ। ਧਨ ਸੰਪਦਾ ਹੈ, ਪਦਾਰਥ ਨੇ, ਸੁਖ ਤੇ ਕੋਈ ਨਹੀਂ। ਪਰ ਪਰਮਾਤਮਾ ਦੇ ਮਾਰਗ ਤੇ ਅਗਰ ਕੋਈ ਚਲਿਆ ਹੈ, ਪਰ ਪਰਮਾਤਮਾ ਨਹੀਂ ਮਿਲਿਆ ਤਾਂ ਵੀ ਬਹੁਤ ਕੁਛ ਮਿਲ ਜਾਂਦਾ ਹੈ। ਉਸ ਦੀ ਤੜਪ ਮਿਲ ਜਾਂਦੀ ਹੈ, ਉਸ ਦੀ ਪਿਆਸ ਮਿਲ ਜਾਂਦੀ ਹੈ। ਬਹੁਤਿਆਂ ਨੇ ਤੇ ਇੰਝ ਵੀ ਕਹਿ ਦਿੱਤਾ, ਪ੍ਰਭੂ ਤੂੰ ਨਹੀਂ ਮਿਲਦਾ ਤਾਂ ਨਹੀਂ ਸਹੀ, ਆਪਣੀ ਪਿਆਸ ਰਹਿਣ ਦੇਵੀਂ, ਆਪਣੀ ਤੜਪ ਰਹਿਣ ਦੇਈਂ। ਅਮੀਰ ਖ਼ੁਸਰੋ ਤੇ ਇਸਤਰਾਂ ਕਹਿ ਰਿਹਾ ਹੈ।

ਯਾ ਰੱਬ ਦੁਆਏ ਵਸਲ ਨਾ ਹਰਗਿਜ਼ ਕਬੂਲ ਹੋ।
ਫਿਰ ਦਿਲ ਮੇਂ ਕਿਆ ਰਹੇਗਾ ਜੋ ਹਸਰਤ ਨਿਕਲ ਗਈ।

ਉਡੀਨੀ ਉਡੀਨੀ ਉਡੀਨੀ॥ ਕਬ ਘਰਿ ਆਵੈ ਰੀ॥{ਅੰਗ ੮੩੦}

ਇਸ ਇੰਤਜ਼ਾਰ ਦੇ ਵਿਚ ਵੀ ਕੁਛ ਖੇੜਾ ਹੈ। ਗੁਰੂ ਅਰਜਨ ਦੇਵ ਜੀ ਮਹਾਰਾਜ ਐਸਾ ਬਿਆਨ ਕਰਦੇ ਨੇ। ਇਸ ਦੇ ਵਿਚ ਵੀ ਕੁਝ ਖੁਸ਼ੀ ਹੈ। ਇਸ ਦੇ ਵਿਚ ਵੀ ਕੁਝ ਮਹਾਨ ਅਨੰਦ ਹੈ। ਪਰਵਾਰ ਅਤੇ ਧਨ ਸੰਪਦਾ ਮਿਲ ਕੇ ਵੀ ਮਨ ਮੈਲੇ ਦਾ ਮੈਲਾ ਰਹਿੰਦਾ ਹੈ। ਲੋਭੀ ਦਾ ਲੋਭੀ ਰਹਿੰਦਾ ਹੈ। ਵਾਸ਼ਨਾ ਗ੍ਰਸਤ ਰਹਿੰਦਾ ਹੈ। ਹੰਕਾਰੀ ਦਾ ਹੰਕਾਰੀ ਰਹਿੰਦਾ ਹੈ।

ਇਸ ਦੂਜੇ ਨੁਕਤੇ ਨੂੰ ਧਿਆਨ ਨਾਲ ਪਕੜਨਾ। ਪਦਾਰਥ ਮਿਲ ਕੇ ਵੀ ਹਿਰਦਾ ਸ਼ੁੱਧ ਨਹੀਂ ਹੁੰਦਾ। ਪਰਮਾਤਮਾ ਦੀ ਤੜਪ ਹੈ, ਪਰਮਾਤਮਾ ਨਹੀਂ ਵੀ ਮਿਲਿਆ, ਹਿਰਦਾ ਸ਼ੁੱਧ ਹੋ ਜਾਂਦਾ ਹੈ। ਉਸ ਦੀ ਤੜਪ ਸ਼ੁੱਧ ਕਰ ਦਿੰਦੀ ਹੈ। ਉਸ ਦੀ ਪਿਆਸ ਹਿਰਦਾ ਸ਼ੁੱਧ ਕਰ ਦਿੰਦੀ ਹੈ ਫਿਰ ਉਸੇ ਹੀ ਸ਼ੁੱਧ ਹਿਰਦੇ ਵਿਚ ਪ੍ਰਭੂ ਆਣ ਬਿਰਾਜਦਾ ਹੈ। ਪਹਿਲੇ ਤੇ ਉਸ ਦੀ ਪਿਆਸ ਚਾਹੀਦੀ ਹੈ। ਉਸ ਦੀ ਭੁੱਖ ਹੀ ਹਿਰਦੇ ਨੂੰ ਪਾਵਨ ਕਰ ਦਿੰਦੀ ਹੈ।

ਬਿਨੁ ਬੈਰਾਗ ਨ ਛੂਟਸਿ ਮਾਇਆ॥{ਅੰਗ ੩੨੯}

ਕਬੀਰ ਸਾਹਿਬ ਕਹਿੰਦੇ ਨੇ ਬਿਨਾਂ ਇਸ ਬੈਰਾਗ ਤੋਂ, ਬਿਨਾਂ ਉਸਦੀ ਉਮੰਗ ਤੇ ਤਰੰਗ ਤੋਂ, ਹਿਰਦੇ ਦੀ ਸ਼ੁੱਧੀ ਨਹੀਂ ਹੁੰਦੀ। ਪਦਾਰਥਾਂ ਦਾ ਮਿਲ ਜਾਣਾ ਇਸ ਨਾਲ ਹਿਰਦੇ ਦੀ ਸ਼ੁੱਧੀ ਨਹੀਂ ਹੁੰਦੀ। ਪਰਵਾਰ ਮਿਲ ਗਿਆ ਹੈ, ਹੰਕਾਰ ਵੀ ਨਾਲ ਚਲ ਰਿਹਾ ਹੈ, ਲੋਭ ਵੀ ਚਲ ਰਿਹਾ ਹੈ, ਵਾਸ਼ਨਾ ਵੀ ਚਲ ਰਹੀ ਹੈ।

ਤੜਪ ਹੈ ਨਿਰੰਕਾਰ ਦੀ, ਨਹੀਂ ਮਿਲਿਆ, ਤਾਂ ਵੀ ਹੰਕਾਰ ਧੁਲ ਜਾਂਦਾ ਹੈ, ਲੋਭ ਮਿਟ ਜਾਂਦਾ ਹੈ। ਇਕ ਦਾ ਮਿਲਣਾ ਵੀ ਨਿਰਮਲ ਨਹੀਂ ਕਰਦਾ। ਇਕ ਦਾ ਨਾ ਮਿਲਣਾ ਵੀ ਹਿਰਦੇ ਨੂੰ ਸ਼ੁੱਧ ਕਰ ਦਿੰਦਾ ਹੈ, ਪਾਵਨ ਕਰ ਜਾਂਦਾ ਹੈ। ਹੋ ਸਕਦਾ ਹੈ ਤੁਹਾਡੇ ਵਿਚੋਂ ਵੀ ਇਸ ਅਵਸਥਾ ਦੇ ਸੱਜਣ ਹੋਣਗੇ, ਉਹਨਾਂ ਨੂੰ ਜ਼ਰੂਰ ਬੋਧ ਹੋਵੇਗਾ। ਨਹੀਂ ਮਿਲਿਆ ਪਰਮਾਤਮਾ ਉਸਦੀ ਪਿਆਸ ਨੇ ਹਿਰਦੇ ਨੂੰ ਸ਼ੁੱਧ ਕਰ ਦਿੱਤਾ। ਉਸ ਦੀ ਤੜਪ ਨੇ ਹਿਰਦੇ ਨੂੰ ਪਾਵਨ ਕਰ ਦਿੱਤਾ ਹੈ। ਉਸਦੀ ਭੁੱਖ ਨੇ ਦੁਨੀਆਂ ਦਾ ਰਜੇਵਾਂ ਕਰਾ ਦਿੱਤਾ ਹੈ। ਉਸਦੀ ਭੁੱਖ ਨੇ ਸਾਰੀਆਂ ਹੀ ਭੁੱਖਾਂ ਮਿਟਾ ਦਿੱਤੀਆਂ। ਲੋਭ ਤੇ ਸ਼ਾਂਤ ਹੋ ਗਿਆ, ਹੰਕਾਰ ਵੀ ਸ਼ਾਂਤ ਹੋ ਗਿਆ। ਬਸ ਇਸੇ ਹੀ ਸਿੰਘਾਸਨ ਉਤੇ ਆ ਕੇ ਪਰਮਾਤਮਾ ਬਿਰਾਜਮਾਨ ਹੁੰਦਾ ਹੈ।

ਪਰਵਾਰ ਦਾ ਮਿਲ ਜਾਣਾ, ਪਦਾਰਥਾਂ ਦਾ ਮਿਲ ਜਾਣਾ, ਆਖ਼ਰ ਅਨੁਭਵ ਕੀ ਹੁੰਦਾ ਹੈ? ਕੁਛ ਵੀ ਨਹੀਂ ਮਿਲਿਆ। ਨਾ ਲੋਭ ਸ਼ਾਂਤ ਹੁੰਦਾ ਹੈ, ਨਾ ਹੰਕਾਰ ਵਾਸ਼ਨਾ। ਕਿਉਂ? ਮਿਲ ਕੇ ਹੱਥ ਖ਼ਾਲੀ ਰਹਿੰਦੇ ਨੇ। ਸੋਚਦਾ ਹੈ, ਸ਼ਾਇਦ ਹੋਰ ਮਿਲੇ ਤੇ ਮੇਰੇ ਹੱਥ ਭਰ ਜਾਣ। ਸ਼ਾਇਦ ਹੋਰ ਮਿਲੇ ਤੇ ਮੇਰੀਆਂ ਮੁੱਠੀਆਂ ਭਰ ਜਾਣ। ਇਸ ਤਰ੍ਹਾਂ ਲੋਭ ਵੀ ਵਧਦਾ ਰਹਿੰਦਾ ਹੈ, ਹੰਕਾਰ ਵੀ ਵਧਦਾ ਰਹਿੰਦਾ ਹੈ, ਲੇਕਿਨ ਪ੍ਰਾਪਤੀ ਤੇ ਹੁੰਦੀ ਨਹੀਂ। ਭਰਦਾ ਕੁਝ ਵੀ ਨਹੀਂ, ਹੱਥ ਖ਼ਾਲੀ ਦੇ

ਖ਼ਾਲੀ ਰਹਿੰਦੇ ਨੇ। ਪਰਮਾਤਮਾ ਮਿਲਿਆ ਤੇ ਨਹੀਂ, ਪਰ ਤੜਪ ਹੈ। ਮਿਲਾਪ ਤੇ ਨਹੀਂ ਹੋਇਆ ਖੇਡ ਤੇ ਨਹੀਂ ਬਣੀ, ਲੇਕਿਨ ਉਸਦੀ ਪਿਆਸ ਮਿਲ ਜਾਂਦੀ ਹੈ। ਉਸ ਦੀ ਪਿਆਸ ਹਿਰਦੇ ਨੂੰ ਸ਼ੁੱਧ ਕਰ ਦਿੰਦੀ ਹੈ। ਉਸ ਦੀ ਭੁੱਖ ਹਿਰਦੇ ਦੀਆਂ ਸਾਰੀਆਂ ਵਾਸ਼ਨਾਵਾਂ ਨੂੰ ਸ਼ਾਂਤ ਕਰ ਦਿੰਦੀ ਹੈ। ਇਕ ਭੁੱਖ ਮਹਾਨ ਦੁੱਖਾਂ ਨੂੰ ਜਨਮ ਦਿੰਦੀ ਹੈ। ਇਕ ਭੁੱਖ ਹਿਰਦੇ ਨੂੰ ਸ਼ੁੱਧ ਕਰ ਜਾਂਦੀ ਹੈ, ਪਾਵਨ ਕਰ ਜਾਂਦੀ ਹੈ, ਪਵਿੱਤਰ ਕਰ ਜਾਂਦੀ ਹੈ।

ਬਹੁਤ ਗਹਿਰੀ ਪਕੜ ਹੈ ਤਨ ਦੀ, ਸਰੀਰਕ ਜੀਵਨ ਦੀ। ਮਨੁਖ ਹਰ ਹਾਲਤ ਵਿਚ, ਹਰ ਕੀਮਤ ਤੇ ਜਿਉਂਣਾ ਚਾਹੁੰਦਾ ਹੈ। ਚਲੋ ਪੁੱਛ ਲਈਏ ਕਿਸੇ ਕੋਲੋਂ, ਕਿੰਨਾ ਕੁ ਜਿਉਂਣਾ ਚਾਹੁੰਦਾ ਹੈ। ਇਸ ਲਾਲਸਾ ਦੀ ਫਿਰ ਕੋਈ ਸੀਮਾ ਨਹੀਂ ਹੈ ਕਿ ਕਿਤਨਾ ਕੁ ਜਿਉਂਣਾ ਚਾਹੁੰਦਾ ਹੈ।

ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ॥ (ਜਪੁਜੀ ਸਾਹਿਬ)

ਮਨੁਖ ਦੀਆਂ ਮੂਲ ਮੰਗਾਂ ਦੇ ਵਿਚੋਂ, ਮੂਲ ਵਾਸ਼ਨਾਵਾਂ ਦੇ ਵਿਚੋਂ, ਮਹਾਰਾਜ ਨੇ ਇਸਨੂੰ ਸਭ ਤੋਂ ਅੱਗੇ ਕੀਤਾ ਹੈ। ਇਹੋ ਮੰਗ ਸਭ ਤੋਂ ਪ੍ਰਬਲ ਹੈ। ਮਨੁਖ ਜਿਉਂਣਾ ਚਾਹੁੰਦਾ ਹੈ ਪਰ ਜਿਉਂਣ ਵਾਸਤੇ ਧਨ ਚਾਹੀਦਾ ਹੈ, ਪਰਵਾਰ ਚਾਹੀਦਾ ਹੈ, ਸਭ ਕੁਝ ਚਾਹੀਦਾ ਹੈ। ਸੋ ਮੂਲ ਮੰਗ ਇਸ ਸਰੀਰਕ ਜੀਵਨ ਦੀ ਹੈ, ਇਸ ਦੇਹੀ ਦੀ ਹੈ। ਦੇਹੀ ਤਾਂ ਪਰਮਾਤਮਾ ਤਕ ਪਹੁੰਚਣ ਲਈ ਇਕ ਵਾਹਨ ਮਿਲਿਆ ਹੈ। ਹੁਣ ਕੋਈ ਆਖੇ ਕਿ ਮੈਂ ਵਾਹਨ ਵਿਚ ਹੀ ਬੈਠਾ ਰਹਾਂ। ਇੱਥੋਂ ਕਿਸੇ ਨੇ ਦਿੱਲੀ ਜਾਣਾ ਹੈ। ਰਿਸ਼ਤੇਦਾਰ ਉਸਨੂੰ ਗੱਡੀ (Train) ਵਿਚ ਬੈਠਾ ਦੇਣ। ਕੋਈ ਸਾਕ ਸਨਬੰਧੀ ਵੀ ਨਾਲ ਬੈਠਾ ਦੇਣ। ਦਿੱਲੀ ਆਉਣ ਤੇ ਉਸਨੂੰ ਸਨਬੰਧੀ ਆਖੇ ਬਈ ਉਤਰੋ। ਉਹ ਤਰਕ ਕਰੇ ਕਿ ਜੇ ਉਤਾਰਨਾ ਹੀ ਸੀ ਤੇ ਫਿਰ ਬੈਠਾਇਆ ਹੀ ਕਿਉਂ। ਨਹੀਂ ਉਤਰਦੇ। ਹੁਣ ਕੌਣ ਦਸੇ ਕਿ ਮੰਜ਼ਿਲ ਤੇ ਪਹੁੰਚ ਕੇ ਉਤਰ ਸਕੇ ਇਸ ਵਾਸਤੇ ਬੈਠਾਇਆ ਹੈ।

ਇਹ ਤਨ ਮਿਲਿਆ ਹੈ ਪਰਮਾਤਮਾ ਤਕ ਪਹੁੰਚਣ ਵਾਸਤੇ। ਇਸ ਤਨ ਦੀ ਪਕੜ ਇਸ ਗੱਲ ਦਾ ਸਬੂਤ ਹੈ ਕਿ ਇਹ ਅਜੇ ਰਸਤੇ ਵਿਚ ਹੈ, ਮੰਜ਼ਿਲ ਤੇ ਨਹੀਂ ਪਹੁੰਚਿਆ। ਇਹ ਤਾਂ ਇਸ ਵਾਸਤੇ ਉਤਰਨਾ ਨਹੀਂ ਚਾਹੁੰਦਾ ਕਿਉਂਕਿ ਇਸ ਨੂੰ ਮੌਤ ਕਬੂਲ ਨਹੀਂ:-

ਅਬ ਕੈਸੇ ਮਰਉ ਮਰਨਿ ਮਨੁ ਮਾਨਿਆ॥
ਮਰਿ ਮਰਿ ਜਾਤੇ ਜਿਨ ਰਾਮੁ ਨ ਜਾਨਿਆ॥ (ਅੰਗ ੩੨੭)

ਹੁਣ ਤੇ ਮਰਨਾ ਕਬੂਲ ਕਰ ਲਿਆ ਹੈ ਕਿਉਂਕਿ ਇਸ ਜੀਵਨ ਦੀ ਲਾਲਸਾ ਹੀ ਨਹੀਂ ਰਹੀ। ਪਰਮ-ਜੀਵਨ ਦੇ ਮਿਲਦਿਆਂ ਇਸ ਜੀਵਨ ਦੀ ਲਾਲਸਾ ਨਹੀਂ ਰਹਿ ਜਾਂਦੀ। ਪਰਮਾਤਮਾ ਦੇ ਮਿਲਦਿਆਂ ਪਦਾਰਥਾਂ ਦੀ ਲਾਲਸਾ ਨਹੀਂ ਰਹਿ ਜਾਂਦੀ।

ਹਮ ਨਿਰਧਨ ਜਿਉ ਇਹੁ ਧਨੁ ਪਾਇਆ ਮਰਤੇ ਫੂਟਿ ਗੁਮਾਨੀ॥੩॥
(ਅੰਗ ੯੬੯)

ਉਸ ਪਰਮ-ਧਨ ਦੇ ਮਿਲਦਿਆਂ ਧਨ ਦੀ ਲਾਲਸਾ ਨਹੀਂ ਰਹਿ ਜਾਂਦੀ। ਧਨ ਲੋੜ

ਮਾਤਰ ਰਹਿ ਜਾਂਦਾ ਹੈ। ਪਰਵਾਰ ਦੀ ਜ਼ਰੂਰਤ ਮਾਤਰ ਰਹਿ ਜਾਂਦਾ ਹੈ। ਪਰਵਾਰ ਦੀ ਲਾਲਸਾ, ਧਨ ਦੀ ਲਾਲਸਾ ਇਸ ਗੱਲ ਦਾ ਸਬੂਤ ਹੈ, ਅਜੇ ਪਰਮ-ਜੀਵਨ ਨਹੀਂ ਮਿਲਿਆ। ਅਜੇ ਪਰਮ-ਧਨ ਨਹੀਂ ਮਿਲਿਆ, ਉਸ ਹਰ ਮਨੁਖ ਨੂੰ ਐਸਾ ਸਮਝ ਲੈਣਾ ਚਾਹੀਦਾ ਹੈ। ਮਨੁਖ ਦੇ ਅੰਦਰ ਜੀਵਨ ਦੀ ਲਾਲਸਾ ਸਭ ਤੋਂ ਪ੍ਰਬਲ ਹੈ।ਸ੍ਰੀ ਨਾਮ ਦੇਵ ਜੀ ਜੋ ਪੌਰਾਣਿਕ ਗਾਥਾਵਾਂ ਦੇ ਰਾਹੀਂ ਸਾਨੂੰ ਸਮਝਾਉਣ ਦਾ ਯਤਨ ਪਏ ਕਰਦੇ ਨੇ ਇਸ ਵਾਕ ਦੇ ਵਿਚ:-

**ਗਹਰੀ ਕਰਿ ਕੈ ਨੀਵ ਖੁਦਾਈ ਊਪਰਿ ਮੰਡਪ ਛਾਏ॥**

ਮਕਾਨ ਬਣਾ ਰਿਹਾ ਹੈ, ਠੀਕ ਹੈ ਕੁੱਲੀ ਤੇ ਚਾਹੀਦੀ ਹੈ। ਪਰ ਮਕਾਨ ਬਣਾ ਰਿਹਾ ਹੈ, ਕਮ-ਸੇ-ਕਮ ਚਾਰ ਪੰਜ ਸੌ ਸਾਲ ਰਹਿਣਾ ਚਾਹੀਦਾ ਹੈ। ਪਰ ਹੁਣ ਇਸ ਨੂੰ ਕੌਣ ਪੁੱਛੇ ਇਹ ਜ਼ਿੰਦਗੀ ਦਾ ਮਹਿਲ ਚਾਰ ਪੰਜ ਸੌ ਸਾਲ ਰਹੇਗਾ:-

ਫਰੀਦਾ ਮਹਲ ਨਿਸਖਣ ਰਹਿ ਗਏ ਵਾਸਾ ਆਇਆ ਤਲਿ॥
ਗੋਰਾਂ ਸੇ ਨਿਮਾਣੀਆ ਬਹਸਨਿ ਰੂਹਾਂ ਮਲਿ॥

{ਅੰਗ ੧੩੮੩}

ਫਰੀਦ ਜੀ ਕਹਿੰਦੇ ਨੇ ਮਹਿਲ ਬਣਾਏ ਸਨ, ਮਹਿਲਾਂ ਵਿਚ ਰਹਾਂਗੇ, ਚੌਬਾਰਿਆਂ ਵਿਚ ਰਹਾਂਗੇ, ਇਹ ਤੇ ਥੱਲੇ ਆ ਗਏ। ਮਹਿਲਾਂ ਵਾਲੇ ਤੇ ਕਬਰਾਂ ਦੇ ਵਿਚ ਚਲੇ ਗਏ। ਮਹਿਲ ਤੇ ਉੱਪਰ ਖੜੇ ਨੇ, ਇਹ ਤੇ ਕਬਰ ਦੇ ਵਿਚ ਚਲੇ ਗਏ। ਮਹਿਲ ਤੇ ਖ਼ਾਲੀ ਦੇ ਖ਼ਾਲੀ ਨੇ। ਜੀਵਨ ਦਾ ਲਕਸ਼ ਇਹ ਨਹੀਂ ਹੈ। ਬਹੁਤ ਗਹਿਰੀ ਨੀਂਹ ਖੁਦਾਈ ਹੈ, ਬੜੀ ਸੋਹਣੀ ਛੱਤ ਮੰਡਪ, ਬੜਾ ਸੋਹਣਾ ਮਹਿਲ ਬਣਾਇਆ ਹੈ।

**ਮਾਰਕੰਡੇ ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ ਬਲਾਏ॥**

ਪੌਰਾਣਿਕ ਸਮੇਂ ਵਿਚ ਮਾਰਕੰਡੇ ਨਾਮ ਦਾ ਇਕ ਰਿਸ਼ੀ ਹੋਇਆ ਹੈ। ਕਹਿੰਦੇ ਨੇ ਬਹੁਤ ਵਡੇਰੀ ਉਮਰ ਦਾ ਸੀ। ਮਨੁਖ ਵਡੇਰੀ ਉਮਰ ਦਾ ਹੋ ਸਕਦਾ ਹੈ। ਪੰਜ ਛੇ ਸਾਲ ਹੋਏ ਨੇ, ਬਾਬਾ ਲਛਮਣ ਸਿੰਘ ਗੁਜ਼ਰ ਗਏ। ਦਾਸ ਨਾਲ ਇੱਥੇ (ਸ੍ਰੀ ਅੰਮ੍ਰਿਤਸਰ) ਆਉਂਦੇ ਹੁੰਦੇ ਸਨ। ਉਹ ਬਾਬਾ ਅਤਰ ਸਿੰਘ ਜੀ ਨਾਲ ਵੀ ਰਹੇ, ਬਾਬਾ ਸੁੰਦਰ ਸਿੰਘ ਜੀ ਅਲੀਬੇਗ ਵਾਲਿਆਂ ਨਾਲ ਵੀ ਰਹੇ। ਬਾਬਾ ਦਰਸ਼ਨ ਸਿੰਘ ਜੀ ਕੁਲੀ ਵਾਲੇ ਮੈਨੂੰ ਕਹਿਣ ਲਗੇ, ਇਹਨਾਂ ਨੂੰ ਮੈਂ ਚੜ੍ਹਦੀ ਜਵਾਨੀ ਵਿਚ ਦੇਖਿਆ ਸੀ, ਇਹਨਾਂ ਦਾ ਦਾੜ੍ਹਾ ਉਦੋਂ ਕਾਲਾ ਸੀ। ਪਰ ਉਹ ਮਸ਼ਹੂਰ ਸਨ। ਜਿੱਥੇ ਵੀ ਰਾਤ ਨੂੰ ਸੌਣਾ, ਛਤਰੀ ਤਾਣ ਕੇ ਸੌਣਾ। ਦਿਨ ਨੂੰ ਕਿਤੇ ਸੌਣਾ ਹੈ, ਛਤਰੀ ਤਾਣ ਕੇ ਸੌਣਾ ਹੈ। ਮੰਜੇ ਜਾਂ ਪਲੰਘ ਤੇ ਨਹੀਂ ਸੌਣਾ, ਜ਼ਮੀਨ ਤੇ ਸੌਣਾ। ਫਿਰ ਥੱਲੇ ਵਿਛਾਉਣਾ ਵੀ ਕੁਝ ਨਹੀਂ। ਜੋ ਕਪੜੇ ਪਹਿਨੇ ਹੋਏ ਨੇ, ਉਸੇ ਨਾਲ ਸੌਂ ਜਾਣਾ ਅਤੇ ਉੱਪਰ ਕੰਬਲ ਲੈ ਲੈਣਾ। ਅੰਦਾਜ਼ਨ ਮੇਰੇ ਨਾਲ ਇਹ ਵੀਹ ਪੰਝੀ ਸਾਲ ਰਹੇ। ਬਾਬਾ ਦਰਸ਼ਨ ਸਿੰਘ ਜੀ ਕੁਲੀ ਵਾਲਿਆਂ ਨੇ ਇਹਨਾਂ ਬਾਰੇ ਬੜਾ ਕੁਝ ਦਸਿਆ। ਚਾਰ ਪੰਜ ਸਾਲ ਹੋਏ ਗੁਜ਼ਰੇ ਨੇ, ਕਹਿਣ ਲੱਗੇ ਇਹਨਾਂ ਦੀ ਉਮਰ

੧੨੦ ਸਾਲ ਦੇ ਲਗ ਭਗ ਹੋਣੀ ਚਾਹੀਦੀ ਹੈ। ਉਹ ਆਮ ਤੌਰ ਤੇ ਪੈਦਲ ਚਲਦੇ ਸਨ ਅਤੇ ਭੱਜ ਕੇ ਚਲਦੇ ਸਨ। ਸਰੀਰ ਬਿਲਕੁਲ ਠੀਕ, ਨੇਤਰ ਬਿਲਕੁਲ ਠੀਕ। ਬੋਲ ਚਾਲ ਵੀ ਠੀਕ। ਇਹ ਕਿਸੇ ੨ ਦੀ ਸਰੀਰਕ ਅਵਸਥਾ ਇਸ ਢੰਗ ਦੀ ਹੁੰਦੀ ਹੈ। ਮਾਰਕੰਡਾ ਰਿਸ਼ੀ ਉਮਰ ਕਰਕੇ ਸੌ ਸਾਲ ਤੋਂ ਉਪਰ ਟੱਪਿਆ ਹੋਇਆ ਸੀ। ਬੜੀ ਲੰਬੀ ਉਮਰ ਦਾ ਇਹ ਮਾਲਕ ਪਰ ਇਸ ਨੇ ਕੱਖਾਂ ਦੀ ਛਤਰੀ ਬਣਾਈ ਹੋਈ ਸੀ। ਧੁੱਪ ਵਿਚ ਬੈਠਣਾ ਉਹੀ ਛਾਤਾ, ਬਾਰਿਸ਼ ਆ ਗਈ, ਉਹੀ ਤਿਨਕਿਆਂ ਦੀ ਛਤਰੀ ਸਿਰ ਤੇ ਰਖ ਲੈਣੀ। ਜਦ ਉਸਨੂੰ ਕੋਈ ਆਖੇ ਕਿਧਰੇ ਪੱਕੀ ਕੁੱਲੀ ਬਣਾ ਲੈ, ਕਹਿੰਦਾ ਸੀ, ਕੱਚੀ ਕੁੱਲੀ ਨੂੰ, ਕੀ ਪੱਕੀ ਕੁੱਲੀ ਵਿਚ ਰਖਣਾ। ਜਿਸ ਮਾਰਕੰਡੇ ਦੀ ਇਤਨੀ ਲੰਬੀ ਉਮਰ ਪਰ ਸਰੀਰ ਦੀ ਪਕੜ ਕੋਈ ਨਹੀਂ ਸੀ। ਜਦ ਸਰੀਰ ਦੀ ਪਕੜ ਹੀ ਨਹੀਂ ਸੀ, ਉਸਨੇ ਸਰੀਰ ਵਾਸਤੇ ਪਸਾਰਾ ਵੀ ਕੋਈ ਨਾ ਕੀਤਾ। ਨਾਮਦੇਵ ਸਮਝਾਉਂਦੇ ਨੇ, ਸੀਮਿਤ ਜਿਹੀ ਤੇਰੀ ਜ਼ਿੰਦਗੀ ਅਤੇ ਐਨੇ ਲੰਬੇ ਚੌੜੇ ਤੇਰੇ ਪਸਾਰੇ। ਅਸੀਮ ਜਿਸ ਦੇ ਕੋਲ ਜ਼ਿੰਦਗੀ ਸੀ, ਉਸ ਨੇ ਆਪਣਾ ਮਨ ਨਾ ਪਸਾਰਿਆ, ਇਕ ਤਿਨਕਿਆਂ ਦੀ ਛਤਰੀ ਦੇ ਸਹਾਰੇ ਉਸ ਨੇ ਆਪਣਾ ਸਾਰਾ ਜੀਵਨ ਬਤੀਤ ਕਰ ਲਿਆ।

ਹਮਰੋ ਕਰਤਾ ਰਾਮੁ ਸਨੇਹੀ॥

ਉਹ ਜੋ ਮੇਰਾ ਮਾਲਕ ਹੈ ਰਾਮ, ਮੇਰਾ ਸਨੇਹ ਉਸ ਨਾਲ ਹੈ। ਮੈਂ ਆਪਣੀ ਯਾਦਾਂ ਦੀ ਡੋਰੀ ਉਸ ਨਾਲ ਜੋੜੀ ਹੈ, ਜੋ ਸਦੀਵੀ ਜੀਵਨ ਹੈ, ਪਰਮ-ਜੀਵਨ ਹੈ, ਪਰਮ-ਧਨ ਹੈ। ਪਰਮਾਤਮਾ ਨੂੰ ਹੀ ਕਹਿੰਦੇ ਨੇ ਪਰਮ-ਧਨ। ਪਰਮਾਤਮਾ ਨੂੰ ਹੀ ਕਹਿੰਦੇ ਨੇ ਪਰਮ-ਜੀਵਨ ਅਤੇ ਪਰਮਾਤਮਾ ਨੂੰ ਹੀ ਕਹਿੰਦੇ ਨੇ ਪਰਮ-ਪਦਾਰਥ।

ਕਾਹੇ ਰੇ ਨਰ ਗਰਬੁ ਕਰਤ ਹਹੁ ਬਿਨਸਿ ਜਾਇ ਝੂਠੀ ਦੇਹੀ॥੧॥ਰਹਾਉ॥

ਐ ਮਨੁਖ ਇਸ ਝੂਠੀ ਦੇਹੀ ਦਾ ਹੰਕਾਰ ਕਰਕੇ, ਲੋਭ ਵਾਸ਼ਨਾ ਅਤੇ ਹੰਕਾਰ ਵਿਚ ਸਾਰਾ ਜੀਵਨ ਵਿਅਰਥ ਕਿਉਂ ਕਰ ਰਿਹਾ ਹੈਂ। ਇਸ ਤਰ੍ਹਾਂ ਬਤੀਤ ਨਾ ਕਰ। ਇਹ ਝੂਠੀ ਦੇਹੀ ਅੱਜ ਹੈ ਤੇ ਕਲ ਨਹੀਂ। ਝੂਠੀ ਤੋਂ ਮੁਰਾਦ ਮਿਥਿਆ, ਝੂਠੀ ਤੋਂ ਮੁਰਾਦ ਅਪਵਿੱਤਰ। ਇਹ ਕਿੰਨੀ ਕੁ ਅਪਵਿੱਤਰ ਹੈ, ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦਸਦੇ ਨੇ। ਠੀਕ ਹੈ, ਜਿਵੇਂ ਕੰਵਲ ਦੇ ਫੁੱਲ ਦੀਆਂ ਜੜ੍ਹਾਂ ਚਿੱਕੜ ਵਿਚ ਹੁੰਦੀਆਂ ਨੇ, ਉਹ ਜਗਮਗਾਉਂਦੀ ਹੋਈ ਜੋਤ ਇਸੇ ਹੀ ਮੈਲੇ ਤਨ ਦੇ ਵਿਚ ਹੈ। ਇਸੇ ਹੀ ਮੈਲੀ ਕਾਇਆ ਦੇ ਅੰਦਰ ਹੈ ਪਰ ਉਹ ਹੈ ਨਿਰਲੇਪ। ਇਹ ਦੇਹੀ ਕਿਤਨੀ ਜੂਠੀ ਹੈ, ਮੈਲੀ ਹੈ ਗੁਰੂ ਨਾਨਕ ਦੇਵ ਜੀ ਦਾ ਫ਼ਰਮਾਨ:-

ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ...॥ (ਅੰਗ ੪੭੩)

ਇਹ ਸਾਰੇ ਦਿੱਬ (Heavenly) ਸ਼ਕਤੀ ਰਖਦੇ ਨੇ। ਸਰੀਰ ਦੀ ਪਾਲਣਾ ਇਹਨਾਂ ਨਾਲ ਹੁੰਦੀ ਹੈ। ਅੰਨ ਹੈ, ਪਾਣੀ ਹੈ, ਲੂਣ ਹੈ, ਇਹਨਾਂ ਨਾਲ ਅਗਨ ਤੇ (ਅਗਨ ਦੇਵਤਾ) ਭੋਜਨ ਬਣਾਇਆ ਜਾਂਦਾ ਹੈ।

ਪੰਜਵਾ ਪਾਇਆ ਘਿਰਤੁ॥ ਤਾ ਹੋਆ ਪਾਕੁ ਪਵਿਤੁ॥ (ਅੰਗ ੪੭੩)

ਪੰਜਵਾਂ ਘਿਉ ਪਾਇਆ ਗਿਆ ਤੇ ਪਵਿੱਤਰ ਭੋਜਨ ਬਣ ਗਿਆ। ਪਾਕ ਕਹਿੰਦੇ ਨੇ ਭੋਜਨ ਨੂੰ। ਪਾਕਸਾਲ, ਰਸੋਈ-ਘਰ। ਪਾਕ(ਭੋਜਨ)ਤਾਂ ਪਵਿੱਤਰ ਬਣ ਗਿਆ।

ਪਾਪੀ ਸਿਉ ਤਨੁ ਗਡਿਆ॥{ਅੰਗ ੪੭੩}

ਇਸ ਭੋਜਨ ਨੂੰ ਅਪਵਿੱਤਰ ਤਨ ਦੇ ਵਿਚ ਪਾਇਆ ਗਿਆ। ਉਹ ਪਵਿੱਤਰ ਭੋਜਨ ਜੋ ਦੇਵਤਿਆਂ ਦੇ ਸੰਜੋਗ ਨਾਲ ਬਣਿਆ ਸੀ। ਪਾਣੀ ਦੇਵਤਾ ਹੈ, ਅੰਨ ਦੇਵਤਾ ਹੈ, ਅਗਨ ਦੇਵਤਾ ਹੈ, ਲੂਣ ਅਤੇ ਘਿਉ ਇਹ ਸਭ ਦੇਵਤੇ ਨੇ, ਦਿੱਬ ਸ਼ਕਤੀ ਰਖਦੇ ਨੇ। ਇਹਨਾਂ ਦੇ ਸੰਜਗ ਨਾਲ ਹੀ ਪਵਿੱਤਰ ਭੋਜਨ ਬਣਿਆ ਪਰ:-

ਪਾਪੀ ਸਿਉ ਤਨੁ ਗਡਿਆ ਥੁਕਾ ਪਈਆ ਤਿਤੁ॥{ਅੰਗ ੪੭੩}

ਸਰੀਰ ਦੇ ਵਿਚ ਇਹ ਫਿਰ ਜੋ ਕੁਛ ਹੋ ਜਾਂਦਾ ਹੈ, ਉਸ ਨੂੰ ਫਿਰ ਦੇਖੀਏ ਤਾਂ ਘਿਰਣਾ ਪੈਦਾ ਹੁੰਦੀ ਹੈ। ਇਸ ਪਾਣੀ ਨੂੰ ਤੇ ਇਹ ਤਨ ਮੈਲਾ ਕਰ ਦਿੰਦਾ ਹੈ, ਅੰਨ ਨੂੰ ਵੀ ਮੈਲਾ ਕਰ ਦਿੰਦਾ ਹੈ, ਘਿਉ ਅਤੇ ਲੂਣ ਨੂੰ ਵੀ ਮੈਲਾ ਕਰ ਦਿੰਦਾ ਹੈ। ਸਭ ਕੁਛ ਮੈਲਾ ਹੋ ਜਾਂਦਾ ਹੈ, ਅਪਵਿੱਤਰ ਹੋ ਜਾਂਦਾ ਹੈ। ਇਹ ਤਨ ਇਤਨਾ ਅਪਵਿੱਤਰ ਹੈ ਕਿ ਹਰ ਚੀਜ਼ ਨੂੰ ਅਪਵਿੱਤਰ ਕਰ ਦਿੰਦਾ ਹੈ। ਪੰਡਿਤ ਗੁਲਾਬ ਸਿੰਘ ਜੀ ਨੇ ਇਕ ਬੜਾ ਸੁੰਦਰ ਛੰਦ ਲਿਖਿਆ ਹੈ। ਇਹ ਮਨੁਖ ਕਿਧਰੇ ਪ੍ਰਭਾਵਿਤ ਹੁੰਦਾ ਹੈ, ਕਿਸੇ ਦੇ ਨੈਣ-ਨਕਸ਼ ਤੋਂ ਅਤੇ ਕਿਸੇ ਦੀ ਖਲੜੀ (skin) ਤੋਂ। ਜੇ ਖਲੜੀ ਦੇ ਅੰਦਰ ਥੋੜੀ ਝਾਤ ਮਾਰੇ, ਇਸ ਨੂੰ ਕਹਿੰਦੇ ਨੇ:-

ਦੇ ਲੰਮੀ ਨਦਰਿ ਨਿਹਾਲੀਐ॥

{ਆਸਾ ਜੀ ਦੀ ਵਾਰ }

ਅਗਰ ਦਰਿਸ਼ਟੀ ਗਹਿਰੀ ਹੋਵੇ। ਪੰਡਿਤ ਗੁਲਾਬ ਸਿੰਘ ਜੀ ਜੋ ਨਿਰਮਲੇ ਸੰਤ ਹੋਏ ਨੇ, ਉਹਨਾਂ ਨੇ ਬਹੁਤ ਸਾਰੇ ਗ੍ਰੰਥ ਲਿਖੇ ਨੇ, ਟੀਕੇ ਲਿਖੇ ਨੇ। ਕਿਧਰੇ ਇਕ ਯੁਵਤੀ, ਜਿਸ ਨੂੰ ਆਪਣੇ ਸੁਹੱਪਣ ਤੇ ਬੜਾ ਮਾਣ ਸੀ, ਉਸ ਦੇ ਨੱਕ ਵਿਚੋਂ ਮੈਲ ਨਿਕਲੀ ਅਤੇ ਢੰਗ ਨਾਲ ਉਸ ਨੇ ਸਵਾਰੀ ਨਾ, ਉਤਾਰੀ ਨਾ, ਇੰਝ ਹੱਥ ਫੇਰ ਦਿੱਤਾ। ਹੱਥ ਦੇ ਫੇਰਦਿਆਂ ਨੱਕ ਦੀ ਮੈਲ ਸਾਰੇ ਮੂੰਹ ਤੇ ਪੈ ਗਈ। ਮੂੰਹ ਲਿੱਬੜ ਗਿਆ। ਉਹ ਲਿਖਦੇ ਨੇ:-

ਹੇ ਮਲ ਮੂਤ ਕਸੂਤ ਸਭੋ ਪੁੰਨ ਔਰ ਸੁਲੇਖਨ ਭਾਂਜਨ ਭਾਰੀ।
ਨਾਕ ਕੀ ਮੈਲ ਜਬੈ ਨਿਕਸੈ ਔਰ ਨਾਇ ਸੁੰਭਾਰ ਸੁ ਪੋਛ ਉਤਾਰੀ।
ਤਉ ਮੁਖ ਚੰਦ ਕਹੌ ਜਹਿ ਕਉ ਬਾ ਨਾਹਿ ਨਿਹਾਰ ਸਕੈ ਵਹੁ ਨਾਰੀ।

ਨੱਕ ਵਿਚੋਂ ਮੈਲ ਨਿਕਲੀ, ਸੰਭਾਲ ਕੇ ਉਤਾਰੀ ਨਾ। ਜਿਸਨੂੰ ਕਹਿੰਦਾ ਸੀ ਚੰਦਰ-ਮੁਖੀ, ਇਹ ਚੰਦਰਮਾ ਦੇ ਸਮਾਨ ਹੈ। ਅਤਿਅੰਤ ਖ਼ੂਬਸੂਰਤ ਚਿਹਰਾ ਹੈ।

ਇਕ ਰਿੰਚਕ ਮੈਲ ਗਿਲਾਨ ਕਰੇ ਸਠ ਜਾਨਤ ਨਾਹਿ ਆਹਿ ਕਛ ਸਾਰੀ।

ਮੂਰਖ ਜਾਣਦਾ ਹੀ ਨਹੀਂ, ਸਭ ਏਹੀ ਕੁਛ ਹੈ। ਸਰੀਰ ਹੋਰ ਕੀ ਹੈ? ਭਗਤ ਕਬੀਰ ਜੀ ਗੁਰਬਾਣੀ ਰਾਹੀਂ ਫਿਰ ਇਸ ਤਰਾਂ ਦਸਦੇ ਨੇ:-

ਬਿਸਟਾ ਅਸਤ ਰਕਤੁ ਪਰੇਟੇ ਚਾਮ॥

{ਅੰਗ ੩੭੪}

ਇਹ ਦੇਹੀ ਕੀ ਹੈ? ਵਿਸ਼ਟਾ, ਅਸਤ (ਹੱਡੀਆਂ) ਅਸਥੀਆਂ, ਲਹੂ ਹੈ, ਮਾਸ ਹੈ। ਇਹ ਮਹਿਲ ਹੈ । ਇਸ ਦੇ ਉਪਰ ਪਰਮਾਤਮਾ ਨੇ ਖਲੜੀ ਦਾ ਕਪੜਾ ਪਾ ਦਿੱਤਾ ਹੈ, ਚੋਲਾ ਪਾ ਦਿੱਤਾ ਹੈ। ਕਪੜਿਆਂ ਦੇ ਵਿਚ ਮਾਸ ਨੂੰ ਢੱਕ ਦਿੱਤਾ ਹੈ, ਹੱਡੀਆਂ ਨੂੰ ਢੱਕ ਦਿੱਤਾ ਹੈ, ਦੁਰਗੰਧੀ ਨੂੰ ਢੱਕ ਦਿੱਤਾ ਹੈ, ਮਹਿਲ ਨੂੰ ਢੱਕ ਦਿੱਤਾ ਹੈ।

ਇਸੁ ਊਪਰਿ ਲੇ ਰਾਖਿਓ ਗੁਮਾਨ॥੩॥{ਅੰਗ ੩੭੪}

ਤੈਨੂੰ ਇਸ ਕਾਇਆਂ ਤੇ ਮਾਣ ਹੈ। ਗੰਦਗੀ ਤੇ, ਹੱਡੀਆਂ ਤੇ, ਮਾਸ ਅਤੇ ਖ਼ੂਨ ਤੇ।

ਚਲਤ ਕਤ ਟੇਢੇ ਟੇਢੇ ਟੇਢੇ॥{ਅੰਗ ੧੧੨੪}

ਇਤਨਾ ਆਕੜ ਕੇ ਕਿਉਂ ਚਲਦਾ ਪਿਆ ਹੈਂ। ਧਨ ਦੇ ਮਾਣ ਦੇ ਨਾਲ ੨ ਸਰੀਰ ਅਤੇ ਜੋਬਨ ਦਾ ਬੜਾ ਭਾਰੀ ਮਾਣ ਹੈ। ਮੈਨੂੰ ਜਦ ਕੋਈ ਕਹਿੰਦਾ ਹੈ, ਨੌਜਵਾਨ ਪਤਿਤ ਹੋ ਰਹੇ ਨੇ, ਗਿਆਨੀ ਜੀ ਇਹਨਾਂ ਨੂੰ ਸਮਝਾਓ। ਮੈਂ ਕਿਹਾ ਤੁਸੀਂ ਇਹਨਾਂ ਨੂੰ ਗੁਰਦੁਆਰੇ ਲਿਆਓ ਤੇ ਮੈਂ ਸਮਝਾਵਾਂ। ਮੈਨੂੰ ਦੋ ਚਾਰ ਜਗ੍ਹਾ ਸ਼ਹਿਰਾਂ ਵਿਚ ਹਾਜ਼ਰੀ ਭਰਨੀ ਪੈਂਦੀ ਹੈ ਅਤੇ ਮੈਂ ਪ੍ਰਣ ਕੀਤਾ ਹੋਇਆ ਸੀ ਕਿ ਸ਼ਾਮੀ ਪਿੰਡਾਂ ਵਿਚ ਜਾਣਾ ਹੈ, ਉਥੇ ਹਾਜ਼ਰੀ ਭਰਿਆ ਕਰਨੀ ਹੈ। ਉਥੇ ਸਾਬਤ ਸੂਰਤ ਵਿਚਾਰੇ ਬੈਠੇ ਹੁੰਦੇ ਨੇ, ਪਰ ਜਿੰਨ੍ਹਾ ਦੀ ਗੱਲ ਆਮ ਚਲਦੀ ਹੈ, ਉਹ ਤੇ ਆਉਂਦੇ ਹੀ ਨਹੀਂ। ਸਤਿਸੰਗ ਤੋਂ ਬਾਅਦ ਕਿਧਰੇ ਮਿਲ ਜਾਂਦੇ ਨੇ ਅਤੇ ਕਹਿੰਦੇ ਨੇ ਟੀ.ਵੀ. ਤੇ ਤੁਹਾਨੂੰ ਦੇਖਿਆ ਸੀ, ਸੁਣਿਆ ਸੀ, ਗੱਲ ਚੰਗੀ ਲਗੀ ਹੈ। ਮੈਂ ਕਿਹਾ ਸਬੂਤ ਤੇਰੀ ਕਾਇਆ ਨਹੀਂ ਦਸਦੀ ਪਈ, ਕਿ ਤੁਹਾਨੂੰ ਚੰਗੀ ਲਗੀ ਹੈ। ਸਬੂਤ ਨਹੀਂ। ਪਤਾ ਹੈ ਕੀ ਕਹਿੰਦੇ ਨੇ, ਗਿਆਨੀ ਜੀ ਸਾਡੇ ਹਿਰਦੇ ਵਿਚ ਸਿੱਖੀ ਹੈ। ਮੈਂ ਕਿਹਾ ਦੇਖੋ, ਜਿਸ ਦਰਖ਼ਤ ਦੀਆਂ ਜੜ੍ਹਾਂ ਹਰੀਆਂ ਹੁੰਦੀਆਂ ਹਨ, ਉਸ ਨੂੰ ਪੱਤੇ ਵੀ ਲਗਦੇ ਨੇ, ਫੁੱਲ ਵੀ ਲਗਦੇ ਨੇ, ਫਲ ਵੀ ਲਗਦੇ ਨੇ। ਤੇਰਾ ਰੁੰਡ ਮੁੰਡ ਰੂਪ ਦਸਦਾ ਪਿਆ ਹੈ ਕਿ ਜੜ੍ਹਾਂ ਤੇ ਸੁੱਕ ਗਈਆਂ। ਕੁਛ ਵੀ ਨਹੀਂ, ਐਵੇਂ ਝੂਠ ਪਿਆ ਬੋਲਦਾ ਹੈਂ। ਜਿਸ ਦੇ ਕੋਲ ਬਾਣੀ ਹੋਵੇਗੀ, ਬਾਣੀ ਬਾਣੇ ਨੂੰ ਜਨਮ ਦੇਵੇਗੀ। ਲਾਜ਼ਮੀ ਦੇਵੇਗੀ, ਹਰ ਹਾਲਤ ਵਿਚ ਦੇਵੇਗੀ। ਮਨੁਖ ਕਹਿ ਦੇਵੇਗਾ, ਹੇ ਗੁਰੂ! ਹੁਣ ਮੈਂ ਤੇਰੇ ਵਰਗਾ ਆਪਣਾ ਤਨ ਬਣਾਉਣਾ ਹੈ। ਰਹਿਮਤ ਕਰ ਤੇਰੇ ਵਰਗਾ ਮੇਰਾ ਮਨ ਵੀ ਹੋ ਜਾਏ। ਜਿਸ ਦਿਨ ਮਨ ਗੁਰੂ ਵਰਗਾ ਹੋ ਜਾਂਦਾ ਹੈ ਉਸ ਦਿਨ ਗੁਰੂ ਵੀ ਮਾਣ ਨਾਲ ਕਹਿ ਦਿੰਦਾ ਹੈ:-

ਖ਼ਾਲਸਾ ਮੇਰੋ ਰੂਪ ਹੈ ਖ਼ਾਸ॥ ਖ਼ਾਲਸੇ ਮਹਿ ਹੌ ਕਰੌਂ ਨਿਵਾਸ॥

{ਸਰਬ ਲੋਹ ਗ੍ਰੰਥ ਚੋਂ}

ਪਰ ਜੋਬਨ ਦਾ ਆਪਣਾ ਬੜਾ ਪ੍ਰਬਲ ਮਾਣ ਹੈ। ਇਸ ਨੂੰ ਈਰਾਨੀ ਸੂਫ਼ੀ ਸੰਤ ਕਿਹਾ ਕਰਦੇ ਸੀ:-

ਦਰ ਜਵਾਨੀ ਤੋਬਾ ਕਰਦਨ ਸੇਵਾ ਇ ਪੈਗੰਬਰੀਸਤ।

ਜਿਹੜਾ ਮਨੁਖ ਜੁਆਨੀ ਵਿਚ ਗੁਨਾਹਾਂ ਤੇ ਤੋਬਾ ਕਰੇ। ਚੜ੍ਹਦੀ ਜੁਆਨੀ ਹੈ ਤੇ ਆਖੇ ਮੈਂ ਪਰ ਤਨ, ਪਰ ਧਨ, ਇਸਦੀ ਪਕੜ ਨਹੀਂ ਰਖਣੀ, ਵਾਸ਼ਨਾ ਭਰੀ ਨਿਗਾਹ ਨਾਲ ਮੈਂ ਪਰ ਤਨ ਨਹੀਂ ਦੇਖਣਾ, ਲੋਭ ਭਰੀ ਦਰਿਸ਼ਟੀ ਨਾਲ ਮੈਂ ਪਰ ਧਨ ਨਹੀਂ ਵੇਖਣਾ। ਇਸੇ ਕਰਕੇ ਗੁਨਾਹ ਹੁੰਦੇ ਨੇ। ਜੁਆਨੀ ਵਿਚ ਕੋਈ ਗੁਨਾਹਾਂ ਤੋਂ ਤੋਬਾ ਕਰੇ ਉਸਦੀ ਸੀਰਤ ਪੈਗੰਬਰਾਂ ਵਰਗੀ ਹੈ। ਸ਼ੇਖ਼ ਸਾਅਦੀ ਸਾਹਿਬ ਕਹਿੰਦੇ ਨੇ ਮੈਂ ਉਸਨੂੰ ਅਵਤਾਰ ਜਾਣ ਕੇ ਪੂਜਣ ਨੂੰ ਤਿਆਰ ਹਾਂ।

ਜੇ ਬੁੱਢਾ ਬੰਦਾ ਆਖੇ ਮੈਂ ਗੁਨਾਹਾਂ ਤੋਂ ਤੋਬਾ ਕਰਦਾ ਹਾਂ। ਮੈਂ ਵਾਸ਼ਨਾ ਭਰੀ ਨਿਗਾਹ ਨਾਲ ਕਿਸੇ ਦਾ ਤਨ ਨਹੀਂ ਦੇਖਦਾ। ਮੈਂ ਲੋਭੀ ਨਿਗਾਹ ਨਾਲ ਕਿਸੇ ਦਾ ਧਨ ਨਹੀਂ ਦੇਖਦਾ। ਮੈਂ ਤੋਬਾ ਕਰ ਲਈ। ਸ਼ੇਖ਼ ਸਾਅਦੀ ਸਾਹਿਬ ਕਹਿੰਦੇ ਨੇ, ਮੈਂ ਨਹੀਂ ਮੰਨਦਾ। ਬਈ ਕਿਉਂ? ਕਿਉਂ ਨਹੀਂ ਮੰਨਦੇ। ਉਹਨਾਂ ਨੇ ਬੜੀ ਪ੍ਰਬਲ ਦਲੀਲ ਦਿੱਤੀ।

ਵਕਤ ਪੀਰੀ ਗੁਰਗ ਜ਼ਾਲਮ ਮੇ ਸ਼ਵਦ ਪ੍ਰਹੇਜ਼ਗਾਰ।

ਪੀਰੀ ਕਹਿੰਦੇ ਨੇ ਬੁਢੇਪੇ ਨੂੰ ਤੇ ਗੁਰਗ ਕਹਿੰਦੇ ਨੇ ਭੇੜੀਏ ਨੂੰ। ਹੁਣ ਜ਼ਾਲਮ ਭੇੜੀਆ ਇਹ ਆਖੇ, ਐਹ ਭੇਡੋ! ਮੈਥੋਂ ਡਰੋ ਨਾ। ਇਹ ਜ਼ਾਲਮ ਬੁੱਢਾ ਬਘਿਆੜ ਇਹ ਆਖੇ, ਮੈਂ ਤੁਹਾਨੂੰ ਪਕੜਨਾ ਛੱਡ ਦਿੱਤਾ ਹੈ। ਸ਼ੇਖ਼ ਸਾਅਦੀ ਸਾਹਿਬ ਕਹਿੰਦੇ ਨੇ, ਇਸ ਨੇ ਪਕੜਨਾ ਨਹੀਂ ਛਡਿਆ, ਇਸ ਕੰਬਖ਼ਤ ਕੋਲੋਂ ਪਕੜੀਆਂ ਹੀ ਨਹੀਂ ਜਾਂਦੀਆਂ। ਇਸ ਨੇ ਗੁਨਾਹਾਂ ਨੂੰ ਨਹੀਂ ਛਡਿਆ, ਗੁਨਾਹ ਇਸ ਤੋਂ ਹੁੰਦੇ ਨਹੀਂ। ਗੁਨਾਹ ਇਹ ਕਰ ਨਹੀਂ ਸਕਦਾ। ਗੁਨਾਹਾਂ ਨੇ ਬੈਠਣਾ ਸੀ ਅੱਖਾਂ ਵਿਚ, ਹੱਥਾਂ ਵਿਚ, ਪੈਰਾਂ ਵਿਚ, ਜ਼ਬਾਨ ਤੇ, ਕੰਨਾਂ ਤੇ, ਨਾਸਕਾ ਤੇ। ਇਹ ਤੇ ਸਾਰੀਆਂ ਹੀ ਕੁਰਸੀਆਂ ਟੁੱਟੀਆਂ ਪਈਆਂ ਨੇ, ਵਿਚਾਰੇ ਗੁਨਾਹ ਬੈਠਣ ਤੇ ਕਿੱਥੇ ਬੈਠਣ।

ਵਕਤ ਪੀਰੀ ਗੁਰਗ ਜ਼ਾਲਮ ਮੇ ਸ਼ਵਦ ਪਰਹੇਜ਼ਗਾਰ।

ਕੋਈ ਬੁਢੇਪੇ ਵਿਚ ਪਰਹੇਜ਼ਗਾਰ ਬਣੇ। ਵਾਸ਼ਨਾ ਨਹੀਂ ਛੱਡੀ ਇਸ ਨੇ, ਲੋਭ ਨਹੀਂ ਛਡਿਆ ਇਸ ਨੇ, ਕੀ ਹੋਇਆ ਜੇ ਬੁੱਢਾ ਹੋ ਗਿਆ ਹੈ। ਜ਼ਾਲਮ ਬਣਿਆ ਹੋਇਆ ਹੈ। ਭਾਵੇਂ ਬਿਰਧ ਹੋ ਗਿਆ ਹੈ, ਇਸਦੀ ਵਾਸ਼ਨਾ ਉਸੇ ਤਰੀਕੇ ਨਾਲ ਹੈ। ਲੋਭ ਉਸੇ ਤਰੀਕੇ ਨਾਲ ਹੈ।

ਚਲਤ ਕਤ ਟੇਢੇ ਟੇਢੇ ਟੇਢੇ॥
ਅਸਤਿ ਚਰਮ ਬਿਸਟਾ ਕੇ ਮੂੰਦੇ ਦੁਰਗੰਧ ਹੀ ਕੇ ਬੇਢੇ॥

{ਅੰਗ ੧੧੨੪}

ਇਤਨਾ ਆਕੜ ਕੇ ਕਿਉਂ ਚਲਦਾ ਪਿਆ ਹੈਂ, ਜਵਾਨ ਨੂੰ ਕਹਿ ਰਹੇ ਨੇ।

ਬਿਸਟਾ ਅਸਤ ਰਕਤੁ ਪਰੇਟੇ ਚਾਮ॥
ਇਸੁ ਊਪਰਿ ਲੇ ਰਾਖਿਓ ਗੁਮਾਨ॥੩॥{ਅੰਗ ੩੭੪}

ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦਾ ਗਾਥਾ ਬਾਣੀ ਵਿਚੋਂ ਇਕ ਸਲੋਕ:-

ਕਰਪੂਰ ਪੁਹਪ ਸੁਗੰਧਾ
ਪਰਸ ਮਾਨੁਖ੍ਯ ਦੇਹੰ ਮਲੀਣੰ॥ {ਅੰਗ ੧੩੬੦}

ਕਪੂਰ, ਅਗਰ, ਚੰਦਨ, ਕੇਸਰ ਆਦਿ, ਇਹ ਮਨੁਖ ਦੀ ਦੇਹੀ ਤੇ ਮਲ ਦੇਈਏ। ਇਸਦਾ ਲੇਪਨ ਮਨੁਖ ਦੀ ਕਾਇਆਂ ਤੇ ਕਰ ਦੇਈਏ। ਇਹ ਸਾਰੀਆਂ ਚੀਜ਼ਾਂ ਧਾਰਮਿਕ ਤੌਰ ਤੇ ਪਵਿੱਤਰ ਮੰਨੀਆਂ ਜਾਂਦੀਆਂ ਨੇ। ਪੁਹਪ, ਫੁੱਲਾਂ ਦੀ ਮਾਲਾ ਗਲ ਦੇ ਵਿਚ ਪਾ ਦੇਈਏ। ਮਨੁਖ ਦੀ ਦੇਹੀ ਨਾਲ ਸਪਰਸ਼ ਕਰਦਿਆਂ ਇਹ ਸਭ ਕੁਛ ਮੈਲਾ ਹੋ ਜਾਂਦਾ ਹੈ। ਕੇਸਰ ਮੈਲਾ ਹੋ ਜਾਂਦਾ ਹੈ, ਚੰਦਨ ਮੈਲਾ ਹੋ ਜਾਂਦਾ ਹੈ, ਫੁੱਲ ਮੈਲੇ ਹੋ ਜਾਂਦੇ ਨੇ। ਸੁਗੰਧਿਤ ਚੀਜ਼ਾਂ, ਪਵਿੱਤਰ ਚੀਜ਼ਾਂ ਮੈਲੀਆਂ ਹੋ ਜਾਂਦੀਆਂ ਨੇ। ਕਿਉਂ ਮੈਲੀਆਂ ਹੋ ਜਾਂਦੀਆਂ ਨੇ, ਅਗਲੀ ਪੰਗਤੀ:-

ਮਜਾ ਰੁਧਿਰ ਦ੍ਰੁਗੰਧਾ
ਨਾਨਕ ਅਥਿ ਗਰਬੇਣ ਅਗ੍ਯਾਨਣੋ॥ {ਅੰਗ ੧੩੬੦}

ਇਹ ਮੂਰਖ ਅਗਿਆਨੀ ਕਾਇਆ ਦਾ ਐਵੇਂ ਮਾਣ ਪਿਆ ਕਰਦਾ ਹੈ। ਕਾਇਆ ਕੀ ਹੈ? ਚਰਬੀ, ਖ਼ੂਨ, ਦੁਰਗੰਧ ਹੈ, ਹੱਡੀਆਂ ਤੇ ਮਾਸ ਹੈ। ਸਭ ਮੈਲ ਹੀ ਮੈਲ ਹੈ। ਇਸ ਦੇ ਉੱਪਰ ਕਰਤੇ ਪੁਰਖ ਨੇ ਚਮੜੀ ਲਪੇਟ ਦਿੱਤੀ ਹੈ। ਸਾਰੀ ਦੁਨੀਆਂ ਚਮੜੀ ਦੇ ਭੁਲੇਖੇ ਵਿਚ ਰਹਿ ਜਾਂਦੀ ਹੈ। ਭਗਤ ਨਾਮਦੇਵ ਜੀ ਸਮਝਾ ਰਹੇ ਨੇ:-

ਕਾਹੇ ਰੇ ਨਰ ਗਰਬੁ ਕਰਤ ਹਹੁ ਬਿਨਸਿ ਜਾਇ ਝੂਠੀ ਦੇਹੀ॥੧॥

ਹੇ ਮਨੁਖ! ਕਿਉਂ ਝੂਠਾ ਹੰਕਾਰ ਪਿਆ ਕਰਦਾ ਹੈਂ। ਇਹ ਅਪਵਿੱਤਰ ਦੇਹੀ ਅੱਜ ਹੈ ਤੇ ਕਲ ਨਹੀਂ। ਇਹ ਦੇਹੀ ਪਾਕ ਨਹੀਂ ਹੋ ਸਕਦੀ। ਪਾਣੀ ਨਾਲ, ਸਾਬਨ ਨਾਲ, ਖਲੜੀ ਅਸੀਂ ਰੋਜ਼ ਪਾਕ ਕਰ ਲੈਂਦੇ ਹਾਂ। ਕੀ ਸਰੀਰ ਦੇ ਅੰਦਰੋਂ ਇਹ ਸਾਰੀ ਸ਼ੁੱਧੀ ਹੋ ਸਕਦੀ ਹੈ। ਕਤਈ ਨਹੀਂ। ਹਾਂ ਇਕ ਤਰੀਕੇ ਨਾਲ ਇਹ ਸਰੀਰ ਦੀ ਸਾਰੀ ਦੁਰਗੰਧੀ ਸੁਗੰਧ ਵਿਚ ਬਦਲ ਸਕਦੀ ਹੈ। ਸਰੀਰ ਦਾ ਅੰਦਰ ਦਾ ਖ਼ੂਨ, ਅੰਮ੍ਰਿਤ ਬਣ ਜਾਏਗਾ, ਕਿਸ ਤਰ੍ਹਾਂ? ਗੁਰਬਾਣੀ ਦਾ ਵਾਕ:-

ਏਕ ਵਸਤੁ ਬੂਝਹਿ ਤਾ ਹੋਵਹਿ ਪਾਕ॥

ਕਿਧਰੇ ਉਸ ਇਕ ਨਾਲ ਜੁੜ ਜਾਵੇਂ ਤੇ ਇਕ ਨੂੰ ਸਮਝ ਲਵੇਂ, ਇਕ ਦੀ ਜੋਤ ਤੇਰੇ ਅੰਦਰ ਪ੍ਰਗਟ ਹੋ ਜਾਏ, ਫਿਰ ਤੂੰ ਪਵਿੱਤਰ ਹੋ ਜਾਏਂਗਾ। ਨਹੀਂ ਤੇ:-

ਬਿਨੁ ਬੂਝੇ ਤੂੰ ਸਦਾ ਨਾਪਾਕ॥੪॥

ਉਸ ਨੂੰ ਸਮਝੇ ਬਿਨਾਂ ਸਦਾ ਅਪਵਿੱਤਰ ਰਹੇਗਾ। ਉਸ ਨਾਲ ਜੁੜ ਕੇ ਇਹ ਜੀਵ ਕਿਤਨਾ ਪਵਿੱਤਰ ਹੋ ਸਕਦਾ ਹੈ, ਗੁਰੂ ਬਾਬਾ ਅੱਗੇ ਦਸਦੇ ਨੇ:-

ਕੁੰਗੂ ਕੀ ਕਾਂਇਆ..॥(ਅੰਗ ੧੭)

ਕੇਸਰ ਲਾਉਣ ਦੀ ਲੋੜ ਹੀ ਨਹੀਂ, ਕਾਇਆ ਹੀ ਕੇਸਰ ਹੋ ਜਾਏਗੀ। ਇਸ ਨੂੰ ਕੇਸਰ ਮਲਣ ਦੀ ਲੋੜ ਹੀ ਨਹੀਂ। ਇਸ ਦੇ ਸਾਹਮਣੇ ਕੇਸਰ ਵੀ ਕੁਝ ਮਾਅਨੇ(ਮਹੱਤਵ) ਨਹੀਂ ਰਖੇਗਾ, ਇਸਦੀ ਕਾਇਆ ਇਤਨੀ ਪਵਿੱਤਰ ਹੋ ਜਾਏਗੀ।

ਰਤਨਾ ਕੀ ਲਲਿਤਾ(ਅੰਗ ੧੭)

ਇਸ ਦੀ ਜ਼ਬਾਨ ਰਤਨਾਂ ਨਾਲ ਜੜਤ ਹੋ ਜਾਏਗੀ, ਜੋ ਵੀ ਬੋਲੇਗਾ ਰਤਨਾਂ ਤੋਂ ਘਟ ਨਹੀਂ ਹੋਵੇਗਾ।

ਅਗਰਿ ਵਾਸੁ ਤਨਿ ਸਾਸੁ॥(ਅੰਗ ੧੭)

ਉਸਦੇ ਸਵਾਸਾਂ ਵਿਚ ਬਦਬੂ ਨਹੀਂ ਹੋਵੇਗੀ, ਚੰਦਨ ਦੀ ਮਹਿਕ ਹੋਵੇਗੀ। ਮੈਂ ਕਿਧਰੇ ਪਟਨਾ ਸਾਹਿਬ ਅਰਥ ਕਰ ਬੈਠਾ, ਕਿ ਉਹ ਆਪਣੇ ਸਵਾਸਾਂ ਨੂੰ ਸਫਲ ਕਰ ਲੈਂਦਾ ਹੈ। ਸੇਵਾ ਕਰਕੇ ਉਹ ਆਪਣੇ ਤਨ ਨੂੰ ਪਾਵਨ ਕਰ ਲੈਂਦਾ ਹੈ। ਸੰਤ ਕਰਤਾਰ ਸਿੰਘ ਜੀ ਸਾਹਮਣੇ ਬੈਠੇ ਸਨ। ਬੜੇ ਅਨੁਭਵੀ ਪੁਰਸ਼। ਦਾਸ ਦੀ ਉਹਨਾਂ ਨਾਲ ਗੂੜ੍ਹੀ ਮਿੱਤਰਤਾ ਸੀ, ਬੜਾ ਪਿਆਰ ਸੀ। ਇਸ ਮੰਜੀ ਸਾਹਿਬ ਅਸਥਾਨ ਦੀ ਉਹ ਸੇਵਾ ਕਰਾਉਂਦੇ ਰਹੇ। ਬੇਰ ਸਾਹਿਬ (ਸੁਲਤਾਨਪੁਰ), ਪਟਨਾ ਸਾਹਿਬ ਆਦਿ ਸਥਾਨਾਂ ਦੀ ਉਹ ਸੇਵਾ ਕਰਾਉਂਦੇ ਰਹੇ। ਅਲਵਰ ਸਮਾਗਮ ਤੇ ਵੀ ਉਹ ਪਹੁੰਚਦੇ ਸਨ। ਪਟਨੇ ਦੀ ਗੱਲ, ਉਹ ਮੇਰੇ ਕਮਰੇ ਵਿਚ ਆ ਗਏ। ਕਹਿਣ ਲੱਗੇ, ਗਿਆਨੀ ਜੀ ਉਹ ਤੇ ਸੁਗੰਧ ਕਿਹਾ ਹੈ:-

ਅਗਰਿ ਵਾਸੁ ਤਨਿ ਸਾਸੁ॥(ਅੰਗ ੧੭)

ਸੁਆਸਾਂ ਵਿਚ ਚੰਦਨ ਦੀ ਮਹਿਕ ਹੋ ਜਾਂਦੀ ਹੈ। ਤੁਸੀਂ ਅਰਥ ਕੀਤੇ ਨੇ ਸੁਆਸ ਸਫਲ ਹੋ ਜਾਂਦੇ ਨੇ। ਮੈਂ ਕਿਹਾ ਇਹੀ ਅਰਥ ਬਣਦੇ ਨੇ। ਟੀਕੇਕਾਰਾਂ ਨੇ ਵੀ ਇਹੋ ਅਰਥ ਕੀਤੇ ਨੇ। ਮੇਰੀ ਸਮਝ ਦੇ ਵਿਚ ਇਹੋ ਆਏ ਨੇ। ਕਹਿਣ ਲੱਗੇ ਨਹੀਂ, ਉਸਦੇ ਮੂੰਹ ਦੇ ਵਿਚ ਬਦਬੂ ਨਹੀਂ ਰਹਿ ਜਾਂਦੀ। ਉਸ ਦੇ ਸੁਆਸਾਂ ਵਿਚੋਂ ਬਦਬੂ ਨਹੀਂ ਆਉਂਦੀ। ਜੇ ਸੁਆਸਾਂ ਦੇ ਵਿਚ ਬਦਬੂ ਹੈ, ਅਜੇ ਨਉ ਨਿਧਿ ਨਾਮ ਇਸ ਦੇ ਅੰਦਰ ਪ੍ਰਗਟ ਨਹੀਂ ਹੋਇਆ। ਫਿਰ ਉਹਨਾਂ ਨੇ ਮੈਨੂੰ ਇਕ ਵਾਕਿਆ ਦਸਿਆ। ਜ਼ਿਲਾ ਏਟਾਵਾ ਦਾ ਇਕ ਕਸਬਾ, ਗੰਜ ਦੁਡਵਾੜਾ ਹੈ। ਇਕ ਬਿਰਧ ਬਾਬਾ ਉਥੇ ਗੁਰਦੁਆਰੇ ਵਿਚ ਬੈਠ ਕੇ ਸਾਰਾ ਦਿਨ ਬਾਣੀ ਪੜ੍ਹਦਾ ਰਹਿੰਦਾ ਸੀ। ਕਿੱਥੋਂ ਆਇਆ ਸੀ, ਇਹ ਉਥੋਂ ਦੀਆਂ ਸੰਗਤਾਂ ਨੂੰ ਪਤਾ ਨਹੀਂ ਸੀ। ਤੀਹ ਚਾਲੀ ਸਿੰਘਾਂ ਦੇ ਉਥੇ ਘਰ ਨੇ, ਜੋ ਪਿਛੋਂ ਗੁਜਰਾਤ (ਪਾਕਿਸਤਾਨ) ਤੋਂ ਆਏ

ਹੋਏ ਨੇ। ਛੋਟੀਆਂ ੨ ਕਪੜੇ ਦੀਆਂ ਉਹਨਾਂ ਦੀਆਂ ਦੁਕਾਨਾਂ ਨੇ। ਛੋਟਾ ਜਿਹਾ ਗੁਰਦੁਆਰਾ ਉਹਨਾਂ ਨੇ ਬਣਾਇਆ ਹੋਇਆ ਹੈ। ਇਕ ਦਿਨ ਉਹ ਬਾਬਾ ਕਹਿਣ ਲੱਗਾ, ਮੈਂ ਕਲ ਚਲੇ ਜਾਣਾ ਹੈ। ਸੰਗਤਾਂ ਸਵੇਰੇ ੨ ਆਉਂਦੀਆਂ ਨੇ। ਸੰਗਤ ਹੱਥ ਜੋੜ ਕੇ ਕਹਿਣ ਲਗੀ, ਬਾਬਾ ਜੀ ਕਿਉਂ ਜਾਂਦੇ ਹੋ। ਅਸੀਂ ਦੋਨੋਂ ਵਕਤ ਪ੍ਰਸ਼ਾਦਾ ਪਹੁੰਚਾ ਦਿੰਦੇ ਹਾਂ। ਤੁਹਾਡੀ ਪੁੱਛ-ਗਿਛ ਵੀ ਕਰਦੇ ਹਾਂ, ਕਿਉਂ ਜਾਂਦੇ ਹੋ। ਨਾ ਜਾਉ, ਇੱਥੇ ਹੀ ਰਹੋ। ਉਹ ਬਾਬਾ ਜੀ ਕਹਿਣ ਲੱਗੇ, ਤੁਸੀਂ ਸਮਝੇ ਨਹੀਂ, ਅਸੀਂ ਸੰਸਾਰ ਤੋਂ ਜਾ ਰਹੇ ਹਾਂ। ਕਲ ਅੰਮ੍ਰਿਤ ਵੇਲੇ ਚਲੇ ਜਾਣਾ ਹੈ। ਸਾਰਿਆਂ ਦੀ ਸਮਝ ਵਿਚ ਗੱਲ ਆਈ। ਫਿਰ ਸਾਰੇ ਕਹਿਣ ਲੱਗੇ, ਅੱਛਾ ਬਾਬਾ ਜੀ ਦਸੋ ਤੁਹਾਡੀ ਦੇਹੀ ਦਾ ਦਾਹ-ਸੰਸਕਾਰ ਕਰੀਏ ਕਿ ਜਲ ਪ੍ਰਵਾਹ ਕਰੀਏ। ਅਕਸਰ ਸੰਤਾਂ ਨੂੰ ਜਲ ਪ੍ਰਵਾਹ ਕਰਦੇ ਨੇ। ਕਿਉਂਕਿ ਦੇਹੀ ਦਾ ਮੋਹ ਤੇ ਹੈ ਨਹੀਂ, ਦੇਹੀ ਦੀ ਪਕੜ ਤੇ ਹੈ ਨਹੀਂ। ਇਸ ਦੇਸ਼ ਵਿਚ ਜਲਾਉਣ ਦਾ ਕੰਮ ਇਸ ਕਰਕੇ ਸ਼ੁਰੂ ਕੀਤਾ ਗਿਆ, ਜਲਾਉ ਲਾਸ਼ ਨੂੰ, ਖ਼ਾਕ ਕਰ ਦਿਉ, ਰਾਖ਼ ਕਰ ਦਿਉ, ਦੇਹੀ ਦਾ ਮੋਹ ਮਿਟ ਜਾਏ। ਪੁੱਤਰ ਦੇ ਹੱਥੋਂ ਉਸ ਦਾ ਮਸਤਕ ਤੁੜਵਾਉ, ਕਪਾਲ ਤੋੜੋ ਤਾਕਿ ਉਸ ਦੇ ਅੰਦਰ ਮੋਹ ਨ ਰਹੇ। ਗੱਲ ਕੇਵਲ ਇਤਨੀ ਸੀ। ਕਬਰ ਵਿਚ ਦੇਹੀ ਬਹੁਤ ਲੰਬੇ ਸਮੇਂ ਤਕ ਪਈ ਰਹੇਗੀ। ਜਿਤਨੇ ਚਿਰ ਤਕ ਇਹ ਹੱਡੀਆਂ ਦਾ ਢਾਂਚਾ ਪਿਆ ਹੈ, ਸੂਖਸ਼ਮ ਸਰੀਰ ਮੋਹ ਵੱਸ ਹੋ ਕੇ ਉਥੇ ਮੰਡਲਾਉਂਦਾ ਰਹੇਗਾ। ਵੈਸੇ ਇਸ ਤਰ੍ਹਾਂ ਦੀਆਂ ਮੰਡਲਾਉਣ ਵਾਲੀਆਂ ਰੂਹਾਂ ੯੯ ਫ਼ੀ ਸਦੀ ਮੁਸਲਮਾਨ ਹੁੰਦੀਆਂ ਨੇ। ਜਨਮ ਨਹੀਂ ਹੋਇਆ ਹੁੰਦਾ। ਦੇਹੀ ਕਬਰ ਦੇ ਵਿਚ ਪਈ ਹੋਈ ਹੈ। ਬਾਬਾ ਫਰੀਦ ਐਸਾ ਕਹਿੰਦੇ ਨੇ:-

ਫਰੀਦਾ ਮਹਲ ਨਿਸਖਣ ਰਹਿ ਗਏ ਵਾਸਾ ਆਇਆ ਤਲਿ॥
ਗੋਰਾਂ ਸੇ ਨਿਮਾਣੀਆ ਬਹਸਨਿ ਰੂਹਾਂ ਮਲਿ॥

(ਅੰਗ ੧੩੮੩)

ਇਹ ਨਿਮਾਣੀਆਂ ਰੂਹਾਂ, ਇਹ ਸੂਖਸ਼ਮ ਸਰੀਰ ਕਬਰਾਂ ਨੂੰ ਮਲ ਕੇ ਬੈਠ ਜਾਣਗੇ। ਪਰਕਰਮਾਂ ਕਰਦੇ ਰਹਿਣਗੇ, ਕਿਉਂਕਿ ਇਸਲਾਮ ਦੇ ਵਿਚ ਐਸੀ ਮਨੌਤ ਹੈ ਕਿ ਕਿਆਮਤ ਵਾਲੇ ਦਿਨ ਅਜ਼ਰਾਈਲ ਫ਼ਰਿਸ਼ਤਾ ਫ਼ਲੀਰੀ ਵਜਾਏਗਾ, ਸਾਰੀਆਂ ਰੂਹਾਂ ਕਬਰਾਂ ਤੋਂ ਉਠ ਕੇ ਖ਼ੁਦਾ ਦੇ ਦਰਬਾਰ ਵਿਚ ਪੇਸ਼ ਹੋਣਗੀਆਂ। ਮੁਹੰਮਦ ਸਾਹਿਬ ਜਿੰਨ੍ਹਾਂ ਦੀ ਹਾਮੀ ਭਰਨਗੇ, ਉਹਨਾਂ ਨੂੰ ਜੰਨਤ ਮਿਲੇਗੀ, ਜਿੰਨ੍ਹਾਂ ਦੀ ਹਾਮੀ ਨਹੀਂ ਭਰਨਗੇ ਉਹਨਾਂ ਨੂੰ ਦੋਜ਼ਕ ਮਿਲੇਗਾ।

ਭਾਰਤ ਦੇ ਰਿਸ਼ੀਆਂ ਮੁਨੀਆਂ ਦੀ ਦਰਿਸ਼ਟੀ ਬੜੀ ਗਹਿਰੀ ਸੀ, ਇਸ ਦੇਹੀ ਦੀ ਪਕੜ ਹੀ ਨਾ ਰਹੇ, ਅੱਗੇ ਜਾਏ, ਇਸਦਾ ਜਨਮ ਹੋਵੇ। ਇਹ ਭਟਕੇ ਨਾ, ਇਸ ਨੂੰ ਜਲਾ ਦਿਉ। ਕੁਝ ਹੱਡੀਆਂ ਬਚ ਗਈਆਂ, ਰਾਖ਼ ਬਚ ਗਈ ਹੈ। ਇਹ ਵੀ ਕਿਸੇ ਦਰਿਆ ਦੇ ਵਿਚ ਪਾ ਦਿਉ ਤਾਕਿ ਨਾਮੋ-ਨਿਸ਼ਾਨ ਹੀ ਨਾ ਰਹੇ, ਪਕੜ ਹੀ ਨਾ ਰਹੇ।

ਸੰਗਤਾਂ ਨੇ ਬਾਬੇ ਤੋਂ ਪੁੱਛ ਲਿਆ, ਬਈ ਦਾਹ-ਸੰਸਕਾਰ ਕਰੀਏ ਕਿ ਜਲ ਪ੍ਰਵਾਹ ਕਰੀਏ। ਪਤਾ ਹੈ ਉਸ ਨੇ ਕੀ ਆਖਿਆ, ਮੈਂ ਆਪਣਾ ਦਾਹ-ਸੰਸਕਾਰ ਆਪ ਕਰਾਂਗਾ, ਤੁਹਾਨੂੰ ਕਰਨ ਦੀ ਲੋੜ ਨਹੀਂ। ਇਹ ਸਾਰੀ ਘਟਨਾ ਮੈਨੂੰ ਸੰਤ

ਕਰਤਾਰ ਸਿੰਘ ਜੀ ਨੇ ਦੱਸੀ। ਮੈਨੂੰ ਕਹਿਣ ਲੱਗੇ ਹੁਣ ਪਟਨਾ ਸਾਹਿਬ ਤੋਂ ਤੁਸੀਂ ਹੋਰ ਕਿਸੇ ਪਾਸੇ ਨਹੀਂ ਜਾਣਾ। ਉਥੇ ਜਾਉ ਤਾਕਿ ਪੰਗਤੀ ਦੇ ਅਰਥ ਠੀਕ ਹੋ ਜਾਣ, ਜਿਹੜੇ ਤੁਸੀਂ ਕਰਦੇ ਹੋ।ਉਹਨਾਂ ਤੋਂ ਪ੍ਰੇਰਿਤ ਹੋ ਕੇ ਫਿਰ ਮੈਂ ਉਥੇ ਗਿਆ।

ਅਗਰਿ ਵਾਸੁ ਤਨਿ ਸਾਸੁ॥{ਅੰਗ ੧੭}

ਪਤਾ ਲਗਿਆ ਕਿ ਸਾਰੇ ਕਸਬੇ ਵਿਚ ਗੱਲ ਫੈਲ ਗਈ ਸੀ ਕਿ ਬਾਬਾ ਖ਼ੁਦਕਸ਼ੀ ਕਰੇਗਾ, ਆਪਣੇ ਆਪ ਨੂੰ ਅੱਗ ਨਾਲ ਸਾੜੇਗਾ। ਕਿਉਂਕਿ ਉਸ ਨੇ ਕਹਿ ਦਿੱਤਾ ਸੀ ਕਿ ਆਪਣਾ ਦਾਹ ਸੰਸਕਾਰ ਉਹ ਆਪ ਕਰੇਗਾ। ਤੇ ਹੋਇਆ ਕੀ, ਸੰਗਤਾਂ ਤੇ ਪਹੁੰਚੀਆਂ, ਬਹੁਤ ਸਾਰੇ ਜੋ ਗੁਰਦਵਾਰੇ ਨਹੀਂ ਆਉਂਦੇ ਸਨ, ਉਹਨਾਂ ਦੀ ਵੀ ਭੀੜ ਲਗ ਗਈ। ਪੁਲਿਸ ਵੀ ਪਹੁੰਚ ਗਈ ਔਰ ਗ਼ਜ਼ਬ ਦੀ ਗੱਲ ਪੁਲਿਸ ਦੇ ਨਾਲ ਕੈਮਰਾਮੈਨ (Cameraman) ਵੀ ਪਹੁੰਚ ਗਏ, ਬਈ ਕੋਈ ਗੜ ਬੜ ਨਾ ਹੋ ਜਾਏ। ਇਹ ਬਾਬਾ ਸੁਰ ਦੇ ਵਿਚ, ਰਸ ਦੇ ਵਿਚ ਸੁਖਮਨੀ ਸਾਹਿਬ ਦਾ ਪਾਠ ਕਰਦਾ ਸੀ। ਉਸ ਦਿਨ ਉਸ ਨੇ ਪਾਠ ਕੀਤਾ ਅਤੇ ਸਿਰ ਮਹਾਰਾਜ ਜੀ ਦੀ ਤਰਫ਼ ਕਰਕੇ ਕਾਰਪੈਟ (Carpet) ਦੇ ਉੱਤੇ ਲੇਟ ਗਿਆ। ਇਹ ਸਿਰਫ਼ ਇਕ ਤਹਿਮਤ ਬੰਨ੍ਹਦਾ ਸੀ ਅਤੇ ਸਿਰ ਦੇ ਉਪਰ ਛੋਟਾ ਜਿਹਾ ਪਟਕਾ ਬੰਨ੍ਹਦਾ ਸੀ। ਇਸ ਦੀ ਨਾਭੀ ਵਿਚੋਂ ਅੱਗ ਨਿਕਲੀ (ਇਹ ਤਸਵੀਰਾਂ, ਹਿੰਦੋਸਤਾਨ ਦੇ ਤਮਾਮ ਵੱਡੇ ੨ ਅਖ਼ਬਾਰਾਂ ਵਿਚ ਛਪੀਆਂ ਸਨ ਬਲਕਿ ਬਰਿਟਸ਼ (British) ਦੇ ਅਖ਼ਬਾਰਾਂ ਨੇ ਵੀ ਛਾਪੀਆਂ ਸਨ)। ਅੱਗ ਸਹਿਜੇ ੨ ਵਧਦੀ ਗਈ। ਅੱਗ ਦਾ ਰੰਗ ਇਸ ਤਰ੍ਹਾਂ ਦਾ ਸੀ ਜਿਵੇਂ ਦੁੱਧ ਦਾ ਰੰਗ ਹੁੰਦਾ ਹੈ। ਸਰੀਰ ਜਲਦਾ ਗਿਆ ਲੇਕਿਨ ਰਾਖ਼ ਨਹੀਂ ਬਚੀ, ਹੱਡੀਆਂ ਵੀ ਨਹੀਂ ਬਚੀਆਂ। ਕੁਛ ਵੀ ਨਹੀਂ ਬਚਿਆ, ਸਰੀਰ ਗਿਆ। ਥੱਲੇ ਦਾ ਕਾਰਪੈਟ (Carpet) ਵੀ ਨਹੀਂ ਜਲਿਆ, ਜਿਸ ਕਾਰਪੈਟ ਤੇ ਉਹ ਲੇਟਿਆ ਹੋਇਆ ਸੀ। ਫਿਰ ਮੇਰੇ ਪੜ੍ਹਨ ਵਿਚ ਆਇਆ, ਜੋ ਮੈਂ ਸਟੱਡੀ (Study) ਕੀਤੀ ਹੈ। ਉਤਰਾ-ਖੰਡ ਵਿਚ ਬਰਫ਼ਾਨੀ ਚੋਟੀਆਂ ਵਿਚ ਜੋ ਸਾਧੂ ਰਹਿੰਦੇ ਸਨ। ਜਿਸ ਦਿਨ ਉਹਨਾਂ ਦਾ ਅੰਤਮ ਸਮਾਂ ਆਉਂਦਾ ਸੀ, ਦਿਖਾਈ ਦੇ ਜਾਂਦਾ ਸੀ। ਇਤਨੀ ਵੱਡੀ ਘਟਨਾ ਘਟੇ ਅਤੇ ਇਕ ਨਿਰਮਲ ਮਨ ਨੂੰ ਪਤਾ ਨਾ ਚਲੇ। ਪਤਾ ਚਲ ਜਾਂਦਾ ਹੈ। ਉਹ ਇਸੇ ਤਰ੍ਹਾਂ ਆਪਣੀ ਨਾਭੀ ਵਿਚੋਂ ਬ੍ਰਹਮ-ਅਗਨ ਕਢਦੇ ਸਨ, ਜਿਸ ਦਾ ਜ਼ਿਕਰ ਕਬੀਰ ਸਾਹਿਬ ਕਰਦੇ ਨੇ:-

ਬ੍ਰਹਮ ਅਗਨਿ ਸਹਜੇ ਪਰਜਾਲੀ
ਏਕਹਿ ਚੋਟ ਸਿਝਾਇਆ॥

{ਅੰਗ ੧੧੬੧}

ਇਹ ਬ੍ਰਹਮ ਅਗਨ ਜੋ ਉਹਨਾਂ ਦੇ ਅੰਦਰ ਪ੍ਰਗਟ ਹੋ ਜਾਂਦੀ ਹੈ, ਉਸਨੂੰ ਬਾਹਰ ਪ੍ਰਗਟ ਕਰਕੇ, ਆਪਣੀ ਦੇਹੀ ਦਾ ਸਸਕਾਰ ਕਰ ਲੈਂਦੇ ਸਨ, ਕਿਉਂਕਿ ਉਸ ਬਰਫ਼ਾਨੀ ਇਲਾਕੇ ਵਿਚ ਲਕੜਾਂ ਤੇ ਹੁੰਦੀਆਂ ਨਹੀਂ ਹਨ। ਇਸ ਤਰ੍ਹਾਂ ਦੀ ਘਟਨਾ ਇਹ ਘਟੀ। ਇਸ ਘਟਨਾ ਨੂੰ ਉਚੇਚਾ ਦੇਖਣ ਵਾਸਤੇ ਫਿਰ ਅਚਾਰੀਆ ਰਜਨੀਸ਼ ਵੀ ਗਿਆ। ਉਸਨੇ ਆਪਣੀਆਂ ਕਥਾਵਾਂ ਵਿਚ ਵੀ ਕਿਹਾ ਹੈ ਕਿ

ਉਤਰਾ-ਖੰਡ ਵਿਚ ਇਸ ਤਰ੍ਹਾਂ ਦੀਆਂ ਘਟਨਾਵਾਂ ਘਟਦੀਆਂ ਰਹੀਆਂ ਨੇ। ਪਰ ਪਹਾੜਾਂ ਤੋਂ ਥੱਲੇ, ਆਮ ਵਸੋਂ ਵਿਚ ਇਸ ਤਰ੍ਹਾਂ ਦੀ ਜਿਹੜੀ ਘਟਨਾ ਘਟੀ ਹੈ ਉਹ ਗੁਰੂ ਨਾਨਕ ਦੇ ਇਕ ਸਿੱਖ ਦੁਆਰਾ ਘਟੀ ਹੈ। ਇਹ ਉਸ ਨੇ ਵੀ ਕਬੂਲਿਆ ਹੈ। ਜਿਸ ਦਿਨ ਮੈਂ ਉਥੇ ਉਸ ਗੁਰਦੁਆਰੇ ਵਿਚ ਪਹੁੰਚਿਆ ਸੀ, ਉਸ ਦਿਨ ਵੀ ਬੜੀ ਮਹਿਕ ਸੀ ਉਸ ਕਮਰੇ ਵਿਚ । ਛੋਟਾ ਜਿਹਾ ਗੁਰਦਵਾਰਾ ਹੈ। ਮੈਂ ਸੁਭਾਵਿਕ ਪੁਛਿਆ ਏਥੇ ਚੰਦਨ ਰਗੜਿਆ ਹੈ। ਕਹਿਣ ਲੱਗੇ ਨਹੀਂ, ਜਿਸ ਦਿਨ ਦੇ ਬਾਬਾ ਜੀ ਗਏ ਨੇ, ਮਹਿਕ ਹੈ। ਉਹ ਦੂਧੀਆ ਚਾਨਣਾ ਇਕ ਦਿਨ ਰਿਹਾ। ਉਹ ਮਹਿਕ ੧੫ ਦਿਨ ਰਹੀ, ਚਾਨਣਾ ਚਲਾ ਗਿਆ। ਫਿਰ ਸੰਤ ਕਰਤਾਰ ਸਿੰਘ ਜੀ ਮੈਨੂੰ ਇੱਥੇ ਮਿਲੇ, ਉਹਨਾਂ ਦਿਨਾਂ ਵਿਚ ਸੋਨੇ ਦੀ ਸੇਵਾ ਕਰਾ ਰਹੇ ਸਨ। ਕਹਿੰਦੇ ਦੇਖ ਆਏ ਹੋ--ਅਗਰਿ ਵਾਸੁ ਤਨ ਸਾਸ॥-- ਹੁਣ ਇਸ ਤਰ੍ਹਾਂ ਅਰਥ ਕਰਿਆ ਕਰਨਾ। ਮੈਂ ਕਿਹਾ ਹੁਣ ਮੈਂ ਇਸ ਤਰ੍ਹਾਂ ਅਰਥ ਹੀ ਨਹੀਂ ਕਰਾਂਗਾ ਬਲਕਿ ਘਟਨਾ ਸੁਣਾਵਾਂਗਾ ਜਿਹੜੀ ਮੈਂ ਦੇਖ ਕੇ ਆਇਆ ਹਾਂ।

ਦੇਹੀ ਅਪਵਿੱਤਰ ਹੈ, ਕਿਸੇ ਵੀ ਸਾਧਨਾ ਦੇ ਨਾਲ ਇਹ ਖ਼ੂਨ, ਮਿਝ, ਮਾਸ ਪਵਿੱਤਰ ਨਹੀਂ ਹੋ ਸਕਦਾ। ਹਾਂ ਇਕ ਗੱਲ ਹੈ ਜੇਕਰ:-

ਏਕ ਵਸਤੁ ਬੂਝਹਿ ਤਾ ਹੋਵਹਿ ਪਾਕ॥(ਅੰਗ ੩੭੪)

ਇਕ ਦੀ ਜੋਤ ਤੇਰੇ ਅੰਦਰ ਪ੍ਰਗਟ ਹੋ ਜਾਏ ਤਾਂ ਤੂੰ ਪਵਿੱਤਰ ਹੋ ਜਾਵੇਂਗਾ। ਇਹ ਝੂਠੀ ਦੇਹੀ, ਅਪਵਿੱਤਰ ਦੇਹੀ, ਪਵਿੱਤਰ ਹੋ ਜਾਏਗੀ।

ਮੇਰੀ ਮੇਰੀ ਕੈਰਉ ਕਰਤੇ ਦੁਰਜੋਧਨ ਸੇ ਭਾਈ॥
ਬਾਰਹ ਜੋਜਨ ਛਤ੍ਰ ਚਲੈ ਥਾ ਦੇਹੀ ਗਿਰਝਨ ਖਾਈ॥੨॥

ਕੌਰਵ ਜਿੰਨ੍ਹਾਂ ਦਾ ਦੁਰਜੋਧਨ ਵਰਗਾ ਭਰਾ ਸੀ ਅਤੇ ਉਹ ਆਪਣੀ ਪਾਤਸ਼ਾਹੀ ਦਾ ਹੰਕਾਰ ਕਰਦੇ ਸਨ, ਕਿਉਂ? ਕਿਉਂਕਿ ਬਾਰਾਂ ਜੋਜਨ ਭਾਵ ੪੮ ਕੋਹ ਤਕ ਉਹਨਾਂ ਦਾ ਰਾਜ ਸੀ, ਛਤਰ ਝੁਲਦਾ ਸੀ। ਆਖ਼ਰ ਕੁਰਕਛੇਤਰ ਦੇ ਮੈਦਾਨ ਵਿਚ ਜਦੋਂ ਲੜਾਈ ਹੋਈ ਤਾਂ ਮਰਨ ਤੋਂ ਬਾਅਦ ਉਹਨਾਂ ਦੀ ਦੇਹੀ ਗਿੱਧਾਂ ਨੇ ਖਾਧੀ। ਗਿਰਝਨ(ਗਿੱਧਾਂ)।

ਸਰਬ ਸੋੁਇਨ ਕੀ ਲੰਕਾ ਹੋਤੀ ਰਾਵਨ ਸੇ ਅਧਿਕਾਈ॥
ਕਹਾ ਭਇਓ ਦਰ ਬਾਂਧੇ ਹਾਥੀ ਖਿਨ ਮਹਿ ਭਈ ਪਰਾਈ॥੩॥

ਰਾਵਨ ਜਿਹਾ ਵੱਡਾ ਰਾਜਾ ਜਿਸ ਨੇ ਸਾਰੀ ਲੰਕਾ ਸੋਨੇ ਦੀ ਬਣਾਈ ਹੋਈ ਸੀ, ਬਲਕਿ ਦਰਵਾਜ਼ੇ ਤੇ ਹਾਥੀ ਵੀ ਬੰਨੇ ਹੋਏ ਸਨ। ਬੜਾ ਲਾਉ-ਲਸ਼ਕਰ ਸੀ ਪਰ ਇਹ ਸਭ ਕੁਝ ਇਕ ਖਿਨ ਦੇ ਵਿਚ ਪਰਾਇਆ ਹੋ ਗਿਆ, ਬਿਗਾਨਾ ਹੋ ਗਿਆ।

ਦੁਰਬਾਸਾ ਸਿਉ ਕਰਤ ਠਗਉਰੀ ਜਾਦਵ ਏ ਫਲ ਪਾਏ॥
ਕ੍ਰਿਪਾ ਕਰੀ ਜਨ ਅਪੁਨੇ ਊਪਰ ਨਾਮਦੇਉ ਹਰਿ ਗੁਨ ਗਾਏ॥੪॥੧॥

ਜਿਵੇਂ ਆਪ ਜੀ ਨੂੰ ਮਾਰਕੰਡੇ ਦੀ ਗੱਲ ਸੁਣਾਈ ਹੈ, ਇਸੇ ਤਰ੍ਹਾਂ ਦੁਰਬਾਸਾ

ਰਿਖੀ ਵੀ ਹੋਇਆ ਹੈ। ਯਾਦਵਾਂ ਨੇ ਉਸ ਨਾਲ ਠੱਠਾ ਮਸ਼ੌਲ ਕੀਤਾ, ਜਿਸ ਦੇ ਬਦਲੇ ਵਿਚ ਉਹਨਾਂ ਨੂੰ ਇਹ ਫਲ ਮਿਲਿਆ ਕਿ ਸਾਰੀ ਦੀ ਸਾਰੀ ਕੁਲ ਦਾ ਨਾਸ ਕਰਾ ਲਿਆ।

ਖ਼ੈਰ ਨਾਮਦੇਵ ਪ੍ਰਭੂ ਦਾ ਸ਼ੁਕਰਾਨਾ ਕਰਦਾ ਹੋਇਆ ਕਹਿੰਦਾ ਹੈ, ਹੇ ਪ੍ਰਭੂ! ਤੂੰ ਕਿਰਪਾ ਕੀਤੀ ਹੈ, ਮੈਂ ਤੇਰੇ ਗੁਣ ਗਾ ਰਿਹਾ ਹਾਂ। ਜਿਸ ਤੇ ਪਰਮੇਸ਼ਰ ਦੀ ਕਿਰਪਾ ਹੋਵੇ ਉਹ ਮਾਣ ਨਹੀਂ ਕਰਦਾ, ਬਲਕਿ ਪਰਮਾਤਮਾ ਦਾ ਨਾਮ ਜਪ ਕੇ ਪਰਉਪਕਾਰੀ ਬਣ ਕੇ ਆਪਣਾ ਜਨਮ ਸਫ਼ਲ ਕਰਦਾ ਹੈ।

❊❊❊

# ਇਸਤ੍ਰੀ ਪੁਰਸ਼

## ਧਨਾਸਰੀ ਛੰਤ ਮਹਲਾ ੧

ਪਿਰ ਸੰਗਿ ਮੂਠੜੀਏ ਖਬਰਿ ਨ ਪਾਈਆ ਜੀਉ॥ ਮਸਤਕਿ ਲਿਖਿਅੜਾ ਲੇਖੁ ਪੁਰਬਿ ਕਮਾਇਆ ਜੀਉ॥ ਲੇਖੁ ਨ ਮਿਟਈ ਪੁਰਬਿ ਕਮਾਇਆ ਕਿਆ ਜਾਣਾ ਕਿਆ ਹੋਸੀ॥ ਗੁਣੀ ਅਚਾਰਿ ਨਹੀ ਰੰਗਿ ਰਾਤੀ ਅਵਗੁਣ ਬਹਿ ਬਹਿ ਰੋਸੀ॥ ਧਨੁ ਜੋਬਨੁ ਆਕ ਕੀ ਛਾਇਆ ਬਿਰਧਿ ਭਏ ਦਿਨ ਪੁੰਨਿਆ॥ ਨਾਨਕ ਨਾਮ ਬਿਨਾ ਦੋਹਾਗਣਿ ਛੂਟੀ ਝੂਠਿ ਵਿਛੁੰਨਿਆ॥੧॥ ਬੂਡੀ ਘਰੁ ਘਾਲਿਓ ਗੁਰ ਕੈ ਭਾਇ ਚਲੋ॥ ਸਾਚਾ ਨਾਮੁ ਧਿਆਇ ਪਾਵਹਿ ਸੁਖਿ ਮਹਲੋ॥ ਹਰਿ ਨਾਮੁ ਧਿਆਏ ਤਾ ਸੁਖੁ ਪਾਏ ਪੇਈਅੜੈ ਦਿਨ ਚਾਰੇ॥ ਨਿਜ ਘਰਿ ਜਾਇ ਬਹੈ ਸਚੁ ਪਾਏ ਅਨਦਿਨੁ ਨਾਲਿ ਪਿਆਰੇ॥ ਵਿਣੁ ਭਗਤੀ ਘਰਿ ਵਾਸੁ ਨ ਹੋਵੀ ਸੁਣਿਅਹੁ ਲੋਕ ਸਬਾਏ॥ ਨਾਨਕ ਸਰਸੀ ਤਾ ਪਿਰੁ ਪਾਏ ਰਾਤੀ ਸਾਚੈ ਨਾਏ॥੨॥ ਪਿਰੁ ਧਨ ਭਾਵੈ ਤਾ ਪਿਰ ਭਾਵੈ ਨਾਰੀ ਜੀਉ॥ ਰੰਗਿ ਪ੍ਰੀਤਮ ਰਾਤੀ ਗੁਰ ਕੈ ਸਬਦਿ ਵੀਚਾਰੀ ਜੀਉ॥ ਗੁਰ ਸਬਦਿ ਵੀਚਾਰੀ ਨਾਹ ਪਿਆਰੀ ਨਿਵਿ ਨਿਵਿ ਭਗਤਿ ਕਰੇਈ॥ ਮਾਇਆ ਮੋਹੁ ਜਲਾਏ ਪ੍ਰੀਤਮੁ ਰਸ ਮਹਿ ਰੰਗੁ ਕਰੇਈ॥ ਪ੍ਰਭ ਸਾਚੇ ਸੇਤੀ ਰੰਗਿ ਰੰਗੇਤੀ ਲਾਲ ਭਈ ਮਨੁ ਮਾਰੀ॥ ਨਾਨਕ ਸਾਚਿ ਵਸੀ ਸੋਹਾਗਣਿ ਪਿਰ ਸਿਉ ਪ੍ਰੀਤਿ ਪਿਆਰੀ॥੩॥ ਪਿਰ ਘਰਿ ਸੋਹੈ ਨਾਰਿ ਜੇ ਪਿਰ ਭਾਵਏ ਜੀਉ॥ ਝੂਠੇ ਵੈਣ ਚਵੇ ਕਾਮਿ ਨ ਆਵਏ ਜੀਉ॥ ਝੂਠੁ ਅਲਾਵੈ ਕਾਮਿ ਨ ਆਵੈ ਨਾ ਪਿਰੁ ਦੇਖੈ ਨੈਣੀ॥ ਅਵਗੁਣਿਆਰੀ ਕੰਤਿ ਵਿਸਾਰੀ ਛੂਟੀ ਵਿਧਣ ਰੈਣੀ॥ ਗੁਰ ਸਬਦੁ ਨ ਮਾਨੈ ਫਾਹੀ ਫਾਥੀ ਸਾ ਧਨ ਮਹਲੁ ਨ ਪਾਏ॥ ਨਾਨਕ ਆਪੇ ਆਪੁ ਪਛਾਣੈ ਗੁਰਮੁਖਿ ਸਹਜਿ ਸਮਾਏ॥੪॥ ਧਨ ਸੋਹਾਗਣਿ ਨਾਰਿ ਜਿਨਿ ਪਿਰੁ ਜਾਣਿਆ ਜੀਉ॥ ਨਾਮ ਬਿਨਾ ਕੂੜਿਆਰਿ ਕੂੜੁ ਕਮਾਣਿਆ ਜੀਉ॥ ਹਰਿ ਭਗਤਿ ਸੁਹਾਵੀ ਸਾਚੇ ਭਾਵੀ ਭਾਇ ਭਗਤਿ ਪ੍ਰਭ ਰਾਤੀ॥ ਪਿਰੁ ਰਲੀਆਲਾ ਜੋਬਨਿ ਬਾਲਾ ਤਿਸੁ ਰਾਵੇ ਰੰਗਿ ਰਾਤੀ॥ ਗੁਰ ਸਬਦਿ ਵਿਗਾਸੀ ਸਹੁ ਰਾਵਾਸੀ ਫਲੁ ਪਾਇਆ ਗੁਣਕਾਰੀ॥ ਨਾਨਕ ਸਾਚੁ ਮਿਲੈ ਵਡਿਆਈ ਪਿਰ ਘਰਿ ਸੋਹੈ ਨਾਰੀ॥੫॥

{ਅੰਗ ੬੮੯}

ਇਹ ਧਨਾਸਰੀ ਰਾਗ ਦਾ ਸ਼ਬਦ ਹੈ ਅਤੇ ਇਸ ਵਿਚ ਪੰਜ ਛੰਦ ਨੇ। ਪਹਿਲੇ ਛੰਦ ਦੇ ਵਿਚ ਜਿਹੜੀ ਮੂਲ ਵਿਚਾਰਧਾਰਾ ਚਲਦੀ ਹੈ ਬਾਕੀ ਦੇ ਛੰਦਾਂ

ਵਿਚ ਉਸ ਦੀ ਇਕ ਤਰੀਕੇ ਨਾਲ ਵਿਆਖਿਆ ਚਲਦੀ ਹੈ। ਧੰਨ ਗੁਰੂ ਨਾਨਕ ਦੇਵ ਜੀ ਨੇ ਇਕ ਮੂਲ ਧਾਰਮਿਕ ਵਿਧਾਨ ਦਾ ਜ਼ਿਕਰ ਕੀਤਾ ਹੈ। ਜਿਵੇਂ ਪੁਛਿਆ ਜਾਂਦਾ ਹੈ ਕਿ ਸਭ ਕੁਛ ਅਸੀਂ ਕਰਦੇ ਹਾਂ ਜਾਂ ਪਰਮਾਤਮਾ ਕਰਦਾ ਹੈ। ਜੇ ਸਭ ਕੁਛ ਪਰਮਾਤਮਾ ਕਰਦਾ ਹੈ ਫਿਰ ਸਾਡਾ ਕੀ ਦੋਸ਼ ਹੈ। ਕੋਈ ਬੁਰਾ ਕੀ ਹੈ ਤੇ ਕੋਈ ਭਲਾ ਕੀ ਹੈ, ਸਭ ਕੁਛ ਤਾਂ ਪਰਮਾਤਮਾ ਦੇ ਹੱਥ ਵਿਚ ਹੈ। ਇਹ ਸਾਰਾ ਸ਼ਬਦ ਇਸਤ੍ਰੀ ਰੂਪ ਵਿਚ ਉਚਾਰਨ ਹੋਇਆ ਹੈ।

ਪਿਰ ਸੰਗਿ ਮੂਠੜੀਏ ਖਬਰਿ ਨ ਪਾਈਆ ਜੀਉ॥

ਇਸ ਜੀਵਨ ਵਿਚ ਜੀਵ ਇਸਤ੍ਰੀ ਠੱਗੀ ਗਈ, ਕਾਰਣ? ਪ੍ਰਭੂ ਨਾਲ ਮਿਲਾਪ ਹੀ ਨਹੀਂ ਹੋਇਆ। ਮੁਠਿਆ ਗਿਆ ਭਾਵ ਠਗਿਆ ਗਿਆ।

ਪੁਰਸ਼ ਤਨ ਦੇ ਤਲ ਤੇ ਪੂਰਾ ਪੁਰਸ਼ ਹੈ, ਨਾਰੀ ਦੇ ਤਨ ਤੇ ਇਹ ਅਧੂਰਾ ਹੈ। ਪੁਰਸ਼ ਦੇ ਅੰਦਰ ਨਾਰੀ ਅਧੂਰੀ ਹੈ। ਕੁਛ ਚਿਹਨ-ਚੱਕਰ (Features) ਪੁਰਸ਼ ਵਿਚ ਵੀ ਐਸੇ ਨੇ ਜੋ ਨਾਰੀ ਦੇ ਨੇ। ਨਾਰੀ, ਨਾਰੀ ਰੂਪ ਦੇ ਵਿਚ ਤਾਂ ਪੂਰੀ ਹੈ, ਪੁਰਸ਼ ਰੂਪ ਵਿਚ ਅਧੂਰੀ ਹੈ।

ਮਾਂ ਬਾਪ ਤੋਂ ਸਰੀਰ ਆਇਆ ਹੈ, ਦੋਹਾਂ ਦੀ ਅੰਸ਼ ਮੌਜੂਦ ਹੈ। ਪੁਰਸ਼ ਦੇ ਅੰਦਰ ਅਧੂਰੀ ਹੈ ਇਸਤ੍ਰੀ। ਸਾਧਨਾ ਕਰਦਿਆਂ ੨ ਜਿਸ ਦਿਨ ਇਹ ਇਸਤ੍ਰੀ ਪੁਰਸ਼ ਦੇ ਅੰਦਰ ਪੂਰੀ ਹੋ ਜਾਂਦੀ ਹੈ, ਉਸ ਦੇ ਬੋਲਾਂ ਵਿਚ ਹਲੀਮੀ ਆ ਜਾਂਦੀ ਹੈ। ਉਸ ਦੇ ਬੋਲਾਂ ਵਿਚ ਮਿਠਾਸ ਆ ਜਾਂਦੀ ਹੈ। ਉਸ ਦੇ ਸੁਭਾਉ ਵਿਚ ਸਮਰਪਣ ਆ ਜਾਂਦਾ ਹੈ। ਉਸ ਦੇ ਮਾਨਸਿਕ ਮੰਡਲ ਵਿਚ ਬਹੁਤ ਵੱਡਾ ਠਹਿਰਾਉ ਆ ਜਾਂਦਾ ਹੈ। ਇਹ ਪਹਿਚਾਨ ਹੁੰਦੀ ਹੈ। ਇਸ ਵਾਸਤੇ ਜਰਮਨੀ ਦਾ ਇਕ ਬਹੁਤ ਮਹਾਨ ਦਾਰਸ਼ਨਿਕ ਤੇ ਨਾਸਤਕ 'ਨੀਤੀਸ਼ੀ' ਕਹਿੰਦਾ ਸੀ ਭਾਰਤ ਦੇ ਸਾਰੇ ਸੰਤ ਮੈਨੂੰ ਪੁਰਸ਼ ਨਹੀਂ ਲਗਦੇ, ਇਸਤ੍ਰੀ ਲਗਦੇ ਨੇ। ਕਹਿੰਦਾ ਸੀ ਠੀਕ ਹੈ ਸਰੀਰ ਇਹਨਾਂ ਕੋਲ ਪੁਰਸ਼ ਵਰਗਾ ਹੈ। ਇਹਨਾਂ ਦਾ ਸੁਭਾਉ, ਇਹਨਾਂ ਦਾ ਜੀਵਨ ਦਾ ਢੰਗ, ਇਹਨਾਂ ਦੇ ਬੋਲ ਦਸਦੇ ਪਏ ਨੇ, ਇਹ ਪੁਰਸ਼ ਹੋ ਕੇ ਨਹੀਂ ਜੀਅ ਰਹੇ, ਬਲਕਿ ਇਸਤ੍ਰੀ ਹੋ ਕੇ ਜੀਅ ਰਹੇ ਨੇ। ਇਹਨਾਂ ਦੇ ਸੁਭਾਉ ਵਿਚ ਇਤਨਾ ਠਹਿਰਾਉ, ਇਤਨੀ ਹਲੀਮੀ, ਬੋਲਾਂ ਵਿਚ ਇਤਨੀ ਮਿਠਾਸ ਅਤੇ ਬਰਦਾਸ਼ਤ ਦਾ ਮਾਦਾ। ਇਹ ਸਾਰੇ ਲੱਛਣ ਇਸਤ੍ਰੀ ਦੇ ਨੇ। ਉਸ ਨੇ ਆਪਣੀ ਥਾਂ ਤੇ ਠੀਕ ਆਖਿਆ ਹੈ।

ਇਸਤ੍ਰੀ ਅਸਥੂਲ ਰੂਪ ਵਿਚ, ਅਸਥੂਲ ਦੇਹੀ ਵਿਚ ਪੂਰੀ ਹੈ ਪਰ ਪੁਰਸ਼ ਰੂਪ ਵਿਚ ਅਧੂਰੀ ਹੈ। ਕਿਉਂਕਿ ਇਸਤ੍ਰੀ ਪੁਰਸ਼ ਕੋਲ ਕੇਵਲ ਤਨ ਨਹੀਂ ਹੈ, ਮਨ ਵੀ ਹੈ। ਪੁਰਸ਼ ਦੇ ਮਨ ਵਿਚ ਅਧੂਰੀ ਇਸਤ੍ਰੀ ਹੈ। ਇਸਤ੍ਰੀ ਦੇ ਮਨ ਵਿਚ ਅਧੂਰਾ ਪੁਰਸ਼ ਹੈ। ਜਿਸ ਦਿਨ ਇਸ ਨਾਰੀ ਦੇ ਅੰਦਰ ਪੁਰਸ਼ ਪੂਰਾ ਹੋ ਜਾਂਦਾ ਹੈ, ਉਸ ਦੇ ਵਿਚ ਸੂਰਬੀਰਤਾ ਆ ਜਾਂਦੀ ਹੈ, ਨਿਡਰਤਾ ਆ ਜਾਂਦੀ ਹੈ। ਉਹ ਨਿਰਭੈ ਹੋ ਜਾਂਦੀ ਹੈ ਅਤੇ ਸੰਘਰਸ਼ ਦੀ ਬਿਰਤੀ ਵੀ ਉਸ ਦੇ ਅੰਦਰ ਪੈਦਾ ਹੋ ਜਾਂਦੀ ਹੈ। ਉਸ ਦੇ ਸੁਭਾਉ ਵਿਚ ਪੁਰਸ਼ ਟਪਕਣ ਲੱਗ ਪੈਂਦਾ ਹੈ। ਕਿਉਂਕਿ ਅੱਜ ਤਕ ਉਸਦੇ ਅੰਦਰ ਪੁਰਸ਼ ਅਧੂਰਾ ਸੀ। ਅੱਜ ਪੂਰਾ ਹੋਇਆ ਹੈ ਤੇ ਜੀਵਨ ਦਾ ਸਾਰਾ ਢਾਂਚਾ ਬਦਲ ਜਾਏਗਾ। ਜੀਅ ਰਹੀ ਸੀ ਇਸਤ੍ਰੀ, ਇਸਤ੍ਰੀ ਕਰਕੇ, ਹੁਣ ਇਸਤ੍ਰੀ ਪੁਰਸ਼ ਇਸ ਵਿਚ ਦੋਵੇਂ ਜੀਅ ਰਹੇ ਨੇ। ਜੀਅ ਰਿਹਾ ਸੀ ਪੁਰਸ਼, ਪੁਰਸ਼ ਕਰਕੇ ਪਰ ਹੁਣ

ਇਸ ਦੇ ਮਨ ਵਿਚ ਇਸਤ੍ਰੀ ਤੇ ਪੁਰਸ਼ ਦੋਵੇਂ ਜੀਅ ਰਹੇ ਨੇ। ਸਰੀਰਕ ਤਲ ਤੇ ਪੁਰਸ਼, ਪੁਰਸ਼ ਦੀ ਤਰ੍ਹਾਂ ਜਿਊਂਦਾ ਰਿਹਾ, ਇਸਤ੍ਰੀ, ਇਸਤ੍ਰੀ ਦੀ ਤਰ੍ਹਾਂ ਜਿਊਂਦੀ ਰਹੀ ਹੈ। ਜਿਸ ਦਿਨ ਇਸਤ੍ਰੀ ਪੁਰਸ਼ ਦੇ ਅੰਦਰ ਪੂਰੀ ਹੁੰਦੀ ਹੈ, ਫਿਰ ਦੋਨੋਂ ਤਰ੍ਹਾਂ ਦਾ ਜੀਵਨ ਇਸਦੇ ਕੋਲ ਹੁੰਦਾ ਹੈ। ਦੋਹਾਂ ਦਾ ਜੋੜ। ਕਿਧਰੇ ਲੋੜ ਪੈ ਜਾਏ ਇਸਨੇ ਸੰਘਰਸ਼ ਵੀ ਕਰਨਾ ਹੈ।

ਲਾਹੌਰ ਦੇ ਕੋਲ ਇਕ ਇਕੱਲੀ ਸਿੰਘਣੀ ਨੂੰ ਵੇਖ ਕੇ ਚਾਰ ਦੁਸ਼ਟਾਂ ਨੇ ਘੇਰ ਲਿਆ। ਲੇਕਿਨ ਦੁਸ਼ਟ ਥੋੜੇ ਸਹਿਮ ਵੀ ਗਏ ਕਿਉਂਕਿ ਇਸਤ੍ਰੀ ਨੇ ਤਲਵਾਰ ਪਹਿਨੀ ਹੋਈ ਸੀ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੀ ਬੱਚੀ। ਉਸਨੇ ਵੀ ਦੇਖ ਲਿਆ ਇਹਨਾਂ ਚਹੁੰਆਂ ਦੀ ਨੀਅਤ ਠੀਕ ਨਹੀਂ ਹੈ। ਉਹਨਾਂ ਚਾਰਾਂ ਨੂੰ ਵੀ ਪਤਾ ਸੀ ਕਿ ਇਹ ਅਬਲਾ, ਇਸ ਕੋਲ ਬਲ ਥੋੜਾ ਹੈ। ਇਹ ਸਾਡਾ ਮੁਕਾਬਲਾ ਨਹੀਂ ਕਰ ਸਕਦੀ, ਬਲਕਿ ਸਰੀਰਕ ਤੌਰ ਤੇ ਇਕ ਪੁਰਸ਼ ਦਾ ਮੁਕਾਬਲਾ ਵੀ ਨਹੀਂ ਕਰ ਸਕਦੀ, ਇਹ ਚਾਰਾਂ ਦਾ ਕਿਵੇਂ ਕਰੇਗੀ। ਅਸੀਂ ਇਸ ਨੂੰ ਕਾਬੂ ਕਰ ਲੈਣਾ ਹੈ। ਜਿਵੇਂ ਉਹ ਨੇੜੇ ਆਏ, ਉਸ ਨੇ ਸੋਨੇ ਦੀਆਂ ਦੋ ਚੂੜੀਆਂ ਪਾਈਆਂ ਹੋਈਆਂ ਸਨ, ਇਕ ਓਧਰ ਭੁਆਂ ਮਾਰੀ, ਇਕ ਦੂਸਰੇ ਪਾਸੇ ਭੁਆਂ ਮਾਰੀ। ਜਿਵੇਂ ਹੀ ਇਹ ਚਾਰੇ ਸੋਨੇ ਦੀਆਂ ਚੂੜੀਆਂ ਚੁੱਕਣ ਲੱਗੇ, ਉਸ ਨੇ ਇਕ ਦਮ ਛੇਤੀ ਨਾਲ ਇਹਨਾਂ ਚਾਰਾਂ ਦੇ ਸਿਰ ਕਲਮ ਕਰ ਦਿੱਤੇ, ਕਟ ਕੇ ਰਖ ਦਿੱਤੇ। ਸੋਨੇ ਦੀਆਂ ਚੂੜੀਆਂ ਵੀ ਚੁੱਕ ਲਈਆਂ ਤੇ ਫਿਰ ਚਲ ਪਈ। ਇਹ ਇਸਤ੍ਰੀ ਨਹੀਂ ਕਰ ਸਕਦੀ। ਇਹ ਇਸਤ੍ਰੀ ਦਾ ਸੁਭਾਉ ਨਹੀਂ ਕਰ ਸਕਦਾ। ਇਹ ਪੁਰਸ਼ ਦਾ ਸੁਭਾਉ ਕਰ ਸਕਦਾ ਹੈ। ਇਸਤ੍ਰੀ, ਇਸਤ੍ਰੀ ਰੂਪ ਵਿਚ ਪੂਰੀ ਜਿਉਂਦੀ ਹੈ, ਪੁਰਸ਼ ਰੂਪ ਵਿਚ ਅਧੂਰੀ ਜਿਊਂਦੀ ਹੈ। ਜਿਸ ਦਿਨ ਪੁਰਸ਼ ਰੂਪ ਵਿਚ ਪੂਰੀ ਜਿਊਂਦੀ ਹੈ, ਇੰਝ ਕਹਿ ਲਉ ਇਹ ਫਿਰ ਪੂਰਨ ਪੁਰਖ ਬਣਦੀ ਹੈ।

ਪੁਰਖ ਦਾ ਮਤਲਬ ਮਰਦ ਨਹੀਂ ਹੈ, ਪੂਰਿਆ ਹੋਇਆ ਹੈ। ਇਹ ਹੁਣ ਮੁਕੱਮਲ ਹੋ ਗਿਆ ਹੈ। ਇਹ ਸੰਘਰਸ਼ ਬਿਰਤੀ ਪੁਰਸ਼ ਦੀ ਹੈ। ਇਹ ਹਮਲਾਵਰ ਬਿਰਤੀ ਪੁਰਸ਼ ਦੀ ਹੈ। ਸਮਰਪਣ ਬਿਰਤੀ ਇਸਤ੍ਰੀ ਦੀ ਹੈ। ਪਰ ਹੁਣ ਇਹ ਪੁਰਸ਼ ਵੀ ਹੈ। ਜਿੱਥੇ ਲੋੜ ਪੈਂਦੀ ਹੈ, ਇਹ ਪੁਰਸ਼ ਬਣ ਜਾਂਦੀ ਹੈ। ਜਿੱਥੇ ਲੋੜ ਪੈਂਦੀ ਹੈ ਇਹ ਇਸਤ੍ਰੀ ਬਣ ਜਾਂਦੀ ਹੈ। ਇਸੇ ਤਰ੍ਹਾਂ ਪੁਰਸ਼ ਇਸਤ੍ਰੀ ਦੇ ਤਲ ਤੇ ਅਧੂਰਾ ਹੈ। ਜਿਸ ਦਿਨ ਇਸ ਦੇ ਅੰਦਰ ਇਸਤ੍ਰੀ ਪੂਰੀ ਹੁੰਦੀ ਹੈ, ਫਿਰ ਇਸ ਦੇ ਅੰਦਰ ਦੋ ਜਿਊਂਦੇ ਨੇ। ਚਲੋ ਬਾਹਰੋਂ ਤੇ ਇਹ ਜਿਊਂਦੇ ਨੇ ਇਸਤ੍ਰੀ ਪੁਰਸ਼, ਪਤੀ ਪਤਨੀ। ਪਰ ਹੁਣ ਅੰਦਰ ਵੀ ਇਹ ਦੋਵੇਂ ਇਕੱਠੇ ਜਿਊਂਦੇ ਨੇ। ਮਾਨਸਿਕ ਤਲ ਤੇ ਵੀ ਪੂਰੇ ਹੋ ਜਾਂਦੇ ਨੇ। ਉਹਨਾਂ ਦੀਆਂ ਕਿਰਿਆਵਾਂ ਤੋਂ ਪਤਾ ਚਲ ਜਾਂਦਾ ਹੈ। ਪੁਰਸ਼ ਦੇ ਅੰਦਰ ਹਲੀਮੀ ਆ ਜਾਂਦੀ ਹੈ। ਬਰਦਾਸ਼ਤ ਦਾ ਮਾਦਾ ਆ ਜਾਂਦਾ ਹੈ। ਬੋਲਣ ਵਿਚ ਮਿਠਾਸ ਆ ਜਾਂਦੀ ਹੈ। ਸਮਰਪਣ ਦੀ, ਆਪਣੇ ਆਪ ਨੂੰ ਕੁਰਬਾਨ ਕਰ ਦੇਣ ਦੀ ਬਿਰਤੀ ਆ ਜਾਂਦੀ ਹੈ। ਪਰਿਪੂਰਨ ਪਰਮਾਤਮਾ ਨੇ ਐਸਾ ਵਿਧਾਨ ਬਣਾਇਆ ਹੈ।

ਧੰਨ ਗੁਰੂ ਨਾਨਕ ਦੇਵ ਜੀ ਦੇ ਕੁਝ ਸ਼ਬਦ ਇਸਤ੍ਰੀ ਰੂਪ ਵਿਚ ਨੇ, ਉਥੇ ਫਿਰ ਇਸਤ੍ਰੀ ਦਾ ਸੁਭਾਉ ਬੋਲਦੇ ਨੇ। ਕੁਝ ਸ਼ਬਦਾਂ ਵਿਚ ਪੁਰਸ਼ ਦਾ ਸੁਭਾਉ ਪਿਆ ਬੋਲਦਾ ਹੈ। ਐਸੀ ਆਤਮਾ ਨੂੰ ਹੀ ਅਸੀਂ ਕਹਿ ਸਕਦੇ ਹਾਂ ਪੂਰਨ ਪੁਰਸ਼। ਦੋਵੇਂ ਪਏ ਬੋਲਦੇ ਨੇ। ਕਬੀਰ ਸਾਹਿਬ ਦੇ ਅੰਦਰ ਵੀ ਦੋਵੇਂ ਬੋਲਦੇ ਨੇ। ਕਿਸੇ

ਸ਼ਬਦ ਵਿਚ ਪੁਰਸ਼ ਦਾ ਸੁਭਾਉ ਬੋਲਦਾ ਹੈ ਅਤੇ ਕਿਸੇ ਵਿਚ ਨਾਰੀ ਦਾ, ਜਿਵੇਂ:-

ਕੀਓ ਸਿੰਗਾਰੁ ਮਿਲਨ ਕੇ ਤਾਈ॥
ਹਰਿ ਨ ਮਿਲੇ ਜਗਜੀਵਨ ਗੁਸਾਈ॥ .
ਹਰਿ ਮੇਰੋ ਪਿਰੁ ਹਉ ਹਰਿ ਕੀ ਬਹੁਰੀਆ॥ ਰਾਮ ਬਡੇ ਮੈ ਤਨਕ ਲਹੁਰੀਆ॥
(ਅੰਗ ੪੮੩)

ਇਕ ਸ਼ਬਦ ਵਿਚ ਕਹਿੰਦੇ ਨੇ:-

ਮੇਰੀ ਮਤਿ ਬਉਰੀ ਮੈ ਰਾਮੁ ਬਿਸਾਰਿਓ॥
ਕਿਨ ਬਿਧਿ ਰਹਨਿ ਰਹਉ ਰੇ॥
ਸੇਜੈ ਰਮਤੁ ਨੈਨ ਨਹੀ ਪੇਖਉ ਇਹੁ ਦੁਖੁ ਕਾ ਸਉ ਕਹਉ ਰੇ॥
(ਅੰਗ ੪੮੨)

ਇਹਨਾਂ ਸੰਤਾਂ ਦੇ ਬੋਲਾਂ ਨੂੰ ਪੜ੍ਹ ਕੇ, ਗੁਰ ਅਵਤਾਰਾਂ ਦੇ ਬੋਲਾਂ ਨੂੰ ਪੜ੍ਹ ਕੇ 'ਨੀਤੀਸ਼ੇ' ਨੇ ਕਹਿ ਦਿੱਤਾ: ਭਾਰਤ ਦਾ ਇਕ ਵੀ ਸੰਤ ਮਰਦ ਨਹੀਂ ਹੈ, ਇਹ ਸਭ ਨਾਰੀ ਨੇ। ਆਪ ਹੈਰਾਨ ਹੋਵੋਗੇ, ਉਸ ਨੇ ਇਹਨਾਂ ਸੰਤਾਂ ਦੀ ਗਿਣਤੀ ਵਿਚ, ਮਹੰਤਾਂ ਦੀ ਗਿਣਤੀ ਵਿਚ ਮਹਾਤਮਾ ਗਾਂਧੀ ਨੂੰ ਵੀ ਲਿਆ ਹੈ। ਕਹਿੰਦਾ ਹੈ, ਇਹ ਵੀ ਨਾਰੀ ਹੈ, ਅਨਸਨ (On fasting) ਕਰਦਾ ਹੈ, ਭੁੱਖ-ਹੜਤਾਲ ਕਰਦਾ ਹੈ। ਵਰਤ ਰਖ ਲੈਂਦਾ ਹੈ। ਹੋਰ ਇਸ ਦੇ ਕੋਲ ਕੁਛ ਵੀ ਨਹੀਂ। ਬਸ ਭੁੱਖ-ਹੜਤਾਲ। ਜਿੱਥੇ ਵੀ ਸੰਘਰਸ਼ ਕਰਨਾ ਹੈ, ਮੈਂ ਰੋਟੀ ਨਹੀਂ ਖਾਣੀ। ਇਸਦਾ ਮਤਲਬ ਇਹ, ਜਿਵੇਂ ਬਾਹਰੋਂ ਦੋਨੋਂ ਇਕੱਠੇ ਜੀਅ ਰਹੇ ਨੇ ਪਤੀ ਪਤਨੀ। ਹੁਣ ਅੰਦਰੋਂ ਵੀ ਇਕੱਠੇ ਜੀਅ ਰਹੇ ਨੇ। ਹੁਣ ਮਾਨਸਿਕ ਤੌਰ ਤੇ ਵੀ ਇਕੱਠੇ ਨੇ। ਘਰ ਦੇ ਵਿਚ ਕਦੀ ਪਤੀ ਬੋਲਦਾ ਹੈ, ਕਦੇ ਪਤਨੀ ਬੋਲਦੀ ਹੈ। ਵਿਚਾਰ-ਵਟਾਂਦਰਾ ਹੁੰਦਾ ਹੈ। ਐਸੇ ਹੀ ਪੂਰਨ ਪੁਰਖਾਂ ਦੇ ਅੰਦਰ, ਕਦੀ ਪੁਰਸ਼ ਸੁਭਾਉ ਬੋਲਦਾ ਹੈ, ਕਦੇ ਨਾਰੀ ਸੁਭਾਉ ਬੋਲਦਾ ਹੈ।

ਹੁਣ ਇਸਦਾ ਦੂਸਰਾ ਭਾਗ ਦੱਸਾਂ। ਇਸਤ੍ਰੀ ਤੇ ਪੁਰਸ਼ ਵਿਚ ਇਕ ਹੋਰ ਵੀ ਤਬਕਾ ਹੈ, ਜਿਸਨੂੰ ਅਸੀਂ ਕਿੰਨਰ ਕਹਿ ਦਿੰਦੇ ਹਾਂ। ਸੰਸਕ੍ਰਿਤ ਦਾ ਪੁਰਾਣਾ ਸੱਭਿਆ (Decent) ਸ਼ਬਦ ਹੈ, ਕਿੰਨਰ। ਨਾ ਇਹ ਪੁਰਸ਼ ਨੇ, ਨਾ ਇਹ ਨਾਰੀ ਨੇ। ਅਗਰ ਸਰੀਰਕ ਤਲ ਤੇ ਇਹ ਨਾਰੀ ਜਾਂ ਪੁਰਸ਼ ਨਹੀਂ ਹਨ ਤੇ ਫਿਰ ਮਾਨਸਿਕ ਤਲ ਤੇ ਵੀ ਨਹੀਂ ਹਨ। ਧਾਰਮਿਕ ਗ੍ਰੰਥਾਂ ਵਿਚ, ਮੈਂ ਤਾਂ ਅਜੇ ਤਕ ਨਹੀਂ ਪੜ੍ਹਿਆ ਕਿ ਕੋਈ ਕਿੰਨਰ ਸੰਤ ਬਣ ਗਿਆ ਹੋਵੇ ਜਾਂ ਬ੍ਰਹਮ-ਗਿਆਨੀ ਬਣ ਗਿਆ ਹੋਵੇ। ਪਰਮਾਤਮਾ ਨਾਲ ਜੁੜ ਗਿਆ ਹੋਵੇ। ਅੰਧੇ ਤਾਂ ਭਗਤ ਬਣੇ ਨੇ, ਲੰਗੜੇ ਵੀ ਬਣੇ ਨੇ। ਇਹ ਤੇ ਦੇਖੇ ਨੇ। ਅੰਧਾ ਸੂਰਦਾਸ ਬ੍ਰਹਮ-ਗਿਆਨੀ। ਕਿੰਨਰ ਬਣਿਆ ਹੋਵੇ ਇਤਿਹਾਸ ਵਿਚ ਨਹੀਂ। ਵੈਸੇ ਹੋ ਸਕਦਾ ਹੈ ਬਣਿਆ ਹੋਵੇ, ਪਰ ਉਸ ਦਾ ਇਤਿਹਾਸ ਨਾ ਹੋਵੇ। ਪਰ ਮੈਨੂੰ ਐਸਾ ਲਗਦਾ ਹੈ, ਜਿਸਦੇ ਕੋਲ ਪੁਰਸ਼ ਵਾਲਾ ਸੁਭਾਉ ਵੀ ਨਹੀਂ, ਨਾਰੀ ਵਾਲਾ ਵੀ ਨਹੀਂ। ਬਸ ਨਾਰੀ ਪੁਰਸ਼ ਤੋਂ ਬਿਨਾਂ ਜੀਅ ਰਿਹਾ ਹੈ ਯਾ ਇੰਝ ਕਹਿ ਲਉ ਮਨੁੱਖਤਾ ਤੋਂ ਬਿਨਾਂ ਜੀਅ ਰਿਹਾ ਹੈ। ਹੋਰ ਫਿਰ ਕਿਸ ਤਰਾਂ ਜੀਅ ਰਿਹਾ ਹੈ? ਇਸਦੇ ਅੰਦਰ ਕਿਹੜਾ ਸੁਭਾਉ ਕੰਮ ਕਰ ਰਿਹਾ ਹੋਵੇਗਾ। ਇਸਤ੍ਰੀ ਪੁਰਸ਼ ਦਾ ਤੇ ਨਹੀਂ ਹੈ। ਇਹ ਹੁਣ ਪ੍ਰਭੂ ਜਾਣੇ। ਪਿਛਲੇ

ਦਿਨੀ ਮੈਂ ਇਹ ਵੀ ਪੜ੍ਹਿਆ ਕਿ ਇਕ ਕਿੰਨਰ ਐਮ. ਐਲ. ਏ. (M.L.A.) ਚੁਣਿਆ ਗਿਆ ਸੀ। ਮੈਂ ਕਿਹਾ ਇਹ ਤੇ ਸ੍ਰੀ ਰਾਮ ਜੀ ਦਾ ਭਵਿਖ ਵਾਕ ਸਹੀ ਹੋ ਰਿਹਾ ਹੈ। ਜਦ ਸ੍ਰੀ ਰਾਮ ਬਨਵਾਸ ਨੂੰ ਜਾ ਰਹੇ ਸਨ ਤਾਂ ਇਹ ਕਿੰਨਰ ਵੀ ਵਿਦਾਇਗੀ ਦੇ ਵਾਸਤੇ ਆਏ ਸਨ। ਪੁਰਸ਼ਾਂ ਤੇ ਨਾਰੀਆਂ ਨੂੰ ਉਹਨਾਂ ਨੇ ਸਮਝਾਇਆ ਪਰ ਇਕ ਤੀਸਰਾ ਤਬਕਾ ਸੀ, ਕਿੰਨਰ। ਉਹਨਾਂ ਨੇ ਝੋਲੀ ਅੱਡੀ ਭਗਵਾਨ ਸਾਡੀ ਝੋਲੀ ਵਿਚ ਵੀ ਕੁਝ ਪਾਉ। ਇਹ ਇੰਝ ਰਮਾਇਣ ਦੀ ਗਾਥਾ ਹੈ, ਉਹਨਾਂ ਕਿਹਾ ਕਿ ਕਲਜੁਗ ਵਿਚ ਤੁਹਾਡਾ ਰਾਜ ਹੋਵੇਗਾ।

ਸੋ ਇਕ ਤਬਕਾ ਐਸਾ ਵੀ ਹੈ ਜੋ ਸਰੀਰਕ ਤਲ ਤੇ ਨਾ ਤੇ ਪੁਰਸ਼ ਦੀ ਤਰ੍ਹਾਂ ਜਿਊਂਦਾ ਹੈ ਅਤੇ ਨਾ ਇਸਤ੍ਰੀ ਦੀ ਤਰ੍ਹਾਂ ਜਿਊਂਦਾ ਹੈ। ਇਹ ਸਰੀਰਕ ਤਲ ਤੇ ਇਸਤ੍ਰੀ ਤੇ ਪੁਰਸ਼ ਦੀ ਤਰ੍ਹਾਂ ਜੀਅ ਸਕਣ, ਇਹਨਾਂ ਦੇ ਕੋਲ ਐਨੀ ਸਮਰਥਾ ਨਹੀਂ ਹੈ। ਤੇ ਫਿਰ ਮੰਨ ਲੈਣਾ ਚਾਹੀਦਾ ਹੈ ਕਿ ਮਾਨਸਿਕ ਤਲ ਤੇ ਵੀ ਸਮਰਥਾ ਨਹੀਂ ਹੋ ਸਕਦੀ। ਇਹੋ ਕਾਰਣ ਹੈ ਕਿ ਧਾਰਮਿਕ ਇਤਿਹਾਸ ਵਿਚ ਇਹਨਾਂ ਦਾ ਕੋਈ ਨਾਮ ਨਹੀਂ ਹੈ। ਇਹਨਾਂ ਦੀ ਗੱਲ ਕੋਈ ਨਹੀਂ ਹੈ। ਸਿਰਮੌਰ ਸੂਫ਼ੀ ਦੇ ਰੂਪ ਵਿਚ ਵੀ ਇਹ ਕਿਧਰੇ ਵੀ ਪੜ੍ਹਨ ਨੂੰ ਨਹੀਂ ਮਿਲਦੇ। ਇਸਤ੍ਰੀਆਂ ਮਿਲਦੀਆਂ ਨੇ ਪੁਰਸ਼ ਮਿਲਦੇ ਨੇ।

ਇਕ ਹੋਰ ਗਣਨਾ ਜਿਹੜੀ ਭਗਤਾਂ ਨੇ ਕੀਤੀ ਹੈ, ਹੋ ਸਕਦਾ ਹੈ ਕਿ ਕੋਈ ਪੁਰਸ਼, ਸਰੀਰਕ ਤਲ ਤੇ ਪੁਰਸ਼ ਹੈ, ਮਾਨਸਿਕ ਤਲ ਤੇ ਵੀ ਪੁਰਸ਼ ਹੈ ਪਰ ਇਸ ਦੇ ਅੰਦਰ ਨਹੀਂ ਹੈ। ਇਸ ਦੇ ਅੰਦਰ ਜੋ ਦੂਸਰਾ ਭਾਗ ਹੈ ਉਹ ਹੋਣਾ ਚਾਹੀਦਾ ਹੈ, ਨਾਰੀ। ਮਾਂ ਬਾਪ ਤੋਂ ਸਰੀਰ ਆਇਆ ਹੈ, ਉਹ ਨਹੀਂ ਹੈ। ਇਹ ਪਹਿਚਾਨ ਕਿਸ ਤਰ੍ਹਾਂ ਹੋਵੇਗੀ ਕਿ ਭਗਤੀ ਨਹੀਂ ਹੈ, ਭਾਵਨਾ ਨਹੀਂ ਹੈ, ਸ਼ਰਧਾ ਨਹੀਂ ਹੈ। ਇਹ ਹੁਣ ਮਾਨਸਿਕ ਤੌਰ ਤੇ ਕਹਿ ਦੇਈਏ ਕਿ ਕਿੰਨਰ ਹੈ। ਇਸਤ੍ਰੀ ਕਿਵੇਂ ਪਹਿਚਾਨੀ ਜਾਏਗੀ ਕਿ ਇਸਦੇ ਅੰਦਰ ਹੁਣ ਪੂਰਨ ਤੌਰ ਤੇ ਪੁਰਸ਼ ਨਹੀਂ ਹੈ। ਗਿਆਨ ਨਹੀਂ ਹੈ, ਵਿਚਾਰ ਨਹੀਂ ਹੈ। ਦੂਸਰਾ ਇਸਤ੍ਰੀ ਰੂਪ ਦੇ ਵਿਚ ਪੂਰੀ ਹੈ, ਇਹ ਮਾਨਸਿਕ ਤਲ ਤੇ ਵੀ ਪੂਰੀ ਹੈ ਕਿ ਨਹੀਂ। ਇਹ ਕਿਵੇਂ ਪਹਿਚਾਨ ਕਰੋਗੇ। ਅਗਰ ਇਸਤ੍ਰੀ ਵਿਚ ਭਗਤੀ ਨਹੀਂ ਹੈ, ਭਾਵਨਾ ਨਹੀਂ ਹੈ, ਸ਼ਰਧਾ ਨਹੀਂ ਹੈ। ਤੇ ਫਿਰ ਇਹ ਕਿੰਨਰ ਸ੍ਰੇਣੀ ਵਿਚ ਆਵੇਗੀ। ਸਰੀਰਕ ਤੌਰ ਤੇ ਕੋਈ ਇਸਤ੍ਰੀ ਪੁਰਸ਼ ਹੋ ਸਕਦਾ ਹੈ। ਮਾਨਸਿਕ ਤਲ ਤੇ ਬਹੁਤੇ ਇਸਤ੍ਰੀ ਤੇ ਪੁਰਸ਼ ਕਿੰਨਰ ਨੇ। ਗਿਆਨ -ਹੀਣ ਪੁਰਸ਼ ਹੈ ਅਤੇ ਵਿਚਾਰ-ਹੀਣ ਪੁਰਸ਼ ਹੈ ਤੇ ਇਹ ਕਿੰਨਰ ਹੈ। ਭਾਉ-ਹੀਣੀ ਇਸਤ੍ਰੀ ਹੈ, ਸ਼ਰਧਾ-ਹੀਣੀ ਇਸਤ੍ਰੀ ਹੈ ਤੇ ਕਿੰਨਰ ਹੈ। ਪਰ ਜੋ ਕਿੰਨਰ ਹੈ, ਨਾ ਉਹ ਇਸਤ੍ਰੀ ਬਣ ਸਕਦਾ ਹੈ ਅਤੇ ਨਾ ਉਹ ਪੁਰਸ਼। ਪਰ ਜੋ ਸਰੀਰਕ ਤੌਰ ਤੇ ਪੁਰਸ਼ ਹੈ ਅਤੇ ਇਸਤ੍ਰੀ ਹੈ, ਮਾਨਸਿਕ ਤਲ ਤੇ ਕਿੰਨਰ ਨੇ।

ਸਾਧਨਾ ਕਰਨ ਨਾਲ, ਕਥਾ ਕੀਰਤਨ ਸੁਣਨ ਨਾਲ, ਜਪ ਤਪ ਕਰਨ ਨਾਲ ਇਸਤ੍ਰੀ ਦੇ ਅੰਦਰ, ਜੋ ਮਾਨਸਿਕ ਤਲ ਤੇ ਇਸਤ੍ਰੀ ਕਿੰਨਰ ਹੈ, ਉਸ ਦੇ ਅੰਦਰ ਭਾਵਨਾ ਆ ਜਾਏਗੀ, ਸ਼ਰਧਾ ਆ ਜਾਏਗੀ, ਇਸਤ੍ਰੀ ਬਣ ਜਾਏਗੀ, ਇਹ ਪੂਰਨ ਹੋ ਜਾਏਗੀ। ਕਥਾ ਕੀਰਤਨ ਸੁਣਦਿਆਂ ੨, ਜਪ-ਤਪ ਕਰਦਿਆਂ ੨, ਗੁਰਬਾਣੀ ਦਾ ਪਾਠ ਕਰਦਿਆਂ ੨, ਪੁਰਸ਼ ਦੇ ਅੰਦਰ ਵਿਚਾਰਾਂ ਦੀ ਪ੍ਰਬਲਤਾ ਆ ਸਕਦੀ ਹੈ। ਸੂਝ ਸਮਝ ਦੀ ਪ੍ਰਬਲਤਾ ਆ ਸਕਦੀ ਹੈ। ਅਗਰ ਆ ਗਈ ਤੇ ਹੁਣ ਫਿਰ ਇਹ ਕਿੰਨਰ ਨਹੀਂ ਹੈ। ਇਹ ਪਹਿਚਾਨ ਹੈ। ਗਿਆਨ-ਹੀਣ ਪੁਰਸ਼ ਹੈ, ਮਾਨਸਿਕ

ਤਲ ਤੇ ਕਿੰਨਰ ਹੈ। ਭਾਉ-ਹੀਣੀ ਇਸਤ੍ਰੀ ਹੈ, ਮਾਨਸਿਕ ਤਲ ਤੇ ਕਿੰਨਰ ਹੈ।

ਇਸਤਰਾਂ ਦੀਆਂ ਬਹੁਤ ਸਾਰੀਆਂ ਚਿੱਠੀਆਂ ਆਉਂਦੀਆਂ ਨੇ, ਪ੍ਰਸ਼ਨ ਹੁੰਦੇ ਨੇ ਕਿ ਜੇ ਸਭ ਕੁਛ ਪਰਮਾਤਮਾ ਹੀ ਕਰਦਾ ਹੈ ਫਿਰ ਸਾਡਾ ਕੀ ਦੋਸ਼। ਪ੍ਰਸ਼ਨ ਕਰਨ ਵਾਲੇ ਪੰਗਤੀਆਂ ਵੀ ਉਹ ਲਿਖਦੇ ਨੇ, ਜਿਵੇਂ:-

ਇਸ ਕਾ ਬਲੁ ਨਾਹੀ ਇਸੁ ਹਾਥ॥
ਕਰਨ ਕਰਾਵਨ ਸਰਬ ਕੋ ਨਾਥ॥

(ਸੁਖਮਨੀ ਸਾਹਿਬ)

ਸਭ ਪ੍ਰਭੂ ਕਰਦਾ ਹੈ, ਸਾਡੇ ਹੱਥ ਵਿਚ ਕੀ ਹੈ। ਜੋ ਕਿਛ ਕਰਦਾ ਹੈ ਰਬ ਕਰਦਾ ਹੈ। ਮਨੁਸ਼ ਕੋਲ ਅਸੀਮ ਬਲ ਨਹੀਂ ਹੈ। ਇਹ ਸੀਮਾ ਵਿਚ ਕਰ ਸਕਦਾ ਹੈ। ਪਰ ਜਿਹੜਾ ਬਲ ਹੈ, ਇਹ ਵੀ ਇਸਦਾ ਆਪਣਾ ਨਹੀਂ ਹੈ, ਬਲਕਿ ਪ੍ਰਭੂ ਦਾ ਦਿੱਤਾ ਹੋਇਆ ਹੈ। ਇਸ ਵਾਸਤੇ ਨਾਥ ਤੇ ਪ੍ਰਭੂ ਹੈ। ਇਹ ਅੱਖ ਉਸ ਦੀ ਦਿੱਤੀ ਹੋਈ ਹੈ, ਕੰਨ ਉਸ ਦੇ ਦਿੱਤੇ ਹੋਏ ਨੇ, ਹੱਥ ਪੈਰ ਉਸ ਦੇ ਦਿੱਤੇ ਹੋਏ ਨੇ ਤੇ ਫਿਰ ਬਲ ਵੀ ਉਸੇ ਦਾ ਦਿੱਤਾ ਹੋਇਆ ਹੈ। ਬੁੱਧ ਵੀ ਉਸੇ ਦੀ ਦਿੱਤੀ ਹੋਈ ਹੈ। ਕਰਮ ਦੀ ਜ਼ਿਮੇਵਾਰੀ ਪਸ਼ੂ ਤੇ ਨਹੀਂ ਆਉਂਦੀ, ਕਿਉਂਕਿ ਬੁੱਧ ਨਹੀਂ ਹੈ। ਕਰਮ ਦੇ ਮੁਤਾਬਿਕ, ਨਾ ਸਮਾਜ ਪਸ਼ੂਆਂ ਨੂੰ ਸਜ਼ਾ ਦੇ ਸਕਦਾ ਹੈ, ਨਾ ਹੀ ਪਰਮਾਤਮਾ ਦੇ ਸਕਦਾ ਹੈ। ਬੁੱਧ ਹੀ ਕੋਈ ਨਹੀਂ, ਸਮਝ ਹੀ ਕੋਈ ਨਹੀਂ। ਕਰਮ ਦੀ ਜ਼ਿਮੇਵਾਰੀ ਬਨਸਪਤੀ ਤੇ ਵੀ ਨਹੀਂ ਆਉਂਦੀ। ਅਫਰੀਕਾ ਵਿਚ ਕੁਛ ਦਰਖ਼ਤ ਐਸੇ ਨੇ, ਉਹਨਾਂ ਦੀਆਂ ਸ਼ਾਖਾਂ ਕਿਸੇ ਪੰਛੀ ਨੂੰ ਇਸਤਰਾਂ ਫਸਾ ਲੈਂਦੀਆਂ ਨੇ, ਜਿਵੇਂ ਕੰਵਲ ਦੀਆਂ ਪੰਖੜੀਆਂ ਬੰਦ ਹੋ ਜਾਣ ਤੇ ਭੌਰਾ ਫਸ ਜਾਂਦਾ ਹੈ ਤੇ ਵਿਚ ਤੜਫ਼ ੨ ਕੇ ਮਰ ਜਾਂਦਾ ਹੈ। ਇਸਤਰਾਂ ਪੰਛੀ ਮਰ ਜਾਂਦੇ ਨੇ। ਪੰਛੀ ਬੈਠਾ ਨਹੀਂ ਤੇ ਸ਼ਾਖਾਂ ਸੁਕੇੜ ਲੈਂਦੀਆਂ ਨੇ। ਕੁਛ ਪੰਛੀ ਉਸ ਦਰਖ਼ਤ ਤੇ ਨਹੀਂ ਬੈਠਦੇ। ਉਹਨਾਂ ਨੂੰ ਥੋੜਾ ਜਿਹਾ ਬੋਧ ਹੋ ਗਿਆ ਹੋਵੇਗਾ, ਬੇਸ਼ਤਰ ਬੈਠਦੇ ਨੇ, ਫਿਰ ਜਿਸ ਤਰਹ ਉਹ ਸ਼ਾਖਾਂ ਖੁਲਦੀਆਂ ਨੇ, ਪੱਤੇ ਖੁਲਦੇ ਨੇ, ਪੰਛੀ ਮੁਰਦਾ ਮਿਲਦੇ ਨੇ। ਮੇਰੇ ਪੜ੍ਹਨ ਵਿਚ ਵੀ ਐਸਾ ਆਇਆ ਹੈ। ਬਲਕਿ ਜਿਹੜਾ ਸੱਜਣ ਤਨਜ਼ਾਨੀਆਂ ਵਿਚ ਮੈਨੂੰ ਦਿਖਾਉਣ ਵਾਸਤੇ ਲੈ ਗਿਆ ਸੀ, ਉਸ ਨੇ ਦਸਿਆ ਕਿ ਇਹ ਦਰਖਤ ਬੰਦਰ ਤਕ ਨੂੰ ਪਕੜ ਲੈਂਦੇ ਨੇ। ਬੰਦਰ ਵੀ ਮੁਰਦਾ ਹੋ ਕੇ ਥੱਲੇ ਗਿਰ ਜਾਂਦਾ ਹੈ। ਮੈਂ ਕਿਹਾ ਹੱਦ ਹੋ ਗਈ, ਮੈਂ ਤੇ ਅੱਜ ਤਕ ਇਹ ਸੁਣਿਆ ਸੀ ਕਿ ਦਰਖ਼ਤ ਛਾਇਆ ਦਿੰਦੇ ਨੇ, ਫੁੱਲ ਦਿੰਦੇ ਨੇ, ਫਲ ਦਿੰਦੇ ਨੇ ਪਰ ਇਹ ਤੇ ਹਿੰਸਾ ਵੀ ਕਰਦੇ ਨੇ। ਜਿਹੜਾ ਇਹਨਾਂ ਦੀ ਪਕੜ, ਲਪੇਟ ਵਿਚ ਆ ਜਾਏ ਸਹੀ, ਇਹ ਪਕੜ ਕੇ ,ਮਾਰ ਕੇ ਸੁਟ ਦਿੰਦੇ ਨੇ। ਖ਼ਤਮ ਕਰ ਦਿੰਦੇ ਨੇ। ਜਿਤਨੀ ਦੇਰ ਤਕ ਉਸਦਾ ਦਮ ਨਾ ਨਿਕਲ ਜਾਏ, ਇਹ ਸ਼ਾਖਾਂ ਹਟਦੀਆਂ ਹੀ ਨਹੀਂ। ਦਰਖ਼ਤ ਵੀ ਹਿੰਸਕ ਨੇ। ਇਹ ਤੇ ਸੁਤੇ ਸਿੱਧ ਹੁੰਦੀ ਹੋਵੇਗੀ। ਜਿਵੇਂ ਕੰਵਲ ਦੇ ਫੁੱਲ ਤੇ ਭੰਵਰਾ ਬੈਠਾ ਹੈ, ਸੰਧਿਆ ਹੋ ਗਈ, ਉਡਿਆ ਹੀ ਨਹੀਂ। ਪੰਖੜੀਆਂ ਬੰਦ ਹੋ ਗਈਆਂ। ਅੰਦਰ ਤੜਪ ੨ ਕੇ ਹੀ ਮਰ ਗਿਆ। ਪਰ ਸ਼ਾਮ ਨੂੰ ਕੰਵਲ ਫੁੱਲ ਦਾ ਬੰਦ ਹੋਣਾ ਸੁਭਾਵਿਕ ਹੈ। ਉਥੇ ਤੇ ਦਿਨ ਨੂੰ ਵੀ ਕੋਈ ਪੰਛੀ ਆ ਜਾਏ ਤਾਂ ਸ਼ਾਖਾਂ ਬੰਦ ਕਰ ਲੈਂਦੀਆਂ ਨੇ। ਉਸ ਨੂੰ ਗਰਿਫ਼ਤ ਵਿਚ ਲੈ ਲੈਂਦੇ ਨੇ। ਇਸ ਤਰ੍ਹਾਂ ਦੇ ਦਰਖ਼ਤ ਅਫਰੀਕਾ ਦੇ ਜੰਗਲਾਂ ਵਿਚ ਪਾਏ ਜਾਂਦੇ ਨੇ। ਹੁਣ ਕਰਮ ਦੀ ਜ਼ਿਮੇਵਾਰੀ ਦਰਖ਼ਤਾਂ ਤੇ ਨਹੀਂ ਹੈ, ਕਿਉਂਕਿ ਬੁੱਧ ਨਹੀਂ ਹੈ।

ਕਰਮ ਦੀ ਜ਼ਿਮੇਵਾਰੀ ਪਸ਼ੂ ਪੰਛੀਆਂ ਤੇ ਵੀ ਨਹੀਂ ਹੈ। ਕਰਮ ਦੇ ਬੰਧਨ ਵਿਚ ਕੇਵਲ ਮਨੁਖ ਆਉਂਦਾ ਹੈ। ਕਿਉਂਕਿ ਇਸ ਦੇ ਕੋਲ ਬੁੱਧ ਹੈ। ਜੇ ਇਸ ਦੇ ਕੋਲ ਬੁੱਧ ਹੈ ਤਾਂ ਹੀ ਤੇ ਇਹ ਅੱਗ ਦੇ ਵਿਚ ਹੱਥ ਨਹੀਂ ਪਾਉਂਦਾ, ਕਿਉਂ? ਬਈ ਜਲ ਜਾਵਾਂਗਾ। ਸਮਝ ਹੈ। ਪਾਪ ਇਕ ਅਗਨੀ ਹੈ। ਉਸ ਦੇ ਵਿਚ ਆਪਣਾ ਹੱਥ ਪਾ ਲੈਂਦਾ ਹੈ। ਦੈਵੀ ਗੁਣ ਜਲ ਜਾਂਦੇ ਨੇ। ਬਈ ਬਾਹਰ ਦੀ ਅਗਨ ਵਿਚ ਜਿਸ ਤਰਹ ਤੂੰ ਹੱਥ ਨਹੀਂ ਪਾਉਂਦਾ, ਪਾਪ ਦੀ ਅਗਨ ਵਿਚ ਆਪਣਾ ਮਨ ਵੀ ਨਾ ਪਾ। ਬਾਹਰ ਦੀ ਅਗਨ ਵਿਚ ਆਪਣਾ ਹੱਥ ਨਹੀਂ ਪਾਉਣਾ, ਆਪਣੀ ਅਕਲ ਦੀ ਵਰਤੋਂ ਕਰਦਾ ਹੈ। ਪਾਪ ਦੀ ਅਗਨ ਵਿਚ ਮਨ ਨਹੀਂ ਪਾਉਣਾ, ਇੱਥੇ ਵਰਤੋਂ ਨਹੀਂ ਕਰਦਾ। ਕਬੀਰ ਸਾਹਿਬ ਤਾਂ ਕਹਿੰਦੇ ਨੇ:-

ਕਬੀਰੁ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ॥
ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ॥੨੧੬॥ {ਅੰਗ ੧੩੭੬}

ਕਾਰਣ? ਅੱਗ ਦੇ ਵਿਚ ਹੱਥ ਪਾਇਆ ਹੈ, ਤਤ ਛਿੰਨ ਫਲ ਹੈ, ਉਸੇ ਵਕਤ। ਜਲ ਜਾਏਗਾ। ਪਾਪ ਦੇ ਵਿਚ ਹੱਥ ਪਾਇਆ ਹੈ, ਉਸੇ ਵਕ਼ਤ ਫਲ ਕੋਈ ਨਹੀਂ। ਸਮਾਂ ਲਗੇਗਾ, ਵਕ਼ਤ ਲਗੇਗਾ। ਹੁਣ ਕਿਉਂਕਿ ਉਸੇ ਵਕਤ ਫਲ ਕੋਈ ਨਹੀਂ। ਜੈਸੇ ਹੁਣ ਕਿਸੇ ਮਨੁਖ ਨੇ ਸਤਿਸੰਗ ਕੀਤਾ ਹੈ, ਬਾਣੀ ਪੜ੍ਹੀ ਹੈ। ਹੁਣ ਆਖੇ ਮੈਨੂੰ ਅੱਜ ਫਲ ਮਿਲੇ। ਠੀਕ ਹੈ ਬੀਜ ਤੂੰ ਬੀਜ ਦਿੱਤਾ ਹੈ। ਅਗਰ ਤੂੰ ਮਨ ਜੋੜਿਆ ਹੈ ਤੇ ਫਲੀਭੂਤ ਹੋਵੇਗਾ। ਅਗਰ ਤੂੰ ਪਾਣੀ ਦਿੰਦਾ ਰਿਹਾ ਤੇ ਸਿੰਜਦਾ ਰਿਹਾ। ਕਿਉਂਕਿ ਕਰਮ ਤੇ ਬੀਜ ਹੈ। ਬਾਹਰ ਦੇ ਕਈ ਕਰਮ ਤਤ-ਛਿਨ ਫਲ ਦਿੰਦੇ ਨੇ। ਮਨ ਜਿਸ ਕਰਮ ਵਿਚ ਪੈ ਜਾਂਦਾ ਹੈ, ਤਤ-ਛਿਨ ਫਲ ਨਹੀਂ ਹੁੰਦਾ। ਇੱਥੋਂ ਮਨੁਖ ਨੂੰ ਛੂਟ ਮਿਲ ਜਾਂਦੀ ਹੈ, ਕੋਈ ਪਾਪ ਨਹੀਂ। ਪਾਪ ਦਾ ਕੋਈ ਫਲ ਵੀ ਨਹੀਂ ਹੈ। ਐਨੇ ਪਾਪੀ ਪਾਪ ਪਏ ਕਰਦੇ ਨੇ, ਕਿਹੜਾ ਕੋਈ ਫਲ ਪਾ ਰਹੇ ਨੇ। ਅਗਰ ਪਾਪ ਕਰਦਿਆਂ ਤੁਹਾਨੂੰ ਕੋਈ ਦਿਸੇ ਕੇ ਆਰਥਿਕ ਤੌਰ ਤੇ ਫਲੀਭੂਤ ਹੋ ਰਿਹਾ ਹੈ, ਉਹ ਉਸ ਦੇ ਕੀਤੇ ਹੋਏ ਪੁੰਨਾਂ ਕਰਕੇ ਹੈ। ਜੋ ਕੁਛ ਉਸਨੂੰ ਬਾਹਰ ਮਿਲਣਾ ਸੀ, ਉਸ ਵਿਚੋਂ ਕੁਛ ਨਾ ਕੁਛ ਜ਼ਰੂਰ ਘਟਦਾ ਜਾ ਰਿਹਾ ਹੈ, ਲਾਜ਼ਮੀ ਹੈ। ਪਰ ਪਹਿਲੇ ਕੀਤੇ ਹੋਏ ਜਿਹੜੇ ਪੁੰਨ ਸਨ, ਉਹ ਪਾਪ ਤੋਂ ਪਹਿਲਾਂ ਤਾਂ ਫਲੀਭੂਤ ਹੋਣਗੇ। ਜੋ ਬੀਜਿਆ ਹੈ, ਫਲੀਭੂਤ ਤੇ ਹੋਵੇਗਾ। ਹਜ਼ਾਰਾਂ ਤਰ੍ਹਾ ਦੇ ਬੀਜ ਧਰਤੀ ਵਿਚ ਬੀਜੇ ਜਾਂਦੇ ਨੇ। ਹਜ਼ਾਰਾਂ ਤਰ੍ਹਾ ਦੇ ਫਲ, ਫੁੱਲ ਤੇ ਬੂਟੇ ਪੈਦਾ ਹੁੰਦੇ ਨੇ। ਜੀਵਨ ਵਿਚ ਹਜ਼ਾਰਾਂ ਤਰ੍ਹਾ ਦੇ ਕਰਮ ਕੀਤੇ ਜਾਂਦੇ ਨੇ। ਫਲ ਸਿਰਫ ਦੋ ਹੁੰਦੇ ਨੇ। ਦੁੱਖ ਤੇ ਸੁਖ। ਫਲ ਹਜ਼ਾਰਾਂ ਕਿਸਮ ਦੇ ਨਹੀਂ ਹੁੰਦੇ, ਬੀਜ ਹਜ਼ਾਰਾਂ ਕਿਸਮ ਦੇ ਹੁੰਦੇ ਨੇ। ਕਰਮ ਅਸੀਂ ਹਜ਼ਾਰਾਂ ਕਿਸਮਾਂ ਦੇ ਕਰਦੇ ਹਾਂ। ਫਲ ਕੇਵਲ ਦੋ ਹੀ ਲਗਦੇ ਨੇ। ਦੁੱਖ ਤੇ ਸੁਖ। ਪੁੰਨ ਕਰਮ ਵਧਦੇ ਗਏ ਨੇ ਤੇ ਸੁਖ ਵਧਦਾ ਜਾਏਗਾ। ਪਾਪ ਕਰਮ ਵਧਦੇ ਗਏ ਨੇ ਤੇ ਦੁੱਖ ਵਧਦਾ ਜਾਏਗਾ। ਹੁਣ ਬੀਜ ਕਦੋਂ ਬੀਜਿਆ ਸੀ। ਬੋਇਆ ਹੋਇਆ ਬੀਜ ਜਦ ਫਲ ਤਕ ਅਪੜਿਆ ਹੈ ਤੇ ਵਿਚ ਫ਼ਾਸਿਲਾ (Gap) ਬਹੁਤ ਹੈ, ਅੰਤਰਾਲ ਹੈ। ਇਸ ਵਾਸਤੇ ਭਰੋਸਾ ਨਹੀਂ ਬੱਝਦਾ, ਬਈ ਇਤਨਾ ਦੁਖੀ ਹੋ ਗਿਆ ਹਾਂ ਅਤੇ ਮੈਂ ਕੁਛ ਕੀਤਾ ਹੈ। ਭਗਤ ਕਬੀਰ ਜੀ ਕਹਿੰਦੇ ਨੇ:-

ਅਪਨੇ ਕਰਮ ਕੀ ਗਤਿ ਮੈ ਕਿਆ ਜਾਨਉ॥
ਮੈ ਕਿਆ ਜਾਨਉ ਬਾਬਾ ਰੇ॥ {ਅੰਗ ੮੭੦}

ਮੈਂ ਆਪਣੇ ਕਰਮਾਂ ਦੀ ਗਤੀ ਕੀ ਜਾਣਾ। ਜੋ ਮੇਰੇ ਕੋਲ ਫਲ ਹੈ, ਪਤਾ ਨਹੀਂ ਕਿਹੜੇ ਕਰਮਾਂ ਦਾ ਹੈ। ਕਦੋਂ ਮੈਂ ਕਰਮ ਕੀਤੇ? ਵਿਚ ਅੰਤਰਾਲ,(Gap) ਹੈ। ਪਰ ਦੁੱਖ ਤੇ ਸੁਖ ਜੋ ਕੁਝ ਵੀ ਹੈ, ਕੀਤਾ ਜ਼ਰੂਰ ਹੈ। ਬੀਜਿਆ ਜ਼ਰੂਰ ਹੈ, ਉਂਝ ਨਹੀਂ ਆਉਂਦਾ। ਇਹ ਵਿਧਾਨ ਪਰਮਾਤਮਾ ਨੇ ਬਣਾਇਆ ਹੈ। ਇਸ ਵਿਧਾਨ ਨੂੰ ਕੋਈ ਤੋੜ ਨਹੀਂ ਸਕਦਾ। ਇਸ ਕਰਕੇ ਸਭ ਕੁਝ ਪ੍ਰਭੂ ਦੇ ਹੱਥ ਵਿਚ ਹੈ। ਨਿਆਂਕਾਰੀ ਉਹ ਪ੍ਰਭੂ ਹੈ। ਉਸਦੇ ਫ਼ੈਸਲੇ ਨੂੰ ਕੋਈ ਟਾਲ ਨਹੀਂ ਸਕਦਾ। ਉਸਦੇ ਫ਼ੈਸਲੇ ਨੂੰ ਕੋਈ ਬਦਲ ਨਹੀਂ ਸਕਦਾ। ਇਸ ਆਧਾਰ ਤੇ ਭਗਤ ਲੋਗ ਕਹਿ ਦਿੰਦੇ ਨੇ ਹੁਣ ਤੇ ਕਰ ਚੁੱਕੇ ਹਾਂ, ਇਸ ਕਰਕੇ ਮਜ਼ਬੂਰ ਹਾਂ, ਭੋਗਾਂਗੇ। ਲਾਚਾਰ ਹਾਂ, ਹੋ ਗਿਆ ਹੈ।

ਪਾਪ ਕਿਉਂ ਕੀਤਾ ਹੈ? ਪਾਪ ਕਰਦਾ ਹੈ ਮਨੁਖ ਲੋਭ ਵੱਸ ਹੋ ਕੇ। ਪਾਪ ਮਨੁਖ ਕਰਦਾ ਹੈ ਹੰਕਾਰ ਵਸ ਹੋ ਕੇ। ਪਾਪ ਮਨੁਖ ਕਰਦਾ ਹੈ ਅਸੀਮ ਕਾਮ ਵਸ ਹੋ ਕੇ। ਹੋਰ ਕਿਸ ਤਰਾਂ ਕਰਦਾ ਹੈ? ਇਹੋ ਕਰਾਉਂਦੇ ਨੇ। ਫਿਰ ਜੋ ਕਰਦਾ ਹੈ, ਉਸ ਕੀਤੇ ਹੋਏ ਵਿਚ ਮਨੁਖ ਸਮਝਦਾ ਹੈ, ਮੈਨੂੰ ਰਸ ਆਵੇਗਾ। ਰਸ ਨਾ ਆਵੇ, ਲਾਭ ਨਾ ਹੋਵੇ ਤਾਂ ਸ਼ਾਇਦ ਪਾਪ ਨਾ ਕਰੇ। ਲੋਭ ਵਸ ਹੋ ਕੇ ਪਾਪ ਕਰ ਰਿਹਾ ਹੈ। ਇਸ ਨੂੰ ਪਤਾ ਹੈ ਕਿ ਮੈਨੂੰ ਲਾਭ ਹੋਵੇਗਾ, ਇਸ ਕਰਕੇ ਕਰਦਾ ਹੈ। ਰਸ ਆਵੇਗਾ, ਲਾਭ ਹੋਵੇਗਾ। ਪਰ ਮਹਾਰਾਜ ਕਹਿੰਦੇ ਨੇ:-

ਮਿਠਾ ਕਰਿ ਕੈ ਖਾਇਆ ਕਉੜਾ ਉਪਜਿਆ ਸਾਦੁ॥ {ਅੰਗ ੫੦}

ਠੀਕ ਹੈ ਮਿੱਠੀ ਜ਼ਹਿਰ ਵੀ ਹੁੰਦੀ ਹੈ। ਹੈ ਤੇ ਜ਼ਹਿਰ, ਪਰ ਮਿੱਠੀ ਹੈ। ਇਕ ਉਦਾਹਰਣ ਦਿੱਤਾ ਹੈ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਨੇ। ਜਿਹੜਾ ਸ਼ਬਦ ਉਹਨਾਂ ਨੇ ਸੂਰਦਾਸ ਦੇ ਪ੍ਰਤੀ ਉਚਾਰਨ ਕੀਤਾ ਹੈ। ਕਿਉਂਕਿ ਸੂਰਦਾਸ ਇਕ ਪੰਗਤੀ ਉਚਾਰਣ ਕਰਕੇ ਸਮਾਧੀ ਲੀਨ ਹੋ ਗਿਆ ਸੀ। ਬਾਕੀ ਸ਼ਬਦ ਨੂੰ ਸੰਪੂਰਨ (Complete) ਕੀਤਾ ਗੁਰੂ ਅਰਜਨ ਦੇਵ ਜੀ ਨੇ। ਉਸਦਾ ਹੈਡਿੰਗ (Heading) ਹੈ, ਸਾਰੰਗ ਮਹਲਾ ੫॥ ਸੂਰਦਾਸ ॥ ਉੱਪਰ ਦੀ ਇਕ ਪੰਗਤੀ ਸੂਰਦਾਸ ਦੀ ਹੈ, ਥੱਲੇ ਦੀਆਂ ਛੇ ਪੰਗਤੀਆਂ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀਆਂ ਨੇ। ਉਸ ਸ਼ਬਦ ਵਿਚ ਗੁਰੂ ਸਾਹਿਬ ਕਹਿੰਦੇ ਨੇ:-

ਹਰਿ ਕੇ ਸੰਗ ਬਸੇ ਹਰਿ ਲੋਕ॥

ਹਰੀ ਦੇ ਜਿਹੜੇ ਲੋਗ ਨੇ ਉਹ ਹਰ ਵਕਤ ਹਰੀ ਦੇ ਵਿਚ ਹੀ ਰਹਿੰਦੇ ਨੇ।

ਤਨੁ ਮਨੁ ਅਰਪਿ ਸਰਬਸੁ ਸਭੁ ਅਰਪਿਓ
ਅਨਦ ਸਹਜ ਧੁਨਿ ਝੋਕ॥੧॥ {ਅੰਗ੧੨੫੩}

ਤਨ, ਮਨ, ਧਨ ਸਭ ਅਰਪਣ ਕਰਦੇ ਨੇ। ਅਨੰਦ ਦੀ ਧੁਨੀ ਵਿਚ ਮਸਤ ਰਹਿੰਦੇ ਨੇ, ਲੀਨ ਰਹਿੰਦੇ ਨੇ। ਫਿਰ ਵਿਚ ਕਹਿੰਦੇ ਨੇ:-

ਸਿਆਮ ਸੁੰਦਰ ਤਜਿ ਆਨ ਜੁ ਚਾਹਤ
ਜਿਉ ਕੁਸਟੀ ਤਨਿ ਜੋਕ॥

ਪਰਾਚੀਨ ਆਯੁਰਵੈਦਿਕ ਗ੍ਰੰਥਾਂ ਦੇ ਮੁਤਾਬਿਕ ਜਿਹੜਾ ਕੋਹੜੀ ਸੀ, ਅਜ ਕਲ ਤੇ ਕੋਹੜ ਦੇ ਹਰ ਤਰ੍ਹਾਂ ਦੇ ਇਲਾਜ ਨਿਕਲ ਆਏ ਨੇ। ਉਦੋਂ ਇਕੋ ਹੀ ਇਲਾਜ ਹੁੰਦਾ ਸੀ। ਇਸਨੂੰ ਜਲਮ ਵੀ ਕਹਿੰਦੇ ਨੇ, ਜੋਕ ਵੀ ਕਹਿੰਦੇ ਨੇ। ਕੋਹੜੀ ਦਾ ਖ਼ੂਨ ਗਾੜ੍ਹਾ ਹੋ ਜਾਂਦਾ ਹੈ ਅਤੇ ਮਿੱਠਾ ਹੋ ਜਾਂਦਾ ਹੈ। ਲੇਕਿਨ ਕੋਹੜੀ ਦਾ ਖ਼ੂਨ ਜ਼ਹਿਰੀਲਾ ਹੁੰਦਾ ਹੈ। ਮਿੱਠੀ ਜ਼ਹਿਰ। ਇਲਾਜ ਇਕੋ ਹੀ ਸੀ, ਜੋਕਾਂ ਲਾਈਆਂ ਜਾਣ ਅਤੇ ਉਹ ਖ਼ੂਨ ਬਾਹਰ ਕਢਿਆ ਜਾਏ। ਕੋਹੜੀ ਨੂੰ ਜੋਕਾਂ ਲਾਉਣ ਵਾਲਾ ਜਦੋਂ ਜੋਕਾਂ ਲਾਉਂਦਾ ਸੀ, ਪੈਸੇ ਦਸ ਗੁਣਾਂ ਵੱਧ ਮੰਗਦਾ ਸੀ। ਕਿਉਂ? ਕੋਹੜੀ ਦਾ ਖ਼ੂਨ ਪੀਂਦਿਆਂ ੨ ਜੋਕ ਤੜਫ਼ ਤੜਫ਼ ਕੇ ਮਰ ਜਾਂਦੀ ਸੀ। ਜ਼ਹਿਰ। ਜਿਸ ਦੀਆਂ ਜੋਕਾਂ ਹੁੰਦੀਆਂ ਸਨ ਅਤੇ ਉਹਨਾਂ ਨੂੰ ਚੁੱਕੀ ਫਿਰਦਾ ਸੀ, ਉਸਨੂੰ ਵੀ ਪਤਾ ਸੀ ਕਿ ਜੋਕ ਤੇ ਮਰ ਜਾਏਗੀ, ਇਸੇ ਕਰਕੇ ਪੈਸੇ ਜ਼ਿਆਦਾ ਮੰਗਦਾ ਸੀ। ਆਮ ਬੰਦਿਆਂ ਨੂੰ ਵੀ ਜਿੰਨ੍ਹਾਂ ਦਾ ਖ਼ੂਨ ਮੈਲਾ ਹੋ ਗਿਆ ਹੈ, ਉਹਨਾਂ ਨੂੰ ਵੀ ਲਾਈਆਂ ਜਾਂਦੀਆਂ ਸਨ, ਪਰ ਥੋੜੇ ਪੈਸਿਆਂ ਵਿਚ। ਜਿੱਥੋਂ ਤਕ ਕੋਹੜੀ ਦੀ ਗੱਲ ਹੈ ਉਸ ਕੋਲੋਂ ਦਸ ਗੁਣਾਂ ਵੱਧ ਪੈਸੇ, ਕਿਉਂਕਿ ਜੋਕ ਨੇ ਮਰ ਜਾਣਾ ਹੈ। ਗੁਰੂ ਸਾਹਿਬ ਜੀ ਨੇ ਜੋ ਪਰਮਾਣ ਦਿੱਤਾ ਹੈ। ਇਹ ਜੋ ਭਗਤ ਲੋਗ ਨੇ ਇਹ ਪਰਮਾਤਮਾ ਨੂੰ ਛਡ ਕੇ, ਕਿਸੇ ਇਕ ਖ਼ਾਹਿਸ਼ ਵਿਚ ਜਿਉਂਣਾ, ਪਾਪ ਦੀ ਲਾਲਸਾ ਵਿਚ ਜਿਉਂਣਾ, ਪਾਪ ਵਿਚ ਜੋ ਮਿਠਾਸ ਹੈ, ਉਸਦਾ ਰਸ ਮਾਣਨਾ, ਉਹ ਐਸਾ ਸਮਝਦੇ ਨੇ:-

ਸਿਆਮ ਸੁੰਦਰ ਤਜਿ ਆਨ ਜੁ ਚਾਹਤ
ਜਿਉ ਕੁਸਟੀ ਤਨਿ ਜੋਕ॥ {ਅੰਗ ੧੨੫੩}

ਜਿਵੇਂ ਕੋਹੜੀ ਦੇ ਖ਼ੂਨ ਨੂੰ ਜੋਕ ਪੀਂਦੀ ਹੈ, ਇਸੇ ਤਰਾਂ ਇਹ ਕੋਹੜੀ ਦੇ ਖ਼ੂਨ ਨੂੰ ਹੀ ਪੀਣਾ ਹੈ, ਹੋਰ ਕੁਛ ਵੀ ਨਹੀਂ। ਤੜਫ਼ ੨ ਕੇ ਮਰਨਾ ਹੈ। ਇਹ ਇਸਦਾ ਫਲ ਹੈ। ਪਾਪ ਦੇ ਵਿਚ ਮਿਠਾਸ ਤੇ ਹੈ। ਬੇਈਮਾਨੀ ਵਿਚ ਲਾਭ ਤੇ ਹੈ। ਅਗਰ ਮਨੁਖ ਨੂੰ ਰਸ ਨਾ ਆਵੇ, ਤੇ ਕਿਉਂ ਦੁਰਾਚਾਰ ਕਰੇ। ਰਸ ਕਰਕੇ ਬਲਾਤਕਾਰ ਕਰਦਾ ਹੈ। ਲਾਭ ਕਰਕੇ ਬੇਈਮਾਨੀ ਕਰਦਾ ਹੈ ,ਠੱਗੀ ਕਰਦਾ ਹੈ। ਪਰ ਇਹ ਲਾਭ, ਇਹ ਰਸ ਇਸ ਤਰਾਂ ਹੈ, ਜਿਵੇਂ ਕੋਹੜੀ ਦਾ ਖ਼ੂਨ। ਇਹ ਮਿੱਠਾ ਤਾਂ ਹੈ ਪਰ ਜ਼ਹਿਰੀਲਾ ਹੈ। ਜੋਕ ਤੜਫ਼ ੨ ਕੇ ਮਰ ਜਾਂਦੀ ਹੈ। ਮਨੁਖ ਦੇ ਸਾਹਮਣੇ ਜਦ ਇਹਨਾਂ ਪਾਪਾਂ ਦਾ ਫਲ ਆਉਂਦਾ ਹੈ, ਤੇ ਫਿਰ ਤੜਫ਼ਦਾ ਹੈ,ਬੇਜ਼ਾਰ (Fed up) ਹੁੰਦਾ ਹੈ, ਦੁਖੀ ਹੁੰਦਾ ਹੈ, ਪਰ ਪ੍ਰਭੂ ਨੇ ਇਹ ਵਿਧਾਨ ਬਣਾਇਆ ਹੋਇਆ ਹੈ। ਫਿਰ ਹੋਰ ਜੋ ਇਸ ਸ਼ਬਦ ਵਿਚ ਜ਼ਿਕਰ ਹੈ। ਕਰਮ ਅਸੀਂ ਰੋਜ਼ ਕਰਦੇ ਜਾ ਰਹੇ ਹਾਂ। ਕਰਮਾਂ ਦੀ ਖੇਤੀ ਸਾਡੀ ਵਧਦੀ ਜਾ ਰਹੀ ਹੈ। ਜੀਵਨ ਦੀ ਝੋਲੀ ਜਿੱਥੇ ਕਰਮਾਂ ਦਾ ਫਲ ਰਖਣਾ ਹੈ, ਇਹ ਰੋਜ਼ ਛੋਟੀ ਹੁੰਦੀ ਜਾ ਰਹੀ ਹੈ:-

ਛਿਨੁ ਛਿਨੁ ਅਉਧ ਬਿਹਾਤੁ ਹੈ
ਫੂਟੈ ਘਟ ਜਿਉ ਪਾਨੀ॥ {ਅੰਗ ੭੨੬}

ਇਹ ਭਰੋਸਾ ਇਸ ਕਰਕੇ ਨਹੀਂ ਬਣਦਾ, ਕਿਉਂਕਿ ਹੋ ਸਕਦਾ ਹੈ ਕਿ

ਮਨੁਖ ਦਾ ਕਾਰੋਬਾਰ ਵੱਡਾ ਹੋ ਰਿਹਾ ਹੋਵੇ ਪਰ ਆਪ ਤੇ ਛੋਟਾ ਹੋ ਰਿਹਾ ਹੈ। ਪਰਵਾਰ ਵੱਡਾ ਹੋ ਰਿਹਾ ਹੋਵੇ। ਪਹਿਲੇ ਦੋ ਸਨ, ਹੁਣ ਚਾਰ, ਛੇ ਯਾ ਅੱਠ ਹੋ ਗਏ ਨੇ, ਪਰ ਮਨੁਖ ਤੇ ਛੋਟਾ ਹੋ ਰਿਹਾ ਹੈ। ਹੋ ਸਕਦਾ ਹੈ, ਇਸ ਦੀਆਂ ਮਹਿਲ ਮਾੜੀਆਂ ਵੱਡੀਆਂ ਹੋ ਰਹੀਆਂ ਹੋਣਗੀਆਂ, ਪਰ ਇਹ ਤੇ ਛੋਟਾ ਹੋ ਰਿਹਾ ਹੈ। ਪਰਵਾਰ ਦਾ ਵਧਣਾ, ਮਹਿਲ ਮਾੜੀਆਂ ਦਾ ਵਧਣਾ, ਕਾਰੋਬਾਰ ਦਾ ਵੱਡਾ ਹੋਣਾ, ਇਹ ਸਮਝ ਲੈਂਦਾ ਹੈ ਕਿ ਮੈਂ ਵੀ ਵੱਡਾ ਹੋ ਰਿਹਾ ਹਾਂ। ਕੌਣ ਸਮਝਾਵੇ ਤੂੰ ਤੇ ਛੋਟਾ ਹੋ ਰਿਹਾ ਹੈਂ। ਤੂੰ ਵੱਡਾ ਨਹੀਂ ਹੋ ਰਿਹਾ। ਤੂੰ ਇਤਨਾ ਛੋਟਾ ਹੋ ਜਾਏਂਗਾ ਕਿ ਇਕ ਦਿਨ ਮਿਟ ਜਾਏਂਗਾ। ਕਾਰੋਬਾਰ ਤੇ ਰਹੇਗਾ, ਇਹ ਮਹਿਲ ਮਾੜੀਆਂ ਤੇ ਰਹਿਣਗੀਆਂ, ਪਰਵਾਰ ਵੀ ਰਹੇਗਾ, ਤੂੰ ਛੋਟਾ ਹੋ ਕੇ ਮਿਟ ਜਾਏਂਗਾ। ਇਸ ਵੱਡੇ ਹੋਣੇ ਨੂੰ ਵੇਖ ਕੇ ਮਨੁਖ ਭੁਲ ਜਾਂਦਾ ਹੈ ਕਿ ਮੈਂ ਛੋਟਾ ਹੋ ਰਿਹਾ ਹਾਂ। ਲੋਭ ਵਸ ਹੋ ਕੇ ਮਨੁਖ ਪਾਪ ਕਰਦਾ ਹੈ, ਕਾਮ ਵਸ ਹੋ ਕੇ ਮਨੁਖ ਬਲਾਤਕਾਰ ਕਰਦਾ ਹੈ। ਜਦ ਫਲ ਸਾਹਮਣੇ ਆਉਂਦਾ ਹੈ, ਦੁੱਖ, ਫਿਰ ਰੋਂਦਾ ਹੈ, ਪਿੱਟਦਾ ਹੈ। ਪ੍ਰਸ਼ਨ ਬਥੇਰਿਆਂ ਦੇ, ਜਦ ਦੁੱਖ ਰਬ ਹੀ ਦਿੰਦਾ ਹੈ, ਸੁਖ ਉਹ ਹੀ ਦਿੰਦਾ ਹੈ, ਇਸ ਵਿਚ ਸਾਡਾ ਕੀ ਦੋਸ਼ ਹੈ। ਦੋਸ਼ ਹੈ ਤੇਰਾ, ਕਰਮਾਂ ਦਾ ਦੋਸ਼ ਹੈ। ਉਹ ਕਰਮਾਂ ਕਰਕੇ ਦੁੱਖ ਸੁਖ ਦਿੰਦਾ ਹੈ:-

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥੨੧॥
{ਅੰਗ ੪੩੩}

ਮੈਂ ਛੋਟਾ ਹੁੰਦਾ ਜਾ ਰਿਹਾ ਹਾਂ, ਕਰਮਾਂ ਦੀ ਖੇਤੀ ਵਧਦੀ ਜਾ ਰਹੀ ਹੈ। ਇਕ ਦਿਨ ਮੈਂ ਮਿਟ ਗਿਆ, ਕਰਮਾਂ ਦੀ ਫ਼ਸਲ ਤੇ ਰਹਿ ਗਈ। ਕੌਣ ਖਾਏ? ਜ਼ਮੀਨ ਵਿਚ ਬੀਜ ਇਕ ਹੈ, ਖਾਂਦੇ ਦੂਜੇ ਨੇ। ਦਰਖ਼ਤ ਕਿਸੇ ਨੇ ਲਾਇਆ ਸੀ, ਫਲ ਕੋਈ ਪਿਆ ਖਾਂਦਾ ਹੈ। ਪਰ ਜੀਵਨ ਦੀ ਧਰਤੀ ਵਿਚ ਜੋ ਕਰਮਾਂ ਦਾ ਬੀਜ ਬੋਇਆ ਜਾਂਦਾ ਹੈ, ਇਹ:-

ਆਪੇ ਬੀਜਿ ਆਪੇ ਹੀ ਖਾਹੁ॥ {ਜਪੁਜੀ ਸਾਹਿਬ}

ਦੂਜਾ ਨਹੀਂ ਖਾਂਦਾ, ਆਪ ਖਾਣਾ ਪੈਂਦਾ ਹੈ। ਇਸ ਵਾਸਤੇ ਕਬੀਰ ਸਾਹਿਬ ਸਮਝਾਉਂਦੇ ਨੇ:-

ਮਨ ਮੇਰੇ ਭੂਲੇ ਕਪਟੁ ਨ ਕੀਜੈ॥ {ਅੰਗ ੬੫੬}

ਪਰਵਾਰ ਦੀ ਖ਼ਾਤਿਰ ਪਾਪ ਨਾ ਕਰ। ਧੀਆਂ ਪੁੱਤਰਾਂ ਦੀ ਖ਼ਾਤਿਰ ਪਾਪ ਨਾ ਕਰ। ਪਤਨੀ ਦੀ ਖ਼ਾਤਿਰ ਪਾਪ ਨਾ ਕਰ। ਕਿਉਂ?

ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ॥੧॥

ਇਹ ਹਿਸਾਬ ਕਿਤਾਬ ਤੇਰੇ ਕੋਲੋਂ ਹੋਏਗਾ।

ਬਹੁ ਪਰਪੰਚ ਕਰਿ ਪਰ ਧਨੁ ਲਿਆਵੈ॥
ਸੁਤ ਦਾਰਾ ਪਹਿ ਆਨਿ ਲੁਟਾਵੈ॥

ਬਾਹਰ ਤੇ ਲੋਕਾਂ ਨੂੰ ਲੁਟਦਾ ਹੈ ਅਤੇ ਲੁੱਟ ਕੇ ਖੁਸ਼ ਹੋ ਜਾਂਦਾ ਹੈ। ਜਿਸ ਦਿਨ ਜੇਬ-ਕਤਰਾ, ਕੋਈ ਚੰਗੀ ਜੇਬ ਕਟਦਾ ਹੈ, ਫਿਰ ਜੇਬ-ਕਤਰਿਆਂ ਵਿਚ ਲੱਡੂ ਵੰਡਦਾ ਹੈ। ਕਹਿੰਦਾ ਹੈ ਅੱਜ ਦਿਨ ਚੰਗਾ ਲਗ ਗਿਆ ਹੈ। ਅੱਜ ਖੇਡ ਚੰਗੀ ਬਣ ਗਈ ਹੈ।

ਹੁਣ ਤੇ ਉਹ ਸੱਜਣ ਨਹੀਂ ਰਿਹਾ। ਕਾਨਪੁਰ ਵਿਚ ਉਹ ਮਸ਼ਹੂਰ ਸੀ। ਕਿਧਰੇ ਬਾਬਾ ਸੁੰਦਰ ਸਿੰਘ ਜੀ ਅਲੀਬੇਗ ਵਾਲਿਆਂ ਦੀ ਸੰਗਤ ਕਰਕੇ ਬਦਲਿਆ। ਉਹਨਾਂ ਦੇ ਡੇਰੇ ਆਉਂਦਾ ਹੁੰਦਾ ਸੀ। ਪਹਿਲੇ, ਦੂਜੇ, ਤੀਜੇ ਦਿਨ ਡਾਕਾ ਮਾਰਦਾ ਸੀ। ਜਦ ਇਸਦੇ ਕੋਲ ਧਨ ਮੁਕ ਜਾਂਦਾ ਸੀ, ਫਿਰ ਮਾਰਦਾ ਸੀ। ਚਾਲੀ ਸਾਲ ਪੁਰਾਣੀ ਗੱਲ। ਉਦੋਂ ਇਕ ਰੁਪਏ ਦੀ ਵੈਲਯੂ (Value) ਬੜੀ ਹੁੰਦੀ ਸੀ। ਇਕਵੰਜਾ ਦਮੜੇ ਮੇਰੇ ਕੋਲ ਆ ਕੇ ਰਖੇ। ਕਹਿਣ ਲੱਗਾ ਮਸਕੀਨ ਜੀ ਅੱਜ ਦਸ ਹਜ਼ਾਰ ਹੱਥ ਆ ਗਿਆ ਹੈ। ਸਾਡੀ ਗੱਲ ਬਣ ਗਈ ਹੈ। ਮੈਨੂੰ ਪਤਾ ਨਹੀਂ ਸੀ। ਮੈਨੂੰ ਫਿਰ ਸ਼ੁਗਲ ਜੀ ਨੇ ਦਸਿਆ ਜੋ ਕਾਨਪੁਰ ਦੇ ਵਾਸੀ ਸਨ। ਮੈਂ ਫਰਵਰੀ ਦੇ ਮਹੀਨੇ ਵਿਚ ਅੱਠ ਦਸ ਦਿਨਾਂ ਵਾਸਤੇ ਉਥੇ ਜਾਂਦਾ ਸੀ। ਉਹ ਜਦ ਚਲਾ ਗਿਆ, ਮੈਨੂੰ ਕਹਿਣ ਲੱਗੇ ਇਹ ਤੇ ਡਕੈਤ ਹੈ। ਮੈਂ ਕਿਹਾ ਬੜਾ ਖੁਸ਼ ਸੀ, ਹਸਦਾ ਹੋਇਆ ਆਇਆ ਸੀ। ਲੁਟੇਰੇ ਨੂੰ ਲੁੱਟ ਕੇ ਖੁਸ਼ੀ ਮਿਲਦੀ ਹੈ। ਫਿਰ ਘਰ ਵਿਚ ਆ ਕੇ, ਪਤਨੀ ਤੇ ਬਚਿਆਂ ਵਿਚ ਲੁਟਾ ਕੇ ਖੁਸ਼ੀ ਮਿਲਦੀ ਹੈ। ਉਥੇ ਲੁਟਾਉਂਦਾ ਹੈ:-

ਸੁਤ ਦਾਰਾ ਪਹਿ ਆਨਿ ਲੁਟਾਵੈ॥

ਇਥੇ ਲੁਟਾ ਕੇ ਖੁਸ਼ ਹੁੰਦਾ ਹੈ। ਜੋ ਲਿਆ ਹੈ ਲਉ। ਉਥੇ ਲੁੱਟ ਕੇ ਖੁਸ਼ ਹੁੰਦਾ ਹੈ। ਇਹ ਤੇ ਹਕੀਕਤ ਹੈ, ਸਚਾਈ ਹੈ। ਇਕ ਕੋਲੋਂ ਖੋਹ ਕੇ ਖੁਸ਼ ਹੁੰਦਾ ਹੈ, ਇਕ ਨੂੰ ਦੇ ਕੇ ਖੁਸ਼ ਹੁੰਦਾ ਹੈ। ਇਹ ਹਿਸਾਬ ਕਿਤਾਬ ਤੇਰੇ ਕੋਲੋਂ ਹੋਣਾ ਹੈ, ਨਾ ਕਿ ਪਤਨੀ ਕੋਲੋਂ ਅਤੇ ਨਾ ਬਚਿਆਂ ਕੋਲੋਂ ਹੋਣਾ ਹੈ। ਇਸ ਵਾਸਤੇ ਸੁਚੇਤ ਹੋ ਜਾ। ਸਾਵਧਾਨ ਹੋ ਜਾ।

ਖ਼ੈਰ ਇਸਤ੍ਰੀ ਦੇ ਅੰਦਰ ਅਗਰ ਭਾਵਨਾ ਪੂਰੀ ਨਹੀਂ ਹੈ। ਇਹ ਮਾਨਸਿਕ ਤਲ ਤੇ ਅਧੂਰੀ ਇਸਤ੍ਰੀ ਹੈ, ਸੰਪੂਰਨ ਨਹੀਂ। ਇਸ ਨੂੰ ਫਿਰ ਮਾਨਸਿਕ ਤਲ ਤੇ, ਧਾਰਮਿਕ ਤਲ ਤੇ ਕਿੰਨਰ ਆਖਿਆ ਜਾ ਸਕਦਾ ਹੈ। ਪੁਰਸ਼ ਦੇ ਮਾਨਸਿਕ ਤਲ ਤੇ, ਗਿਆਨ ਨਹੀਂ ਹੈ, ਵਿਚਾਰ ਨਹੀਂ ਹੈ, ਸੂਝ ਨਹੀਂ ਹੈ, ਸਮਝ ਨਹੀਂ ਹੈ, ਦੂਰ ਦਰਿਸ਼ਟੀ ਨਹੀਂ ਹੈ। ਹੋਵੇਗਾ ਸਰੀਰਕ ਤਲ ਤੇ ਪੁਰਸ਼। ਇਹ ਮਾਨਸਿਕ ਤਲ ਤੇ, ਧਾਰਮਿਕ ਤਲ ਤੇ, ਕਿੰਨਰ ਹੈ। ਇਹ ਪੂਰਨ ਪੁਰਖ ਨਹੀਂ ਹੈ। ਜਦ ਕੋਈ ਪੂਰਨ ਪੁਰਖ ਹੋ ਜਾਂਦਾ ਹੈ ਅਤੇ ਉਸ ਦੇ ਕੋਲ ਤਨ ਪੁਰਸ਼ ਦਾ ਹੈ ਪਰ ਨਾਰੀ ਉਸ ਦੇ ਅੰਦਰ ਹੋ ਜਾਂਦੀ ਹੈ, ਉਸ ਦੇ ਬੋਲਾਂ ਵਿਚ ਹਲੀਮੀ ਆ ਜਾਂਦੀ ਹੈ ਅਤੇ ਇਹ ਵੀ ਹੋ ਸਕਦਾ ਹੈ ਕਿ ਉਹ ਇਸਤ੍ਰੀ ਦੇ ਬੋਲ ਬੋਲਣ ਲੱਗ ਪਏ। ਜਿਸ ਤਰਹ ਕਿ ਇਸ ਪਾਵਨ ਪਵਿੱਤਰ ਵਾਕ ਵਿਚ ਹੈ। ਆਮ ਤਾਰਕਿਕ ਬੰਦਾ ਕਹੇਗਾ ਕਿ ਕੋਈ ਇਸਤ੍ਰੀ ਬੋਲਦੀ ਪਈ ਹੈ, ਪੁਰਸ਼ ਨਹੀਂ ਹੈ। ਠੀਕ ਹੈ, ਭਾਵਨਾ ਅੰਦਰ ਪੂਰੀ ਹੈ, ਸ਼ਰਧਾ ਅੰਦਰ ਪੂਰੀ ਹੈ ਤੇ ਇਹ ਪੂਰਨ ਪੁਰਖ ਹੋ ਗਿਆ ਹੈ। ਮੁਕੰਮਲ ਪੁਰਸ਼। ਬਾਕੀ ਤਾਂ ਸਾਰੇ ਕਿੰਨਰ ਕਹੇ ਜਾ ਸਕਦੇ ਨੇ। ਮਨੁਖ ਜੈਸਾ ਕਿੰਨਰ ਦਿਖਾਈ ਦਿੰਦਾ ਹੈ, ਲੇਕਿਨ ਫਿਰ ਵੀ ਮਨੁਖ ਹੁੰਦਿਆਂ ਹੋਇਆਂ ਇਹ ਪੁਰਸ਼ ਨਹੀਂ ਹੈ

ਇਸਤ੍ਰੀ ਨਹੀਂ ਹੈ, ਕਿੰਨਰ ਹੈ। ਇਹ ਇਸਤ੍ਰੀ ਦਾ ਤਨ, ਪੁਰਸ਼ ਦਾ ਤਨ ਦਿਖਾਈ ਦੇ ਰਿਹਾ ਹੈ। ਇਹ ਮਾਨਸਿਕ ਤਲ ਤੇ, ਧਾਰਮਿਕ ਤਲ ਤੇ ਕਿੰਨਰ ਹੈ। ਸੰਪੂਰਨ ਨਹੀਂ ਹਨ। ਸ਼ਬਦ ਦੇ ਪ੍ਰਾਰੰਭ ਵਿਚ ਗੁਰੂ ਸਾਹਿਬ ਫ਼ਰਮਾਉਂਦੇ ਨੇ, ਕਿ ਐ ਜੀਵ ਇਸਤ੍ਰੀ! ਤੂੰ ਸੰਸਾਰ ਵਿਚ ਠੱਗੀ ਗਈ ਹੈਂ। ਪਤੀ ਨਾਲ ਸੰਬੰਧ ਨਹੀਂ ਜੋੜ ਸਕੀ, ਪ੍ਰਭੂ ਨਾਲ ਸੰਬੰਧ ਨਹੀਂ ਜੋੜ ਸਕੀ।

> *ਭਾਵਨਾ ਅਗਰ ਗਿਆਨ ਨਾਲ ਸੰਬੰਧ ਨਹੀਂ ਜੋੜ ਸਕੀ ਤੇ ਫਿਰ ਭਾਵਨਾ ਅਧੂਰੀ ਹੈ, ਸ਼ਰਧਾ ਅਧੂਰੀ ਹੈ, ਕੁਛ ਵੀ ਨਹੀਂ। ਗਿਆਨ ਅਗਰ ਭਾਵਨਾ ਨਾਲ ਸੰਬੰਧ ਨਹੀਂ ਜੋੜ ਸਕਿਆ, ਗਿਆਨ ਅਧੂਰਾ ਹੈ। ਅਖ਼ਰੀ ਗਿਆਨ ਹੈ, ਹੋਰ ਕੁਛ ਵੀ ਨਹੀਂ ਹੈ, ਇਸੇ ਨੂੰ ਹੀ ਕਹਿੰਦੇ ਨੇ ਕਿੰਨਰ।*

ਫਿਰ ਕਰਮ ਦੀ ਗੱਲ।

ਕਈ ਸਵਾਲ ਕਰਦੇ ਨੇ ਕਿ ਦੋ ਬੱਚੇ ਅਪੰਗ ਪੈਦਾ ਹੋ ਗਏ ਨੇ, ਤੇ ਇਹਨਾਂ ਨੇ ਕੀ ਕੀਤਾ ਹੈ? ਅਸਲ ਵਿਚ ਉਹ ਪਿਛਲੀ ਬੀਜੀ ਹੋਈ ਖੇਤੀ ਨਾਲ ਲੈ ਕੇ ਆਏ ਨੇ। ਜੀਵਨ ਦਾ ਅੰਤ ਹੋ ਗਿਆ ਸੀ, ਖੇਤੀ ਰਹਿ ਗਈ ਸੀ। ਬੀਜੇ ਹੋਏ ਬੀਜ ਰਹਿ ਗਏ ਸਨ। ਕਿਉਂ? ਬੀਜ ਮੈਂ ਅੱਜ ਬੋਇਆ ਹੈ, ਫਲ ਤੇ ਅੱਜ ਕੋਈ ਨਹੀਂ। ਬੀਜ ਫਲ ਤਕ ਅਪੜੇਗਾ ਤਾਂ ਮੈਂ ਛੋਟਾ ਹੋ ਜਾਵਾਂਗਾ। ਅਗਰ ਉਹ ਬੀਜ ਪੰਜ ਸਾਲਾਂ ਵਿਚ ਫਲੀਭੂਤ ਹੋਵੇਗਾ, ਤਾਂ ਮੈਂ ਪੰਜ ਸਾਲ ਛੋਟਾ ਹੋ ਗਿਆ। ਮੈਂ ਤੇ ਰੋਜ਼ ੨ ਛੋਟਾ ਹੁੰਦਾ ਜਾਵਾਂਗਾ ਅਤੇ ਬੀਜ ਵੀ ਮੈਂ ਬੀਜਦਾ ਜਾਵਾਂਗਾ। ਕਰਮ ਤੇ ਮੈਂ ਰੋਜ਼ ਰੋਜ਼ ਕਰਨੇ ਨੇ, ਕਰਮਾਂ ਦੀ ਖੇਤੀ ਵਧਦੀ ਜਾਏਗੀ, ਜੀਵਨ ਦੀ ਚੋਲੀ ਘਟਦੀ ਜਾਏਗੀ। ਇਕ ਦਿਨ ਜੀਵਨ ਦੀ ਚੋਲੀ ਦਾ ਅੰਤ ਹੋ ਗਿਆ, ਕਰਮਾਂ ਦੀ ਖੇਤੀ ਬਾਕੀ ਰਹਿ ਗਈ ਹੈ। ਫਿਰ ਪਰਮਾਤਮਾ ਕਹਿੰਦਾ ਹੈ ਹੁਣ ਬੀਜਿਆ ਵੀ ਤੂੰ ਹੈ ਇਸ ਕਰਕੇ ਖਾ ਵੀ ਤੂੰ। ਫਿਰ ਉਹ ਚੋਲਾ ਦੇ ਦਿੰਦਾ ਹੈ:-

ਕਰਮੀ ਆਵੈ ਕਪੜਾ॥

ਉਹਨਾਂ ਕਰਮਾਂ ਕਰਕੇ ਜੋ ਬਾਕੀ ਰਹਿ ਗਏ ਨੇ, ਫਿਰ ਇਹ ਚੋਲਾ ਮਿਲਦਾ ਹੈ ਤਾਕਿ ਇਸ ਵਿਚ ਕਰਮਾਂ ਦੀ ਫ਼ਸਲ ਪਾ ਸਕੇ। ਉਹ ਜੋ ਉਸ ਨੇ ਬੀਜਿਆ ਹੈ, ਖਾ ਸਕੇ। ਹੁਣ ਇਸ ਜੀਵਨ ਵਿਚ ਫਿਰ ਕਰਮ ਕਰੀ ਜਾ ਰਿਹਾ ਹੈ, ਪਿਛਲੇ ਕਰਮਾਂ ਦਾ ਬੋਝ ਵੀ ਹੈ ਅਤੇ ਹੁਣ ਫਿਰ ਵਧਦਾ ਜਾ ਰਿਹਾ ਹੈ। ਇੰਝ ਕਰਮਾਂ ਦੀ ਖੇਤੀ, ਕਰਮਾਂ ਦੇ ਗੇੜ ਦੇ ਨਾਲ, ਜਨਮ ਮਰਨ ਦਾ ਗੇੜ ਚਲਦਾ ਰਹਿੰਦਾ ਹੈ। ਇਕ ਦਿਨ ਜਦ ਬ੍ਰਹਮ ਗਿਆਨ ਦੀ ਅਗਨ ਪ੍ਰਗਟ ਹੁੰਦੀ ਹੈ ਤੇ ਫਿਰ ਇਹ ਕਰਮਾਂ ਦੀ ਸਾਰੀ ਫ਼ਸਲ ਜਲ ਜਾਂਦੀ ਹੈ, ਭਸਮ ਹੋ ਜਾਂਦੀ ਹੈ। ਇਕੋ ਦਫ਼ਾ ਜਲਨ ਦੇ ਨਾਲ ਭਸਮ ਹੋ ਜਾਂਦੀ ਹੈ:-

ਹਰਿ ਕੇ ਨਾਮ ਕਬੀਰ ਉਜਾਗਰ॥
ਜਨਮ ਜਨਮ ਕੇ ਕਾਟੇ ਕਾਗਰ॥ {ਅੰਗ ੪੮੭}

ਜਨਮ-ਜਨਮਾਂਤਰਾਂ ਦਾ ਜੋ ਪਲੰਦਾ ਸੀ, ਕਰਮਾਂ ਦੀਆਂ ਫ਼ਾਈਲਾਂ ਦੇ ਉੱਤੇ ਫ਼ਾਈਲਾਂ ਪਈਆਂ ਸਨ, ਜਲ ਗਈਆਂ। ਇਕੋ ਹੀ ਦਫ਼ਾ ਬ੍ਰਹਮ ਅਗਨ ਪੈਦਾ ਹੋਈ, ਇਸ ਅਗਨ ਨੇ ਸਾੜ ਕੇ ਸੁਆਹ ਕਰ ਦਿੱਤੀਆਂ:-

ਧਰਮ ਰਾਇ ਦਰਿ ਕਾਗਦ ਫਾਰੇ
ਜਨ ਨਾਨਕ ਲੇਖਾ ਸਮਝਾ॥ {ਅੰਗ ੬੯੮}

ਧਰਮ ਰਾਇ ਨੇ ਸਾਰੇ ਕਾਗਜ਼ ਫਾੜ ਦਿਤੇ, ਗੱਲ ਖ਼ਤਮ। ਲੇਖੇ ਦਾ ਨਿਬੇੜਾ ਹੋ ਗਿਆ। ਕਰਮ ਜਿਤਨੀ ਦੇਰ ਤਕ ਖ਼ਤਮ ਨਹੀਂ ਹੁੰਦੇ, ਜਲਦੇ ਨਹੀਂ, ਜਨਮ ਮਰਨ ਚਲਦਾ ਰਹੇਗਾ। ਬ੍ਰਹਮ ਅਗਨ ਕਰਮਾਂ ਦੀ ਫ਼ਸਲ ਨੂੰ ਸਾੜ ਕੇ ਸੁਆਹ ਕਰ ਦਿੰਦੀ ਹੈ, ਅਗਲਾ ਜਨਮ ਨਹੀਂ ਹੁੰਦਾ। ਕਿਉਂ? ਪ੍ਰਭੂ ਦਾ ਨਾਮ ਜਪ ਕੇ ਇਤਨਾ ਵੱਡਾ ਸਿਰਮੌਰ ਕਰਮ ਪੈਦਾ ਹੋ ਗਿਆ ਹੈ। ਬ੍ਰਹਮ ਅਗਨ ਪੈਦਾ ਹੋ ਗਈ ਹੈ। ਹੁਣ ਛੋਟੇ ਮੋਟੇ ਪਾਪ ਪੁੰਨ ਸਾਰੇ ਹੀ ਭਸਮ ਹੋ ਜਾਂਦੇ ਨੇ। ਮਹਾਂ ਪੁੰਨ ਉਜਾਗਰ ਹੋ ਜਾਂਦਾ ਹੈ। ਬ੍ਰਹਮ ਅਗਨ ਉਜਾਗਰ ਹੋ ਜਾਂਦੀ ਹੈ। ਹਜ਼ਾਰਾਂ ਜਨਮਾਂ ਦਾ ਜੋ ਲੇਖਾ-ਜੋਖਾ ਸੀ ਸਭ ਖ਼ਤਮ, ਗੱਲ ਖ਼ਤਮ। ਪਰਮਾਤਮਾ ਕਿਤੇ ਉੱਪਰ ਬੈਠਾ ਲਿਖਦਾ ਪਿਆ ਹੈ? ਨਹੀਂ:-

ਪੁੰਨੀ ਪਾਪੀ ਆਖਣੁ ਨਾਹਿ॥
ਕਰਿ ਕਰਿ ਕਰਣਾ ਲਿਖਿ ਲੈ ਜਾਹੁ॥ {ਜਪੁਜੀ ਸਾਹਿਬ}

ਕਰਦੇ ਜਾ ਰਹੇ ਹਾਂ, ਅੰਦਰ ਲਿਖਿਆ ਜਾ ਰਿਹਾ ਹੈ। ਅੰਦਰ ਛਾਪ ਬਣਦੀ ਜਾ ਰਹੀ ਹੈ। ਅੰਦਰ ਸੰਸਕਾਰ ਬਣਦੇ ਨੇ। ਇਹ ਸੰਸਕਾਰ ਬਹੁਤੇ ਇਕੱਠੇ ਹੋ ਕੇ ਸੰਗਰਹਿ ਹੋ ਕੇ, ਇਕੋ ਤਰ੍ਹਾਂ ਦੇ ਕਰਮ, ਫਿਰ ਉਹਨਾਂ ਸੰਸਕਾਰਾਂ ਦਾ ਸੰਗਰਹਿ, ਸੁਭਾਉ ਬਣ ਜਾਂਦਾ ਹੈ। ਫਿਰ ਉਸ ਸੁਭਾਉ ਅਧੀਨ ਬੰਦਾ ਉਹੀ ਕਰਮ ਕਰੀ ਜਾਂਦਾ ਹੈ। ਬੇਈਮਾਨੀ ਦਾ ਸੁਭਾਉ ਬਣ ਗਿਆ ਹੈ, ਹੁਣ ਸਾਰੀ ਜ਼ਿੰਦਗੀ ਬੇਈਮਾਨੀ ਕਰਦਾ ਹੈ। ਝੂਠ ਬੋਲਣ ਦਾ ਸੁਭਾਉ ਬਣ ਗਿਆ ਹੈ, ਹੁਣ ਸਾਰੀ ਜ਼ਿੰਦਗੀ ਝੂਠ ਬੋਲੀ ਜਾ ਰਿਹਾ ਹੈ। ਅਨਰਥ ਕਰਨਾ ਸੁਭਾਉ ਬਣ ਗਿਆ ਹੈ, ਹੁਣ ਸਾਰੀ ਜ਼ਿੰਦਗੀ ਅਨਰਥ ਕਰੀ ਜਾ ਰਿਹਾ ਹੈ। ਇਹ ਢੇਰ ਇਕੱਠਾ ਹੁੰਦਾ ਜਾ ਰਿਹਾ ਹੈ। ਜੋ ਕਰਦਾ ਜਾ ਰਿਹਾ ਹੈ, ਲਿਖਿਆ ਜਾ ਰਿਹਾ ਹੈ:-

ਕਰਿ ਕਰਿ ਕਰਣਾ ਲਿਖਿ ਲੈ ਜਾਹੁ॥{ਜਪੁਜੀ ਸਾਹਿਬ}

ਸਿਲਸਿਲੇਵਾਰ ਅਰਥ:-

ਪਿਰ ਸੰਗਿ ਮੂਠੜੀਏ ਖਬਰਿ ਨ ਪਾਈਆ ਜੀਉ॥

ਹੇ ਜੀਵ ਇਸਤ੍ਰੀ! ਤੂੰ ਜਗਤ ਵਿਚ ਠੱਗੀ ਗਈ ਹੈਂ, ਪਰਮਾਤਮਾ ਦਾ ਪਿਆਰ ਹਾਸਲ ਨਹੀਂ ਕਰ ਸਕੀ। ਪਤੀ ਨਾਲ ਸੰਬੰਧ ਨਹੀਂ ਬਣਾ ਸਕੀ।

ਮਸਤਕਿ ਲਿਖਿਅੜਾ ਲੇਖੁ ਪੁਰਬਿ ਕਮਾਇਆ ਜੀਉ॥

ਪਰ ਇਸ ਜੀਵ ਇਸਤ੍ਰੀ ਦੇ ਕੀ ਵਸ, ਜੋ ਪਹਿਲੇ ਕਮਾਇਆ ਸੀ, ਕੀਤਾ

ਸੀ, ਉਹ ਮਸਤਕ ਤੇ ਲਿਖਿਆ ਗਿਆ। ਉਹਨਾਂ ਲਿਖੇ ਹੋਏ ਕਰਮਾਂ ਕਰਕੇ, ਸੰਸਕਾਰਾਂ ਕਰਕੇ ਜੋ ਸੁਭਾਉ ਬਣਿਆ ਹੈ, ਫਿਰ ਉਸੇ ਤਰ੍ਹਾਂ ਕਰੀ ਜਾ ਰਿਹਾ ਹੈ। ਕਈ ਬੱਚੇ ਜਨਮ ਤੋਂ ਹੀ ਭੈੜੇ ਹੁੰਦੇ ਨੇ, ਪਿਛਲਾ ਸੁਭਾਉ ਨਾਲ ਲੈ ਕੇ ਆ ਜਾਂਦੇ ਨੇ। ਕਈ ਮਾਂ ਬਾਪ ਕਹਿੰਦੇ ਨੇ, ਕੀ ਕਰੀਏ ਬੱਚਾ ਕਾਬੂ ਵਿਚ ਨਹੀਂ ਆਉਂਦਾ। ਪੜੋਸੀ ਤੰਗ, ਸਾਰਾ ਮੁਹੱਲਾ ਤੰਗ ਅਤੇ ਨਾ ਸਾਡੇ ਕਾਬੂ ਵਿਚ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਮਨੁਖੀ ਬੱਚਾ ਪੈਦਾ ਹੋਇਆ ਹੈ ਜਾਂ ਬੰਦਰ? ਗੁਰੂ ਰਾਮਦਾਸ ਜੀ ਮਹਾਰਾਜ ਜੀ ਨੇ ਤੇ ਬੜੀ ਤਾੜਨਾ ਕੀਤੀ ਹੈ। ਐਸੇ ਐਸੇ ਸ਼ਬਦ ਨੇ ਅਗਰ ਕਹੀਏ ਤੇ ਅਗਲਾ ਸੋਚੇਗਾ, ਧੰਨ ਗੁਰੂ ਰਾਮਦਾਸ ਜੀ ਮਹਾਰਾਜ ਐਸੇ ਕਠੋਰ ਬੋਲ ਬੋਲ ਸਕਦੇ ਨੇ। ਮਹਾਰਾਜ ਕਹਿੰਦੇ ਨੇ ਜਿਸ ਪੁੱਤਰ ਨੇ ਨਾਮ ਨਹੀਂ ਜਪਿਆ, ਉਸ ਦੀ ਕੁੱਲ ਨੂੰ ਗਾਲ੍ਹ ਲਗਦੀ ਹੈ। ਬੇਹਤਰ ਹੁੰਦਾ ਉਹ ਮਾਂ ਵਿਧਵਾ ਹੋ ਜਾਂਦੀ, ਸੁਹਾਗਣ ਕਿਉਂ ਹੈ। ਹੈਰਾਨਗੀ ਹੈ। ਐਨਾ ਸ਼ੈਤਾਨ ਪੈਦਾ ਕੀਤਾ ਹੈ, ਸਾਰੇ ਮੁਹੱਲੇ ਨੂੰ ਵਖਤ ਪਾਇਆ ਹੈ, ਸਾਰੇ ਸ਼ਹਿਰ ਨੂੰ ਵਖਤ ਪਾਇਆ ਹੈ। ਤੇ ਸ਼ੈਤਾਨੀਅਤ ਦੇ ਸੰਸਕਾਰ ਮਾਂ ਕੋਲ ਸਨ, ਮੇਲ ਖਾ ਗਿਆ।

ਮਾਂ ਦੀ ਵਾਸ਼ਨਾ,
ਪਿਤਾ ਦੀ ਵਾਸਨਾ,
ਜੀਵਆਤਮਾ ਦੀ ਵਾਸ਼ਨਾ।

ਤਿੰਨਾਂ ਦੇ ਸੰਗਮ ਨਾਲ ਜਨਮ ਹੁੰਦਾ ਹੈ। ਮਾਂ ਬਾਪ ਦੀ ਵਾਸ਼ਨਾ, ਕਿਸੇ ਜੀਵ ਆਤਮਾ ਦੀ ਵਾਸ਼ਨਾ। ਉਹਨਾਂ ਦੇ ਸੰਸਕਾਰ ਮੇਲ ਨਹੀਂ ਖਾਂਦੇ, ਅਜੇ ਜਨਮ ਨਹੀਂ ਹੋਵੇਗਾ। ਜਿਹੜੇ ਮਾਂ ਬਾਪ ਹਨ ਉਹਨਾਂ ਦੇ ਵੀ ਅਜੇ ਸੰਤਾਨ ਨਹੀਂ ਹੋਵੇਗੀ, ਜਿੰਨੀ ਦੇਰ ਇਹਨਾਂ ਦੇ ਸੰਸਕਾਰਾਂ ਦੇ ਮੁਤਾਬਿਕ ਜੀਵ ਨਾ ਮਿਲੇ। ਗਰਭ ਦੇ ਵਿਚ ਪਰਵੇਸ਼ ਨਹੀਂ ਕਰੇਗੀ। ਮਹਾਰਾਜ ਇੱਥੇ ਕਹਿੰਦੇ ਨੇ ਪੂਰਬਲੇ ਕਰਮ। ਜੋ ਮੈਂ ਕਲ ਕੀਤਾ ਹੈ, ਪੂਰਬਲਾ ਹੈ। ਜੋ ਮੈਂ ਸਵੇਰੇ ਕੀਤਾ ਹੈ ਪੂਰਬਲਾ ਹੈ। ਜੋ ਮੈਂ ਮਹੀਨਾ ਪਹਿਲੇ ਕੀਤਾ ਹੈ ਪੂਰਬਲਾ ਹੈ। ਭੂਤ-ਪੂਰਵ ਜੋ ਅਸੀਂ ਕਹਿ ਦਿੰਦੇ ਹਾਂ। ਇਸ ਦਾ ਮਤਲਬ ਨਿਰਾ ਇਹ ਨਹੀਂ ਕਿ ਪਿਛਲਾ ਜਨਮ ਹੀ, ਬਲਕਿ ਹੁਣ ਜੋ ਅਸੀਂ ਕੀਤਾ ਹੈ। ਇਸ ਸਮੇਂ ਤੋਂ ਪਹਿਲੇ ਜੋ ਮੈਂ ਕਰ ਚੁੱਕਿਆ ਹਾਂ, ਪੂਰਬਲਾ ਹੈ। ਕੁਛ ਬੀਜ ਐਸੇ ਵੀ ਹੁੰਦੇ ਨੇ, ਜੋ ਪੰਜ ਸੱਤ ਦਿਨਾਂ ਵਿਚ ਫਲੀਭੂਤ ਹੋ ਜਾਂਦੇ ਨੇ। ਮਹੀਨੇ ਦੋ ਮਹੀਨੇ ਵਿਚ ਫਲੀਭੂਤ ਹੋ ਜਾਂਦੇ ਨੇ। ਸਾਲ ਦੋ ਸਾਲਾਂ ਵਿਚ ਫਲੀਭੂਤ ਹੁੰਦੇ ਨੇ। ਇਕ ਇਮਲੀ ਦਾ ਦਰਖ਼ਤ ਰਾਜਸਥਾਨੀ ਕਹਿੰਦੇ ਨੇ, ੩੫ ਸਾਲਾਂ ਵਿਚ ਫਲੀਭੂਤ ਹੁੰਦਾ ਹੈ। ਭਾਵ ਪੈਂਤੀ ਸਾਲਾਂ ਬਾਅਦ ਇਮਲੀ ਲਗਦੀ ਹੈ। ਬੂਟਾ ਅੱਜ ਲਗਾਉ ਅਤੇ ਹੁਣ ਪੈਂਤੀ ਸਾਲ ਉਡੀਕ ਕਰੋ। ਕਰਮਾਂ ਦਾ ਬੀਜ ਵੀ ਇਸ ਤਰ੍ਹਾਂ ਹੈ। ਕੋਈ ਪੈਂਤੀ ਛੱਤੀ ਸਾਲਾਂ ਬਾਅਦ ਫਲੀਭੂਤ ਹੁੰਦਾ ਹੋਵੇਗਾ, ਕੋਈ ਪੰਜ ਦਿਨਾਂ ਵਿਚ, ਕੋਈ ਚਾਰ ਦਿਨਾਂ ਵਿਚ। ਕੋਈ ਪੰਜ ਮਹੀਨਿਆਂ ਵਿਚ, ਕੋਈ ਪੰਜ ਸਾਲਾਂ ਵਿਚ। ਇਸ ਵਾਸਤੇ ਕਬੀਰ ਸਾਹਿਬ ਕਹਿੰਦੇ ਨੇ ਮੈਂ ਨਹੀਂ ਜਾਣਦਾ ਮੈਂ ਕੀ ਕੀਤਾ ਸੀ।

ਅਪਨੇ ਕਰਮ ਕੀ ਗਤਿ ਮੈ ਕਿਆ ਜਾਨਉ॥
ਮੈ ਕਿਆ ਜਾਨਉ ਬਾਬਾ ਰੇ॥ {ਅੰਗ ੮੭੦}

ਇਤਨਾ ਸਮਾਂ ਲਗ ਗਿਆ ਯਾਦ ਹੀ ਨਹੀਂ ਰਿਹਾ, ਕਿਹੜਾ ਬੀਜ ਬੀਜਿਆ

ਸੀ, ਕੀ ਕੀਤਾ ਸੀ। ਇਹ ਜੈਸਾ ਲਿਖਿਆ ਹੋਇਆ ਹੈ। ਇਹ ਜੀਵ ਇਸਤ੍ਰੀ, ਉਹਨਾਂ ਕਰਮਾਂ ਤੋਂ ਪ੍ਰੇਰਿਤ ਹੋ ਕੇ ਬਾਰ ਬਾਰ ਫਿਰ ਉਹੀ ਕਰਮ ਕਰਦੀ ਹੈ।

ਲੇਖੁ ਨ ਮਿਟਈ ਪੁਰਬਿ ਕਮਾਇਆ
ਕਿਆ ਜਾਣਾ ਕਿਆ ਹੋਸੀ॥

ਪੂਰਬਲਾ ਕੀਤਾ ਹੋਇਆ। ਹੁਣ ਤੋਂ ਪਹਿਲੇ ਜਿਹੜਾ ਕੀਤਾ ਹੋਇਆ ਹੈ, ਇਹ ਨਹੀਂ ਮਿਟੇਗਾ। ਉਹਨਾਂ ਕਰਮਾਂ ਦਾ ਫਲ ਪ੍ਰਭੂ ਕੀ ਦੇਵੇਗਾ, ਇਹ ਮੈਂ ਕੀ ਜਾਣਾ। ਦੁੱਖ ਇਕ ਫਲ ਹੈ, ਸੁਖ ਇਕ ਫਲ ਹੈ। ਸਮਝ ਲੈਣਾ ਇਹ ਫਲ ਜੋ ਮੈਨੂੰ ਮਿਲਿਆ ਹੈ ਤੇ ਮੈਂ ਜ਼ਰੂਰ ਕੋਈ ਬੀਜ ਬੋਇਆ ਹੈ।

ਗੁਣੀ ਅਚਾਰਿ ਨਹੀ ਰੰਗਿ ਰਾਤੀ
ਅਵਗੁਣ ਬਹਿ ਬਹਿ ਰੋਸੀ॥

ਕੋਈ ਗੁਣ ਨਹੀਂ, ਕੋਈ ਸ਼ੀਲ ਨਹੀਂ, ਕੋਈ ਸੰਜਮ ਨਹੀਂ, ਕੋਈ ਆਚਾਰ ਨਹੀਂ, ਆਚਰਣ ਨਹੀਂ। ਔਗੁਣ ਹੀ ਔਗੁਣ ਨੇ। ਇਸ ਤਰ੍ਹਾਂ ਦੇ ਕਰਮ ਕੀਤੇ ਨੇ। ਇਹ ਤੇ ਬਹਿ ਬਹਿ ਕੇ ਰੋਵੇਗੀ। ਰੋਣਾ ਪਿੱਟਣਾ ਹੀ ਇਸ ਦੇ ਪੱਲੇ ਹੋਵੇਗਾ। ਇਸ ਤੋਂ ਇਲਾਵਾ ਹੋਰ ਕੀ ਹੋਵੇਗਾ।

ਧਨੁ ਜੋਬਨੁ ਆਕ ਕੀ ਛਾਇਆ
ਬਿਰਧਿ ਭਏ ਦਿਨ ਪੁੰਨਿਆ॥

ਜੀਵ ਇਸਤ੍ਰੀ ਦੇ ਬਹੁਤੇ ਪਾਪ, ਅਸ਼ੁਭ ਕਰਮ, ਧਨ ਕਰਕੇ ਹੁੰਦੇ ਨੇ, ਰੂਪ ਕਰਕੇ ਹੁੰਦੇ ਨੇ। ਇਸਤ੍ਰੀ ਲਈ ਰੂਪ ਪੁਰਸ਼ ਹੈ। ਪੁਰਸ਼ ਲਈ ਰੂਪ ਇਸਤ੍ਰੀ ਹੈ। ਯਾ ਇੰਝ ਕਹਿ ਲਉ ਬਹੁਤੇ ਪਾਪ ਲੋਭ ਕਰਕੇ ਹੁੰਦੇ ਨੇ ਯਾ ਕਾਮ ਕਰਕੇ ਪਾਪ ਹੁੰਦੇ ਨੇ। ਮਹਾਰਾਜ ਇੱਥੇ ਕਹਿ ਰਹੇ ਨੇ, ਇਹ ਧਨ ਤੇ ਜੋਬਨ ਦਾ ਰਸ ਤੇ ਸੁਖ ਇਹ ਅੱਕ ਦੀ ਛਾਇਆ ਹੈ। ਭਾਵੇਂ ਬਹੁਤ ਵੱਡੇ ਦਰਖ਼ਤ ਦੀ ਛਾਇਆ ਵੀ ਨਹੀਂ। ਬਹੁਤ ਵੱਡੇ ਦਰਖ਼ਤ ਦੀ ਛਾਂ ਵੀ ਨਹੀਂ ਰਹਿੰਦੀ, ਬਦਲ ਜਾਂਦੀ ਹੈ। ਰਾਤ ਨੂੰ ਨਹੀਂ ਰਹਿੰਦੀ। ਇਹ ਅੱਕ ਦਾ ਬੂਟਾ ਛੋਟਾ ਜਿਹਾ ਹੁੰਦਾ ਹੈ। ਦੋ ਤਿੰਨ ਫ਼ੁੱਟ ਜ਼ਮੀਨ ਤੋਂ ਉੱਚਾ ਹੁੰਦਾ ਹੈ। ਇਸ ਦੀ ਕੀ ਛਾਇਆ। ਧਨ ਤੇ ਜੋਬਨ ਦਾ ਕੀ ਸੁਖ, ਐਨ ਅੱਕ ਦੀ ਛਾਇਆ ਵਰਗਾ ਇਹ ਫਲ, ਲੇਕਿਨ ਫਲ ਬੜੇ ਦੁਖਦਾਈ ਨੇ। ਸੁਖ ਬਹੁਤ ਥੋੜਾ, ਇਸਨੂੰ ਮਹਾਰਾਜ ਇਸ ਤਰ੍ਹਾਂ ਵੀ ਬਿਆਨ ਕਰਦੇ ਨੇ:-

ਨਿਮਖ ਕਾਮ ਸੁਆਦ ਕਾਰਣਿ
ਕੋਟਿ ਦਿਨਸ ਦੁਖੁ ਪਾਵਹਿ॥ (ਅੰਗ ੪੦੩)

ਕਰੋੜਾਂ ਦਿਨ ਦੁੱਖ ਪਾਉਂਦਾ ਹੈ, ਇਕ ਨਿਮਖ ਜਿਹੇ ਰਸ ਦੀ ਖ਼ਾਤਰ। ਇਕ ਨਿਮਖ, ਇਕ ਛਿਨ। ਅਗਰ ਸੀਮਾ ਤੋਂ ਵਧਿਆ ਹੋਇਆ ਕਾਮ ਹੈ, ਪੁਰਸ਼ ਹੈ ਤੇ ਬਲਾਤਕਾਰ ਕਰੇਗਾ, ਇਸਤ੍ਰੀ ਹੈ ਤੇ ਗਨਿਕਾ ਬਣੇਗੀ। ਸੀਮਾ ਤੋਂ ਵਧਿਆ ਹੋਇਆ ਲੋਭ ਹੈ, ਤੇ ਬੇਈਮਾਨੀ ਕਰੇਗਾ, ਛਲ ਕਪਟ ਕਰੇਗਾ। ਰਸ ਇਹਨਾਂ ਦੋਹਾਂ ਦਾ ਨਿਮਖ ਮਾਤਰ ਹੈ। ਮਹਾਰਾਜ ਕਹਿੰਦੇ ਨੇ ਦੁੱਖ ਕਰੋੜਾਂ ਦਿਨਾਂ ਦਾ, ਦੁੱਖ ਬੜੇ ਲੰਬੇ ਨੇ।

ਨਾਨਕ ਨਾਮ ਬਿਨਾ ਦੋਹਾਗਣਿ ਛੂਟੀ ਝੂਠਿ ਵਿਛੁੰਨਿਆ॥੧॥

ਨਾਮ ਤੋਂ ਬਿਨਾ ਇਹ ਦੁਹਾਗਣ ਹੈ। ਛੁਟੜ ਹੈ, ਝੂਠੀ ਦੁਨੀਆਂ ਵਿਚ ਲੀਨ ਹੋ ਕੇ ਦੀਨ ਨੂੰ ਭੁਲਾ ਦਿੱਤਾ।

ਬੂਡੀ ਘਰੁ ਘਾਲਿਓ ਗੁਰ ਕੈ ਭਾਇ ਚਲੋ॥

ਇਹ ਲੋਭ ਕਰਕੇ ਪਦਾਰਥਾਂ ਵਿਚ ਡੁੱਬੀ ਹੋਈ, ਰੂਪ ਕਰਕੇ ਵਾਸ਼ਨਾ ਵਿਚ ਡੁੱਬੀ ਹੋਈ ਨੇ ਆਪਣਾ ਘਰ ਹੀ ਜਲਾ ਲਿਆ। ਆਪਣਾ ਘਰ ਹੀ ਨਾਸ ਕਰ ਲਿਆ, ਤੈਨੂੰ ਤੇ ਗੁਰੂ ਦੇ ਭਾਣੇ ਵਿਚ ਚਲਣਾ ਚਾਹੀਦਾ ਹੈ।

ਸਾਚਾ ਨਾਮੁ ਧਿਆਇ ਪਾਵਹਿ ਸੁਖਿ ਮਹਲੋ॥

ਜੇ ਤੂੰ ਕਿਧਰੇ ਸੱਚਾ ਨਾਮ ਜਪੇਂ ਤਾਂ ਤੈਨੂੰ ਸੁਖ ਮਿਲ ਜਾਏ। ਭਾਵੇਂ ਮਨੁਖ ਕੁਛ ਵੀ ਕਰ ਰਿਹਾ ਹੈ, ਭਾਵੇਂ ਦੁੱਖ ਵੀ ਪਾ ਰਿਹਾ ਹੈ ਪਰ:-

ਅਜਹੂ ਸਮਝਿ ਕਛੁ ਬਿਗਰਿਓ ਨਾਹਿਨਿ
ਭਜਿ ਲੇ ਨਾਮੁ ਮੁਰਾਰਿ॥ {ਅੰਗ ੬੩੩}

ਅਜੇ ਵੀ ਕੁਛ ਬਿਗੜਿਆ ਨਹੀਂ, ਤੂੰ ਹੁਣ ਤੋਂ ਵੀ ਜਪਣਾ ਸ਼ੁਰੂ ਕਰ ਦੇ। ਜੇ ਪਿਛਲਾ ਕੀਤਾ ਨਾਸ ਨਹੀਂ ਹੁੰਦਾ ਤੇ ਅੱਜ ਦਾ ਕੀਤਾ ਹੋਇਆ ਵੀ ਨਾਸ ਨਹੀਂ ਹੋਵੇਗਾ।

ਇਕ ਤਿਲੁ ਨਹੀ ਭੰਨੈ ਘਾਲੇ॥ {ਅੰਗ ੭੮੪}

ਤੂੰ ਹੁਣ ਤੋਂ ਸ਼ੁਰੂ ਕਰ ਤੈਨੂੰ ਸੁਖਾਂ ਦੀ ਪ੍ਰਾਪਤੀ ਹੋ ਜਾਵੇਗੀ। ਸੁਖ ਦਾ ਮਹਿਲ ਮਿਲ ਜਾਵੇਗਾ, ਫਿਰ ਤੇਰਾ ਵਸੇਬਾ ਸੁਖ ਦਾ ਹੋ ਜਾਵੇਗਾ।

ਹਰਿ ਨਾਮੁ ਧਿਆਏ ਤਾ ਸੁਖੁ ਪਾਏ ਪੇਈਅੜੈ ਦਿਨ ਚਾਰੇ॥

ਹਰੀ ਦਾ ਨਾਮ ਜਪੇਂ ਤਾਂ ਤੈਨੂੰ ਉਸ ਮਹਿਲ ਵਿਚ ਸਦੀਵੀ ਰਹਿਣਾ ਨਸੀਬ ਹੋਵੇ। ਇਹ ਸੰਸਾਰ ਦਾ ਜੀਵਨ ਤੇ ਪੇਕੇ ਦਾ ਜੀਵਨ ਹੈ, ਚਾਰ ਦਿਨ ਦਾ ਜੀਵਨ ਹੈ। ਆਖ਼ਿਰ ਤੈਨੂੰ ਜਾਣਾ ਪਵੇਗਾ, ਰੁਖ਼ਸਤ ਹੋਣਾ ਪਵੇਗਾ।

ਨਿਜ ਘਰਿ ਜਾਇ ਬਹੈ ਸਚੁ ਪਾਏ ਅਨਦਿਨੁ ਨਾਲਿ ਪਿਆਰੇ॥

ਫਿਰ ਤੈਨੂੰ ਨਿਜ ਘਰ, ਜੋ ਤੇਰਾ ਟਿਕਾਣਾ ਹੈ, ਜੋ ਤੇਰਾ ਘਰ ਹੈ, ਉਸ ਦਾ ਵਸੇਬਾ ਨਸੀਬ ਹੋ ਜਾਏਗਾ। ਪਰਮ ਸੁਖ ਤੇਰੀ ਝੋਲੀ ਵਿਚ ਪੈ ਜਾਏਗਾ, ਅਨੰਦ ਤੇ ਰਸ ਵਿਚ ਤੂੰ ਮਗਨ ਹੋ ਕੇ ਰਹੇਂਗੀ।

ਵਿਣੁ ਭਗਤੀ ਘਰਿ ਵਾਸੁ ਨ ਹੋਵੀ ਸੁਣਿਅਹੁ ਲੋਕ ਸਬਾਏ॥

ਇਸਤ੍ਰੀ ਕੋਲ ਸਰੀਰ ਇਸਤ੍ਰੀ ਦਾ ਹੈ, ਭਾਵਨਾ ਕੋਈ ਨਹੀਂ, ਸ਼ਰਧਾ ਕੋਈ ਨਹੀਂ, ਤੇ ਸਮਝੋ ਕਿੰਨਰ ਹੈ। ਇਸ ਨੂੰ ਇਸ ਦੇ ਘਰ ਵਿਚ ਵਾਸਾ ਨਹੀਂ ਮਿਲੇਗਾ। ਇਹ ਮਾਨਸਿਕ ਤਲ ਤੇ ਪੂਰੀ ਇਸਤ੍ਰੀ ਨਹੀਂ ਹੈ। ਐਸਾ ਪੁਰਸ਼ ਦੇ ਅੰਦਰ ਵੀ ਹੋ ਸਕਦਾ ਹੈ। ਕਿਉਂਕਿ ਅਧੂਰਾ ਸਰੀਰ ਹੈ ਤੇ ਮਾਂਦ (ਕੁਮਲਾਇਆ) ਹੈ, ਨਾਰੀ ਹੈ। ਗਿਆਨ ਅਧੂਰਾ ਹੈ ਤਾਂ ਵੀ ਵਾਸਾ ਨਹੀਂ। ਭਾਵਨਾ ਅਧੂਰੀ ਹੈ ਤੇ ਵੀ

ਵਾਸਾ ਨਹੀਂ। ਮਨੁਖ ਅਧੂਰਾ ਜੰਮਦਾ ਹੈ, ਅਧੂਰਾ ਹੀ ਜਿਉਂਦਾ ਹੈ ਅਤੇ ਅਧੂਰਾ ਹੀ ਮਰ ਜਾਂਦਾ ਹੈ। ਇਹ ਗੱਲ ਵਖਰੀ ਹੈ ਲੋਕੀਂ ਮੋਹਰ ਲਾ ਦਿੰਦੇ ਨੇ, ਪੂਰਾ ਹੋ ਗਿਆ ਹੈ, ਨਹੀਂ। ਵੱਡਾ ਤਾਂ ਹੀ ਹੋਵੇਗਾ ਜੇਕਰ ਅੰਦਰ ਭਗਤੀ ਹੈ। ਅੰਦਰ ਭਗਤੀ ਨਹੀਂ ਹੈ ਤੇ ਇਸ ਦਾ ਘਰ ਅੰਦਰ ਵਾਸਾ ਨਹੀਂ ਹੋ ਸਕਦਾ। ਨਿਜ ਘਰ ਦੀ ਪ੍ਰਾਪਤੀ ਨਹੀਂ ਹੋ ਸਕਦੀ। ਨਿਹਚਲ ਘਰ ਨਹੀਂ ਮਿਲ ਸਕਦਾ।

ਨਾਨਕ ਸਰਸੀ ਤਾ ਪਿਰੁ ਪਾਏ ਰਾਤੀ ਸਾਚੈ ਨਾਏ॥੨॥

ਜੇ ਜਪ ਕਰਦਿਆਂ ੨ ਸੱਚ ਦੇ ਵਿਚ ਜੁੜ ਜਾਏ, ਤਾਂ ਹੀ ਇਸ ਨੂੰ ਸੱਚ ਦੀ ਪ੍ਰਾਪਤੀ ਹੋ ਸਕਦੀ ਹੈ।

ਪਿਰ ਧਨ ਭਾਵੈ ਤਾ ਪਿਰ ਭਾਵੈ ਨਾਰੀ ਜੀਉ॥

ਜੇ ਇਸਦੇ ਅੰਦਰ ਭਾਵਨਾ ਜਾਗ ਪਵੇ ਤੇ ਪਤੀ ਇਸਨੂੰ ਚੰਗਾ ਲਗੇ ਤਾਂ ਫਿਰ ਇਹ ਪਤੀ ਨੂੰ ਭਾ ਜਾਂਦੀ ਹੈ। ਇਸ ਤਰ੍ਹਾਂ ਦੋਵੇਂ ਪਾਸੇ ਇਸ ਦਾ ਜ਼ਿਕਰ ਕੀਤਾ ਹੈ। ਜੇ ਇਸ ਦੇ ਅੰਦਰ ਭਾਵਨਾ ਹੈ, ਪਤੀ ਇਸ ਨੂੰ ਚੰਗਾ ਲਗਣ ਲਗ ਪਿਆ ਹੈ, ਫਿਰ ਇਹ ਪਰਮਾਤਮਾ ਨੂੰ ਚੰਗੀ ਲਗਣ ਲਗ ਪੈਂਦੀ ਹੈ। ਇਸ ਤਰ੍ਹਾਂ ਸੁਭਾਵਿਕ ਮੇਲ ਹੋ ਜਾਂਦਾ ਹੈ।

ਰੰਗਿ ਪ੍ਰੀਤਮ ਰਾਤੀ ਗੁਰ ਕੈ ਸਬਦਿ ਵੀਚਾਰੀ ਜੀਉ॥

ਗੁਰੂ ਦੇ ਸ਼ਬਦ ਦੀ ਵਿਚਾਰ ਕਰਦਿਆਂ ੨ ਇਸ ਤਰ੍ਹਾਂ ਫਿਰ ਪ੍ਰੀਤਮ ਦਾ ਰੰਗ ਚੜ੍ਹ ਜਾਂਦਾ ਹੈ, ਪਰਮਾਤਮਾ ਦਾ ਰੰਗ ਚੜ੍ਹ ਜਾਂਦਾ ਹੈ, ਫਿਰ ਜੀਵਨਾ ਉਸੇ ਰੰਗ ਵਿਚ ਹੁੰਦਾ ਹੈ।

ਗੁਰ ਸਬਦਿ ਵੀਚਾਰੀ ਨਾਹ ਪਿਆਰੀ ਨਿਵਿ ਨਿਵਿ ਭਗਤਿ ਕਰੇਈ॥

ਗੁਰ ਸ਼ਬਦ ਦੀ ਵਿਚਾਰ ਦੁਆਰਾ ਨਿਰਮਾਣਤਾ ਨੂੰ ਧਾਰਨ ਕਰਕੇ, ਪ੍ਰੇਮਾ ਭਗਤੀ ਵਿਚ ਲੀਨ ਹੋ ਕੇ ਇਹ ਜੀਵ ਇਸਤ੍ਰੀ ਫਿਰ ਆਪਣਾ ਜੀਵਨ ਬਤੀਤ ਕਰਦੀ ਹੈ।

ਮਾਇਆ ਮੋਹੁ ਜਲਾਏ ਪ੍ਰੀਤਮੁ ਰਸ ਮਹਿ ਰੰਗੁ ਕਰੇਈ॥

ਇਸੇ ਨਾਮ ਦੀ ਅਗਨ ਦੇ ਨਾਲ ਉਹ ਮਾਇਆ ਦੇ ਮੋਹ ਨੂੰ ਜਲਾ ਲੈਂਦੀ ਹੈ ਅਤੇ ਪਰਮਾਤਮਾ ਦੇ ਰੰਗ ਇਚ ਆਪਣਾ ਜੀਵਨ ਬਤੀਤ ਕਰਦੀ ਹੈ।

ਪ੍ਰਭ ਸਾਚੇ ਸੇਤੀ ਰੰਗਿ ਰੰਗੇਤੀ ਲਾਲ ਭਈ ਮਨੁ ਮਾਰੀ॥

ਪ੍ਰੇਮ ਦੇ ਰੰਗ ਵਿਚ ਰੰਗੀ ਹੋਈ, ਲਾਲੀ ਚੜ੍ਹੀ ਹੋਈ ਹੈ। ਇਸ ਨੂੰ ਪਰਮਾਤਮਾ ਭਾ ਜਾਂਦਾ ਹੈ, ਪਰਮਾਤਮਾ ਨੂੰ ਇਹ ਭਾ ਜਾਂਦੀ ਹੈ। ਪਰਮਾਤਮਾ ਇਸ ਨੂੰ ਪਸੰਦ ਕਰ ਲੈਂਦਾ ਹੈ। ਪਰਮਾਤਮਾ ਦੇ ਟਿਕਾਣੇ ਵਿਚ ਇਸ ਨੂੰ ਥਾਂ ਮਿਲ ਜਾਂਦੀ ਹੈ।

ਨਾਨਕ ਸਚਿ ਵਸੀ ਸੋਹਾਗਣਿ ਪਿਰ ਸਿਉ ਪ੍ਰੀਤਿ ਪਿਆਰੀ॥੩॥

ਪਰਮਾਤਮਾ ਦੇ ਨਾਲ ਇਸ ਦਾ ਪਿਆਰ, ਇਸ ਢੰਗ ਨਾਲ ਜੁੜ ਗਿਆ ਹੈ। ਉਹ ਪਰਮਾਤਮਾ ਦੇ ਘਰ ਜਾ ਵਸਦੀ ਹੈ, ਉਸਨੂੰ ਪਿਆਰੀ ਲਗਦੀ ਹੈ।

ਪਿਰ ਘਰਿ ਸੋਹੈ ਨਾਰਿ ਜੇ ਪਿਰ ਭਾਵਏ ਜੀਉ॥

ਇਸ ਤਰ੍ਹਾਂ ਦੀ ਨਾਰੀ ਪਤੀ ਨੂੰ ਭਾ ਜਾਂਦੀ ਹੈ, ਘਰ ਵਿਚ ਵਸੇਬਾ ਹੋ ਜਾਂਦਾ ਹੈ। ਜਿੰਨੀ ਦੇਰ ਤਕ ਮਨੁਖ ਦਾ ਮਨ ਨਹੀਂ ਟਿਕਦਾ, ਵਸੇਬਾ ਨਹੀਂ ਹੁੰਦਾ। ਅਜੇ ਟਿਕਾਣਾ ਨਹੀਂ। ਪਰਮਾਤਮਾ ਦਾ ਪਿਆਰ ਜਿਸ ਅੰਦਰ ਜਾਗ ਪੈਂਦਾ ਹੈ, ਉਸ ਦਾ ਨਿਜ ਘਰ ਵਿਚ ਵਸੇਬਾ ਹੋ ਜਾਂਦਾ ਹੈ। ਆਪਣੇ ਘਰ ਦਾ ਉਸ ਨੂੰ ਟਿਕਾਣਾ ਮਿਲ ਜਾਂਦਾ ਹੈ।

ਝੂਠੇ ਵੈਣ ਚਵੇ ਕਾਮਿ ਨ ਆਵਏ ਜੀਉ॥

ਗ਼ਲਤ ਬਿਆਨੀ ਕਰੇ, ਝੂਠੇ ਬੋਲ ਬੋਲੇ, ਇਹ ਕਿਸੇ ਕੰਮ ਨਹੀਂ ਆਉਂਦੇ ਅਤੇ ਇਸਦੇ ਨਾਲ ਘਰ ਦੇ ਵਿਚ ਵਸੇਬਾ ਵੀ ਨਹੀਂ ਹੁੰਦਾ। ਇਕ ਛੋਟਾ ਜਿਹਾ ਖ਼ਿਆਲ ਦੇ ਦਿਆਂ। ਪੁਰਸ਼ ਦੇ ਅੰਦਰ ਕਰੋਧ ਕਰਨ ਦਾ ਸੁਭਾਉ ਬੜਾ ਪ੍ਰਬਲ ਹੁੰਦਾ ਹੈ। ਇਹ ਝੂਠ ਸ਼ਬਦ ਸਤਿਗੁਰੂ ਜੀ ਨੇ ਇੱਥੇ ਵਰਤਿਆ ਹੈ। ਝੂਠ ਬੋਲਣ ਦਾ ਸੁਭਾਉ ਵੀ ਨਾਰੀ ਦੇ ਅੰਦਰ ਬੜਾ ਪ੍ਰਬਲ ਹੁੰਦਾ ਹੈ। ਮੈਂ ਇਕ ਗ੍ਰਹਿਸਤੀ ਹਾਂ ਅਤੇ ਜ਼ਿਆਦਾ ਕੁਝ ਬਿਆਨ ਨਾ ਕਰਾਂ। ਇਹ ਸੁਭਾਵਿਕ ਕੰਮਜ਼ੋਰੀਆਂ ਹੁੰਦੀਆਂ ਨੇ। ਨਿੱਕੀ ੨ ਗੱਲ ਤੇ ਕਰੋਧ ਕਰੀ ਜਾਣਾ ਪੁਰਸ਼ ਦਾ ਸੁਭਾਉ ਹੈ। ਛੋਟੀ ੨ ਗੱਲ ਤੇ ਝੂਠ ਬੋਲੀ ਜਾਣਾ, ਇਹ ਇਸਤ੍ਰੀ ਦਾ ਸੁਭਾਉ ਹੈ। ਐਸਾ ਦੇਖਣ ਵਿਚ ਆਇਆ ਹੈ। ਮਨੋਚਿੰਤਕ ਇਸ ਤਰ੍ਹਾਂ ਕਹਿੰਦੇ ਨੇ। ਤਲਾਕ ਆਦਿ ਦੇ ਲੱਖਾਂ ਕੇਸ ਅਦਾਲਤਾਂ ਵਿਚ ਚਲਦੇ ਨੇ। ਮਨੋਚਿੰਤਕ ਐਸਾ ਕਹਿ ਰਹੇ ਨੇ ਕਿ 90% ਜੋ ਨਾਰੀਆਂ ਬਿਆਨ ਦੇ ਰਹੀਆਂ ਨੇ, ਝੂਠ ਹੈ। ਜੋ ਇਲਜ਼ਾਮ ਲਾ ਰਹੀਆਂ ਹਨ, ਝੂਠਾ ਹੈ। ਅਜ ਕਲ ਦਿੱਲੀ ਵਿਚ ਇਕ ਸੰਸਥਾ ਬਣੀ ਹੈ ਕਿ ਸਾਨੂੰ ਪਤਨੀਆਂ ਤੋਂ ਬਚਾਇਆ ਜਾਏ। ਐਨੇ ਝੂਠੇ ਇਲਜ਼ਾਮ। ਕਾਨੂੰਨ ਮਦਦ ਕਰਦਾ ਹੈ ਕਿ ਇਹ ਦਹੇਜ਼ ਮੰਗਦੇ ਨੇ, ਕਾਰ ਮੰਗਦੇ ਨੇ, ਮੋਟਰਸਾਈਕਲ ਮੰਗਦੇ ਨੇ। ਜਿਹੜੇ ਮੰਗਦੇ ਨੇ ਉਹ ਤੇ ਦੁਸ਼ਟ ਨੇ। ਜਿੰਨ੍ਹਾਂ ਨੇ ਮੰਗਿਆਂ ਵੀ ਕੋਈ ਨਹੀਂ ਤੇ ਇਲਜ਼ਾਮ ਲਾ ਰਹੀ ਹੈ, ਇਹ ਤੇ ਝੂਠ ਹੈ। ਇਸ ਵਿਚ ਨਿਰਾ ਪੁਰਸ਼ ਦੋਸ਼ੀ ਨਹੀਂ ਹੈ। ਬੇਸ਼ੁਮਾਰ ਥਾਵਾਂ ਤੇ ਇਸਤ੍ਰੀ ਦੋਸ਼ੀ ਹੈ। ਘਰ ਬਿਗੜਿਆ ਹੋਵੇਗਾ ਪੁਰਸ਼ ਦੇ ਕਰੋਧ ਕਰਕੇ। ਘਰ ਬਿਗੜਿਆ ਹੋਵੇਗਾ ਇਸਤ੍ਰੀ ਦੇ ਝੂਠ ਕਰਕੇ, ਗ਼ਲਤ ਬਿਆਨੀ ਕਰਕੇ। ਮਹਾਰਾਜ ਕਹਿੰਦੇ ਨੇ ਇਹ ਝੂਠੇ ਵੈਣ ਪਤੀ ਦੇ ਘਰ ਵਿਚ ਨਹੀਂ ਚਲਦੇ, ਪਰਮਾਤਮਾ ਦੇ ਦਰ ਤੇ ਨਹੀਂ ਚਲਦੇ।

ਝੂਠੁ ਅਲਾਵੈ ਕਾਮਿ ਨ ਆਵੈ ਨਾ ਪਿਰੁ ਦੇਖੈ ਨੈਣੀ॥

ਜੋ ਇਸ ਤਰ੍ਹਾਂ ਝੂਠ ਬੋਲਦੀ ਹੈ ਅਤੇ ਝੂਠ ਵਿਚ ਆਪਣਾ ਜੀਵਨ ਬਤੀਤ ਕਰਦੀ ਹੈ, ਪਰਮਾਤਮਾ ਉਸ ਦੀ ਤਰਫ਼ ਦੇਖਦਾ ਹੀ ਨਹੀਂ, ਪਤੀ ਉਸ ਦੀ ਤਰਫ਼ ਦੇਖਦਾ ਹੀ ਨਹੀਂ

ਅਵਗੁਣਿਆਰੀ ਕੰਤਿ ਵਿਸਾਰੀ ਛੂਟੀ ਵਿਧਣ ਰੈਣੀ॥

ਇਹ ਔਗੁਣਾਂ ਨਾਲ ਭਰੀ ਹੋਈ, ਝੂਠ ਬੋਲਣ ਵਾਲੀ, ਗ਼ਲਤ ਬਿਆਨੀ ਕਰਨ ਵਾਲੀ, ਦੁੱਖੀ ਹੁੰਦੀ ਹੈ, ਕੁੜ੍ਹਦੀ ਰਹਿੰਦੀ ਹੈ। ਇਸ ਨੂੰ ਘਰ ਦੇ ਵਿਚ ਵਸੇਬਾ ਨਹੀਂ ਮਿਲਦਾ।

ਗੁਰ ਸਬਦੁ ਨ ਮਾਨੈ ਫਾਹੀ ਫਾਥੀ ਸਾ ਧਨ ਮਹਲੁ ਨ ਪਾਏ॥

ਗੁਰ ਸ਼ਬਦ ਦੀ ਸਾਰ ਤੇ ਜਾਣਦੀ ਨਹੀਂ, ਉਸ ਮੁਤਾਬਿਕ ਜੀਵਨ ਬਤੀਤ ਨਹੀਂ ਕਰਦੀ। ਇਸਨੂੰ ਫਿਰ ਪਤੀ ਦਾ ਮਹਿਲ ਨਸੀਬ ਨਹੀਂ ਹੁੰਦਾ। ਟਿਕਾਣਾ

ਨਸੀਬ ਨਹੀਂ ਹੁੰਦਾ। ਇਹ ਗੁਰ ਸ਼ਬਦ ਦੀ ਵਿਚਾਰ ਅਤੇ ਗੁਰੂ ਦਾ ਸ਼ਬਦ ਨਹੀਂ ਬੋਲਦੀ, ਬਲਕਿ ਝੂਠੇ ਵੈਣ, ਗ਼ਲਤ ਬਿਆਨੀ ਕਰਦੀ ਹੈ। ਕਹਿੰਦੇ ਨੇ ਕਈ ਦਫ਼ਾ ਐਸਾ ਵੀ ਹੁੰਦਾ ਹੈ ਕਿ ਪੁਰਸ਼ ਦਾ ਸੱਚ ਵੀ ਨਹੀਂ ਚਲਦਾ। ਇਸਤ੍ਰੀ ਦਾ ਝੂਠ ਚਲ ਜਾਂਦਾ ਹੈ। ਇਸ ਵਾਸਤੇ ਮਹਾਰਾਜ ਨੇ ਇਸ ਦਾ ਸੁਭਾਵਿਕ ਜ਼ਿਕਰ ਕੀਤਾ ਹੈ। ਸਾਰਾ ਸ਼ਬਦ ਇਸਤ੍ਰੀ ਸੁਭਾਉ ਵਿਚ ਬੋਲਿਆ ਜਾ ਰਿਹਾ ਹੈ। ਇਸਤ੍ਰੀ ਦਾ ਮੂਲ ਔਗੁਣ ਬਿਆਨ ਕੀਤਾ ਹੈ, ਝੂਠ ਬੋਲਣਾ, ਗ਼ਲਤ ਬਿਆਨੀ ਕਰੀ ਜਾਣੀ। ਇਸਦੇ ਨਾਲ ਕਿਉਂਕਿ ਭਾਵੁਕਤਾ ਜ਼ਿਆਦਾ ਹੁੰਦੀ ਹੈ। ਪੁਰਸ਼ ਵਿਚ ਕਰੋਧ ਜ਼ਿਆਦਾ ਹੁੰਦਾ ਹੈ। ਉਹ ਕਰੋਧ ਕਰਕੇ ਹਿੰਸਾ ਤੇ ਉਤਾਰੂ ਹੋ ਜਾਂਦਾ ਹੈ। ਇਸਤ੍ਰੀ ਦੀ ਭਾਵੁਕਤਾ ਉਸ ਨੂੰ ਰੋਣ ਤੇ ਮਜ਼ਬੂਰ ਕਰ ਦਿੰਦੀ ਹੈ। ਰੋਂਦੀ ਹੋਈ ਜੋ ਕੁਛ ਕਹਿੰਦੀ ਹੈ, ਉਸਨੂੰ ਅਗਲਾ ਸੱਚ ਮੰਨ ਲੈਂਦਾ ਹੈ, ਬਈ ਠੀਕ ਹੈ, ਹੁੰਦਾ ਝੂਠ ਹੀ ਹੈ।

ਨਾਨਕ ਆਪੇ ਆਪੁ ਪਛਾਣੈ ਗੁਰਮੁਖਿ ਸਹਿਜ ਸਮਾਣੈ॥੪॥

ਜੇ ਗੁਰਮੁਖ ਬਣ ਕੇ ਆਪਣੇ ਆਪ ਨੂੰ ਪਛਾਣੇ ਤੇ ਫਿਰ ਇਹ ਪਰਮਾਤਮਾ ਨੂੰ ਭਾ ਸਕਦੀ ਹੈ ਅਤੇ ਉਸ ਦੇ ਦਰ ਤੇ ਵਸੇਬਾ ਹੋ ਸਕਦਾ ਹੈ।

ਧਨ ਸੋਹਾਗਣਿ ਨਾਰਿ ਜਿਨਿ ਪਿਰੁ ਜਾਣਿਆ ਜੀਉ॥

ਧੰਨਤਾ ਦੇ ਯੋਗ ਹੈ ਉਹ ਇਸਤ੍ਰੀ ਜਿਸ ਨੇ ਪਰਮਾਤਮਾ ਨੂੰ ਜਾਣ ਲਿਆ ਹੈ। ਜਿਸਨੂੰ ਬ੍ਰਹਮ ਗਿਆਨ ਦੀ ਪ੍ਰਾਪਤੀ ਹੋ ਗਈ ਅਤੇ ਗਿਆਨ ਨੂੰ ਸਮਝ ਲਿਆ ਹੈ। ਜਿਸ ਨੇ ਗਿਆਨ ਨੂੰ ਆਪਣੇ ਅਨੁਭਵ ਦਾ ਹਿੱਸਾ ਬਣਾ ਲਿਆ ਹੈ, ਉਹ ਮਹਾਨ ਨਾਰੀ ਹੈ।

ਭਗਤੀ ਨੂੰ ਗਿਆਨ ਮਿਲਦਾ ਹੈ, ਇਹੋ ਵਿਆਹ ਹੈ।
ਗਿਆਨ ਨੂੰ ਭਗਤੀ ਮਿਲ ਜਾਂਦੀ ਹੈ।
ਅੰਦਰ ਦਾ ਵਿਆਹ ਇਹੋ ਹੈ।

ਇਸੇ ਨੂੰ ਕਬੀਰ ਸਾਹਿਬ ਕਹਿੰਦੇ ਨੇ:-

ਗਾਉ ਗਾਉ ਰੀ ਦੁਲਹਨੀ ਮੰਗਲਚਾਰਾ॥
ਮੇਰੇ ਗ੍ਰਿਹ ਆਏ ਰਾਜਾ ਰਾਮ ਭਤਾਰਾ॥੧॥ਰਹਾਉ॥{ਅੰਗ ੪੮੨}

ਰਾਮ ਦਾ ਅਨੁਭਵ ਪ੍ਰਕਾਸ਼ ਹੋ ਗਿਆ ਹੈ। ਹੇ ਮੇਰੀ ਸਖੀ ਸਹੇਲੀਓ! ਮੰਗਲ ਗੀਤ ਗਾਉ ਛੰਦ ਗਾਉ, ਵਿਆਹ ਹੋ ਰਿਹਾ ਹੈ। ਅਗਰ ਭਗਤੀ ਨਹੀਂ ਹੈ ਤੇ ਗਿਆਨ ਬੇ-ਰਸ ਹੈ ਬਲਕਿ ਸਿਰ ਦਾ ਬੋਝ ਬਣ ਜਾਂਦਾ ਹੈ। ਭਗਤੀ ਹੈ, ਗਿਆਨ ਨਹੀਂ ਹੈ, ਭਟਕਣਾ ਹੀ ਭਟਕਣਾ ਹੋ ਜਾਂਦੀ ਹੈ। ਠੋਕਰਾਂ ਹੀ ਠੋਕਰਾਂ, ਇੱਧਰ ਧੱਕੇ ਖਾਧੇ, ਓਧਰ ਧੱਕੇ ਖਾਧੇ। ਇਹ ਭਟਕਣਾ ਉਦੋਂ ਮਿਟਦੀ ਹੈ, ਜਦ ਗਿਆਨ ਪ੍ਰਾਪਤ ਹੋ ਜਾਂਦਾ ਹੈ। ਸਾਹਿਬ ਜ਼ਿਕਰ ਪਏ ਕਰਦੇ ਨੇ, ਧੰਨਤਾ ਦੇ ਯੋਗ ਹੈ, ਪੂਜਣ ਯੋਗ ਹੈ ਉਹ ਨਾਰੀ, ਜਿਸਨੂੰ ਪਰਮਾਤਮਾ ਦਾ ਪਿਆਰ ਹਾਸਲ ਹੋ ਗਿਆ ਹੈ।

ਨਾਮ ਬਿਨਾ ਕੂੜਿਆਰਿ ਕੂੜੁ ਕਮਾਣਿਆ ਜੀਉ॥

ਨਾਮ ਤੋਂ ਬਿਨਾਂ ਸਭ ਝੂਠ ਹੈ, ਸਭ ਕੁਛ ਕਰਨਾ, ਸਾਰੀ ਕਮਾਈ, ਸਾਰੇ ਕਰਮ ਝੂਠੇ ਹੀ ਨੇ।

ਹਰਿ ਭਗਤਿ ਸੁਹਾਵੀ ਸਾਚੇ ਭਾਵੀ ਭਾਇ ਭਗਤਿ ਪ੍ਰਭ ਰਾਤੀ॥

ਪਰ ਜਿਹੜੀ ਗੁਰਮੁਖ ਜੀਵ ਇਸਤ੍ਰੀ ਹੈ, ਭਾਵਨਾ ਵਿਚ ਲੀਨ ਹੈ। ਭਗਤੀ ਕਰ ਰਹੀ ਹੈ ਅਤੇ ਭਗਤੀ ਵਿਚ ਰਤੀ ਹੋਈ ਹੈ, ਇਹ ਪਰਮਾਤਮਾ ਦੇ ਦਰ ਦੀ ਸ਼ੋਭਾ ਬਣਦੀ ਹੈ।

ਪਿਰੁ ਰਲੀਆਲਾ ਜੋਬਨਿ ਬਾਲਾ ਤਿਸੁ ਰਾਵੇ ਰੰਗਿ ਰਾਤੀ॥

ਉਹ ਪਰਿਪੂਰਨ ਪਰਮਾਤਮਾ, (ਇੱਥੇ ਜੋਬਨਿ ਸ਼ਬਦ ਵਰਤਿਆ ਹੈ) ਜੋ ਕਦੇ ਬਿਰਧ ਨਹੀਂ ਹੁੰਦਾ, ਸਦਾ ਨਵਤਨ ਹੈ।

ਸਾਹਿਬੁ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ॥੧॥ਰਹਾਉ॥ {ਅੰਗ ੬੬੦}

ਜਿਸਦਾ ਰਸ ਨਿਤ ਨਵਾਂ ਹੈ, ਜਿਸਦਾ ਗਿਆਨ ਨਿਤ ਨਵਾਂ ਹੈ। ਜਿਸਦਾ ਅਨੁਭਵ ਨਿਤ ਨਵਾਂ ਹੈ। ਜਿਸਦੇ ਗੁਣ ਨਿਤ ਨਵੇਂ ਹਨ। ਇਸ ਤਰ੍ਹਾਂ ਦਾ ਪਰਿਪੂਰਨ ਪਰਮਾਤਮਾ ਜਦ ਪ੍ਰਾਪਤ ਹੁੰਦਾ ਹੈ, ਨਿਤ ਨਵਾਂ ਰਸ, ਨਿਤ ਨਵੇਂ ਗੁਣ, ਨਿਤ ਨਵਾਂ ਗਿਆਨ, ਨਿਤ ਨਵੀਂ ਸ਼ਕਤੀ ਪ੍ਰਾਪਤ ਹੁੰਦੀ ਰਹਿੰਦੀ ਹੈ। ਇਸ ਤਰ੍ਹਾਂ ਦਾ ਜੀਵਨ ਸਫਲ ਹੋ ਜਾਂਦਾ ਹੈ।

ਗੁਰ ਸਬਦਿ ਵਿਗਾਸੀ ਸਹੁ ਰਾਵਾਸੀ ਫਲੁ ਪਾਇਆ ਗੁਣਕਾਰੀ॥

ਗੁਣਾਂ ਨੂੰ ਧਾਰਨ ਕਰਕੇ ਸਹੁਰੇ ਘਰ ਦਾ ਵਸੇਬਾ ਨਸੀਬ ਹੋ ਗਿਆ ਔਰ ਜੀਵਨ ਦਾ ਮਕਸਦ ਪ੍ਰਾਪਤ ਹੋ ਗਿਆ।

ਨਾਨਕ ਸਾਚੁ ਮਿਲੈ ਵਡਿਆਈ ਪਿਰ ਘਰਿ ਸੋਹੈ ਨਾਰੀ॥੫॥

ਸੱਚ ਦਾ ਚਿੰਤਨ ਜਿਸ ਨੇ ਵੀ ਕੀਤਾ ਹੈ, ਉਹ ਆਖ਼ਿਰ ਪਿਰ ਦੇ ਘਰ ਦੀ ਸ਼ੋਭਾ ਬਣਦੀ ਹੈ। ਸੁਹਾਵਣੀ ਬਣਦੀ ਹੈ, ਪਰਵਾਨ ਹੋ ਜਾਂਦੀ ਹੈ।

ਮੂਲ ਵਿਚਾਰਧਾਰਾ

ਇਸਤ੍ਰੀ ਦੇ ਅੰਦਰ ਪੁਰਸ਼ ਅਧੂਰਾ ਹੈ, ਪੁਰਸ਼ ਦੇ ਅੰਦਰ ਇਸਤ੍ਰੀ ਅਧੂਰੀ ਹੈ। ਮਨ ਕਰਕੇ ਵੀ ਅਧੂਰੀ ਹੈ। ਪੁਰਸ਼ ਦੇ ਅੰਦਰ ਭਗਤੀ ਅਧੂਰੀ ਹੈ, ਇਸਤ੍ਰੀ ਦੇ ਅੰਦਰ ਵਿਚਾਰ ਤੇ ਗਿਆਨ ਅਧੂਰਾ ਹੈ। ਮਾਨਸਿਕ ਤਲ ਤੇ ਅਧੂਰਾ ਹੈ। ਗਿਆਨ ਵਿਚਾਰ ਹੈ ਹੀ ਨਹੀਂ, ਭਗਤੀ ਹੈ ਹੀ ਨਹੀਂ, ਤੇ ਫਿਰ ਕਿੰਨਰ। ਸਰੀਰਕ ਤੌਰ ਤੇ ਬਾਹਰ ਇਤਨੇ ਕਿੰਨਰ ਨਹੀਂ ਹਨ ਪਰ ਮਾਨਸਿਕ ਤਲ ਤੇ ਬਹੁਤੀ ਦੁਨੀਆਂ ਕਿੰਨਰ ਹੈ। ਇਹੋ ਕਾਰਣ ਹੈ ਕਿ ਇਤਨੀ ਨਾਸਤਿਕਤਾ ਹੈ ਔਰ ਇਤਨੇ ਇਨਕਾਰੀ ਜਜ਼ਬੇ ਪੈਦਾ ਹੋ ਗਏ ਨੇ। ਪ੍ਰਭੂ ਦੀ ਪ੍ਰਾਪਤੀ ਲਈ ਤੇ

ਪੂਰਨ ਗਿਆਨ ਚਾਹੀਦਾ ਸੀ, ਪੂਰਨ ਭਗਤੀ ਚਾਹੀਦੀ ਸੀ। ਅਧੂਰੀ ਵੀ ਨਹੀਂ, ਬਲਕਿ ਹੈ ਹੀ ਨਹੀਂ, ਇਸ ਕਰਕੇ ਇਹ ਇਸਤ੍ਰੀ, ਇਸਤ੍ਰੀ ਜੈਸੀ ਨਹੀਂ ਹੈ। ਇਹ ਪੁਰਸ਼, ਪੁਰਸ਼ ਜੈਸਾ ਨਹੀਂ ਹੈ। ਜਦ ਕਿ ਇਸਦੇ ਅੰਦਰ ਸੁਮੇਲ ਤੇ ਦੋਹਾਂ ਦਾ ਹੈ। ਪੁਰਸ਼ ਤਨ ਦੇ ਅੰਦਰ ਅਧੂਰੀ ਇਸਤ੍ਰੀ ਹੈ ਔਰ ਪੂਰਨ ਪੁਰਸ਼ ਹੈ। ਇਸਤ੍ਰੀ ਦੇ ਅੰਦਰ ਸੰਪੂਰਨ ਇਸਤ੍ਰੀ ਹੈ, ਅਧੂਰਾ ਪੁਰਸ਼ ਹੈ। ਮਾਨਸਿਕ ਮੰਡਲ ਦੇ ਵਿਚ ਵੀ ਐਸਾ ਹੈ। ਪਰ ਮਾਨਸਿਕ ਮੰਡਲ ਦੇ ਵਿਚ ਹੋਵੇ ਹੀ ਨਾ, ਦੋਵੇਂ ਨਾ ਹੋਵਣ, ਨਾ ਗਿਆਨ ਹੋਵੇ, ਨਾ ਭਗਤੀ ਹੋਵੇ ਫਿਰ ਉਸਨੂੰ ਕਹਿੰਦੇ ਨੇ, ਕਿੰਨਰ।

ਹੁਣ ਇਹ ਫ਼ੈਸਲਾ ਹਰ ਮਨੁਖ ਆਪ ਕਰੇ। ਗਿਆਨ ਵੀ ਕੋਈ ਨਹੀਂ ਹੈ, ਭਗਤੀ ਵੀ ਕੋਈ ਨਹੀਂ ਹੈ। ਵਿਚਾਰ ਵੀ ਕੋਈ ਨਹੀਂ ਹੈ ਤੇ ਭਾਵਨਾ ਵੀ ਕੋਈ ਨਹੀਂ। ਸ਼ਰਧਾ ਵੀ ਕੋਈ ਨਹੀਂ। ਫਿਰ ਇਸਤ੍ਰੀ ਵੀ ਕੋਈ ਨਹੀਂ, ਪੁਰਸ਼ ਵੀ ਕੋਈ ਨਹੀਂ। ਹੁਣ ਸਵਾਲ ਪੈਦਾ ਹੁੰਦਾ ਹੈ, ਇਹ ਇਸਤ੍ਰੀ ਵੀ ਨਹੀਂ ਹੈ, ਪੁਰਸ਼ ਵੀ ਨਹੀਂ ਹੈ ਤੇ ਫਿਰ ਕੀ ਹੈ? ਕਿੰਨਰ। ਸਤਿਗੁਰੂ ਬਖਸ਼ਿਸ਼ ਕਰਨ, ਕਥਾ ਕੀਰਤਨ ਸੁਣਨ ਕਰਕੇ ਇਹ ਕਿੰਨਰਪੁਣਾ ਖ਼ਤਮ ਹੋ ਜਾਏ। ਬਾਹਰੋਂ ਕੋਈ ਸਰੀਰਕ ਤਨ ਤੇ ਕਿੰਨਰ ਹੈ ਤੇ ਮਰਦੇ ਦਮ ਤਕ ਕਿੰਨਰ ਰਹਿਣਾ ਪਵੇਗਾ। ਪਰ ਮਾਨਸਿਕ ਤਲ ਤੇ ਅਗਰ ਕੋਈ ਕਿੰਨਰ ਹੈ ਤੇ ਕੀਰਤਨ ਸੁਣ ਕੇ, ਕਥਾ ਸੁਣਕੇ, ਵਾਹਿਗੁਰੂ ਵਾਹਿਗੁਰੂ ਜਪ ਕੇ ਇਸਦੇ ਅੰਦਰ ਇਸਤ੍ਰੀ ਪੁਰਸ਼ ਦੋਵੇਂ ਸੰਪੂਰਨ ਹੋ ਜਾਣਗੇ, ਫਿਰ ਇਸ ਨੂੰ ਕਿਹਾ ਜਾਏਗਾ ਕਿ ਇਹ ਪੂਰਨ ਪੁਰਖ ਹੈ। ਇਸਨੂੰ ਪਰਮਾਤਮਾ ਦੇ ਦਰ ਦੀ ਸ਼ੋਭਾ ਪ੍ਰਾਪਤ ਹੋ ਗਈ। ਇਸ ਨੂੰ ਈਸ਼ਵਰ ਮਿਲ ਗਿਆ।

***

# ਮਨ ਨੂੰ ਰੋਕਣਾ

## ਸਲੋਕੁ ਮਃ ੩

ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ॥ ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ॥ ਇਉ ਗੁਰਮੁਖਿ ਆਪੁ ਨਿਵਾਰੀਐ ਸਭੁ ਰਾਜੁ ਸ੍ਰਿਸਟਿ ਕਾ ਲੇਇ॥ ਨਾਨਕ ਗੁਰਮੁਖਿ ਬੁਝੀਐ ਜਾ ਆਪੇ ਨਦਰਿ ਕਰੇਇ ॥੧॥ ਮਃ ੩॥ ਜਿਨਿ ਗੁਰਮੁਖਿ ਨਾਮੁ ਧਿਆਇਆ ਆਏ ਤੇ ਪਰਵਾਣੁ॥ ਨਾਨਕ ਕੁਲ ਉਧਾਰਹਿ ਆਪਣਾ ਦਰਗਹ ਪਾਵਹਿ ਮਾਣੁ॥੨॥ ਪਉੜੀ॥ ਗੁਰਮੁਖਿ ਸਖੀਆ ਸਿਖ ਗੁਰੂ ਮੇਲਾਈਆ॥ ਇਕਿ ਸੇਵਕ ਗੁਰ ਪਾਸਿ ਇਕਿ ਗੁਰਿ ਕਾਰੈ ਲਾਈਆ॥ ਜਿਨਾ ਗੁਰੁ ਪਿਆਰਾ ਮਨਿ ਚਿਤਿ ਤਿਨਾ ਭਾਉ ਗੁਰੂ ਦੇਵਾਈਆ॥ ਗੁਰ ਸਿਖਾ ਇਕੋ ਪਿਆਰੁ ਗੁਰ ਮਿਤਾ ਪੁਤਾ ਭਾਈਆ॥ ਗੁਰੁ ਸਤਿਗੁਰੁ ਬੋਲਹੁ ਸਭਿ ਗੁਰੁ ਆਖਿ ਗੁਰੂ ਜੀਵਾਈਆ॥੧੪॥

{ਅੰਗ ੬੪੭-੪੮}

ਮਨੁਖ ਦੀ ਸਮਝ ਵਿਚ ਆਦਿ ਕਾਲ ਤੋਂ ਇਕ ਘਟਨਾ, ਇਕ ਕਿਰਿਆ, ਚੇਤੇ ਵਿਚ ਹੈ, ਸਮਝ ਵਿਚ ਹੈ ਕਿ ਜੋ ਵਸਤੂ ਚਲਦੀ ਤੇ ਹੈ ਪਰ ਰੁਕਦੀ ਨਹੀਂ, ਉਸ ਤੋਂ ਪੂਰਨ ਸੁਖ ਨਹੀਂ ਲਿਆ ਜਾ ਸਕਦਾ। ਉਹ ਪੂਰਨ ਤੌਰ ਤੇ ਸੁਖ ਨਹੀਂ ਦੇ ਸਕਦੀ। ਥੋੜੇ ੨ ਮੈਂ ਉਦਾਹਰਣ ਦਿਆਂ। ਸਾਇੰਸ ਦੇ ਯੁਗ ਤੋਂ ਪਹਿਲਾਂ ਮਨੁਖ ਸਭ ਕੁਝ ਆਪਣਾ ਇਸੇ ਪ੍ਰਕਿਰਤੀ ਤੋਂ, ਨੇਚਰ (Nature) ਤੋਂ ਹੀ ਸੰਵਾਰਦਾ ਸੀ, ਕੰਮ ਲੈਂਦਾ ਸੀ। ਸਵਾਰੀ ਵਾਸਤੇ ਇਸ ਨੇ ਘੋੜੇ ਨੂੰ ਜੰਗਲ ਤੋਂ ਪਕੜਿਆ ਹੈ। ਸਾਰੇ ਜੰਗਲੀ ਜਾਨਵਰ ਸਨ। ਜਿਹੜੇ ੨ ਮਨੁਖਾਂ ਨਾਲ ਰਹਿ ਸਕਦੇ ਸਨ ਤੇ ਮਨੁਖ ਉਹਨਾਂ ਕੋਲੋਂ ਕੰਮ ਲੈ ਸਕਦਾ ਸੀ, ਉਹ ਪਸ਼ੂ ਅੱਜ ਵੀ ਮਨੁਖਾਂ ਨਾਲ ਰਹਿ ਰਹੇ ਨੇ। ਜਿਨ੍ਹਾ ਤੋਂ ਮਨੁਖ ਕੰਮ ਲੈ ਹੀ ਨਹੀਂ ਸਕਦਾ ਸੀ, ਉਹਨਾਂ ਪਸ਼ੂਆਂ ਨੂੰ ਮਨੁਖ ਨੇ ਛੋੜ ਦਿੱਤਾ। ਉਹਨਾਂ ਨਾਲ ਸੰਬੰਧ ਨਹੀਂ ਜੋੜਿਆ।

ਕਾਰ-ਆਮਦ (useful) ਨਾਲ, ਜਿਹੜੀ ਚੀਜ਼ ਕੰਮ ਆਵੇ, ਉਸ ਨਾਲ ਹੀ ਉਸ ਦੀ ਕੀਮਤ ਵਧਦੀ ਹੈ। ਇਕ ਆਮ ਲੋਹੇ ਦਾ ਟੁਕੜਾ ਪਿਆ ਹੈ, ਉਸਦੀ ਇਤਨੀ ਕੀਮਤ ਨਹੀਂ। ਪਰ ਉਸ ਲੋਹੇ ਦੇ ਟੁਕੜੇ ਦੀ ਕੋਈ ਮਸ਼ੀਨ ਬਣ ਗਈ ਹੈ, ਸਾਈਕਲ ਬਣ ਗਈ ਹੈ, ਕਾਰ ਬਣ ਗਈ ਹੈ, ਹੁਣ ਇਸਦੀ ਕੀਮਤ ਕਈ ਗੁਣਾਂ ਵਧ ਗਈ ਹੈ, ਹਾਲਾਂ ਕਿਹ ਹੈ ਤੇ ਲੋਹਾ ਹੀ। ਉਹ ਆਮ ਜੋ ਲੋਹੇ ਦਾ ਟੁਕੜਾ ਪਿਆ ਸੀ, ਉਹ ਕਾਰ-ਆਮਦ ਨਹੀਂ ਸੀ। ਵਿਸ਼ੇਸ਼ ਕੰਮ ਵਿਚ ਆਉਣ ਵਾਲਾ ਨਹੀਂ ਸੀ। ਜ਼ਮੀਨ ਦੇ ਵਿਚ ਆਮ ਮਿੱਟੀ ਪਈ ਹੈ। ਉਸਦੀ ਇਤਨੀ ਕੀਮਤ ਨਹੀਂ ਹੈ। ਉਸੇ ਮਿੱਟੀ ਦਾ ਘੜਾ ਬਣ ਗਿਆ ਹੈ, ਸੁਰਾਹੀ ਬਣ ਗਈ ਹੈ, ਹੁਣ ਕੀਮਤ ਵਧ ਗਈ ਹੈ। ਕੀਮਤ ਤਾਂ ਪੈਂਦੀ ਹੈ, ਕਿ ਵਸਤੂ ਕੰਮ ਆ

ਸਕਦੀ ਹੈ ਕਿ ਨਹੀਂ। ਜਿਤਨੀ ਜ਼ਿਆਦਾ ਕੰਮ ਆ ਸਕਦੀ ਹੈ, ਉਤਨੀ ਹੀ ਉਸ ਦੀ ਕੀਮਤ ਬਣ ਜਾਂਦੀ ਹੈ। ਮਨੁਖ ਵੀ ਸੰਸਾਰ ਦੇ ਅੰਦਰ ਉਹੀ ਕੀਮਤ ਰਖਦਾ ਹੈ, ਜੋ ਸੰਸਾਰ ਦੇ ਜ਼ਿਆਦਾ ਕੰਮ ਆ ਸਕਦਾ ਹੋਵੇ। ਇਕ ਆਮ ਮਨੁਖ ਨਾਲੋਂ ਇਕ ਡਾਕਟਰ ਦੀ ਕੀਮਤ ਜ਼ਿਆਦਾ ਹ ਜਾਂਦੀ ਹੈ, ਕਿਉਂਕਿ ਕੰਮ ਆ ਸਕਦਾ ਹੈ। ਇਕ ਆਮ ਮਨੁਖ ਨਾਲੋਂ ਇਕ ਇੰਜਨਿਜਿਨੀਅਰ (Engineer) ਦੀ ਕੀਮਤ ਜ਼ਿਆਦਾ ਹੋ ਜਾਂਦੀ ਹੈ, ਕਿਉਂਕਿ ਸਮਾਜ ਦੇ ਕੰਮ ਆ ਸਕਦਾ ਹੈ। ਇਕ ਆਮ ਮਨੁਖ ਨਾਲੋਂ ਇਕ ਵਕੀਲ (Advocate) ਦੀ ਕੀਮਤ ਜ਼ਿਆਦਾ ਹੋ ਜਾਂਦੀ ਹੈ, ਇਕ ਸਾਇੰਟਿਸਟ (Scientist) ਦੀ ਕੀਮਤ ਜ਼ਿਆਦਾ ਹੋ ਜਾਂਦੀ ਹੈ। ਕਿਉਂ? ਇਹ ਸਮਾਜ ਦੇ ਕੰਮ ਆ ਸਕਦੇ ਨੇ। ਇਕ ਆਰਟਿਸਟ (Artist) ਦੀ ਕੀਮਤ ਜ਼ਿਆਦਾ ਹੋ ਜਾਂਦੀ ਹੈ। ਜੋ ਜਿਤਨਾ ਜ਼ਿਆਦਾ ਕੰਮ ਆ ਸਕਦਾ ਹੈ, ਉਸਦੀ ਉਤਨੀ ਹੀ ਕੀਮਤ ਹੈ। ਜੋ ਬਿਲਕੁਲ ਕੰਮ ਨਹੀਂ ਆ ਸਕਦਾ, ਕਿਸੇ ਕੰਮ ਦਾ ਹੀ ਨਹੀਂ ਹੈ। ਨਾ ਘਰ ਜੋਗਾ, ਨਾ ਸਮਾਜ ਜੋਗਾ, ਐਸੇ ਮਨੁਖ ਦੀ ਫਿਰ ਕੋਈ ਕੀਮਤ ਨਹੀਂ ਹੁੰਦੀ। ਹਰ ਉਹ ਵਸਤੂ ਆਪਣੀ ਕੀਮਤ ਵਧਾ ਲੈਂਦੀ ਹੈ, ਜੋ ਜਿਤਨਾ ਜ਼ਿਆਦਾ ਸਮਾਜ ਦੇ ਵਿਚ ਕੰਮ ਆ ਸਕਦੀ ਹੈ।

ਮਨੁਖ ਨੇ ਘੋੜਾ ਪਕੜਿਆ, ਉਸਨੂੰ ਸਿਖਾਇਆ ਅਤੇ ਉਸ ਤੋਂ ਸਵਾਰੀ ਦਾ ਕੰਮ ਲਿਆ। ਇਹ ਘੋੜਾ ਸਿਆਣਾ ਜਾਨਵਾਰ ਹੈ ਔਰ ਬੜਾ ਤੇਜ਼ ਦੌੜਦਾ ਹੈ। ਜਿਹੜੇ ੨ ਪਸ਼ੂ ਥੋੜਾ ਜਿਹਾ ਸੋਚ ਸਕਦੇ ਸਨ, ਦੁੱਖ ਸੁਖ ਜ਼ਿਆਦਾ ਮਹਿਸੂਸ ਕਰਦੇ ਸਨ, ਮਨੁਖ ਨੇ ਉਹਨਾਂ ਨੂੰ ਹੀ ਕਾਬੂ ਕੀਤਾ ਤੇ ਕੰਮ ਵਿਚ ਲਾਇਆ। ਘੋੜੇ ਦੇ ਮੂੰਹ ਵਿਚ ਲਗਾਮ ਪਾ ਦਿੱਤੀ, ਬਈ ਚਲਣ ਲਗਿਆਂ ਜਿਧਰ ਮੈਂ ਇਸ ਨੂੰ ਮੋੜਨਾ ਚਾਹਵਾਂ, ਮੁੜ ਜਾਏ। ਜਿੱਥੇ ਮੈਂ ਇਸ ਨੂੰ ਰੋਕਣਾ ਚਾਹਵਾਂ, ਰੁਕ ਜਾਏ। ਮਨੁਖ ਜਿੱਥੇ ਰੋਕਣਾ ਚਾਹੁੰਦਾ ਹੈ, ਰੁਕੇ ਹੀ ਨਾ, ਜਿੱਥੇ ਮੋੜਨਾ ਚਾਹੁੰਦਾ ਹੈ, ਮੁੜੇ ਹੀ ਨਾ, ਇਸ ਘੋੜੇ ਦੀ ਫਿਰ ਕੋਈ ਕੀਮਤ ਨਹੀਂ। ਇਹ ਸੁਖ ਦੇਣ ਦੀ ਥਾਂ ਤੇ ਦੁੱਖ ਦੇਵੇਗਾ। ਅੱਗੇ ਖੱਡਾ ਹੈ, ਰੋਕਣਾ ਚਾਹੁੰਦੇ ਹਾਂ, ਰੁਕਦਾ ਹੀ ਨਹੀਂ। ਸੱਜੇ ਪਾਸੇ ਘਰ ਹੈ, ਮੋੜਨਾ ਚਾਹੁੰਦੇ ਹਾਂ, ਮੁੜਦਾ ਹੀ ਨਹੀਂ। ਐਸੇ ਘੋੜੇ ਉਤੇ ਅਸਵਾਰ ਹੋ ਕੇ ਮਨੁਖ ਆਪਣੀ ਮੰਜ਼ਲ ਤਕ ਨਹੀਂ ਪਹੁੰਚ ਸਕਦਾ। ਐਸਾ ਘੋੜਾ ਰਸਤੇ ਵਿਚ ਐਕਸੀਡੈਂਟ (Accident) ਕਰਾ ਦੇਵੇਗਾ, ਕਿਉਂ? ਜਿੱਥੇ ਰੋਕਣਾ ਚਾਹੁੰਦੇ ਹਾਂ, ਰੁਕਦਾ ਹੀ ਨਹੀਂ। ਬਿਨਾਂ ਲਗਾਮ ਦਾ ਘੋੜਾ ਹੈ। ਲਗਾਮ ਨਹੀਂ ਹੈ ਤੇ ਇਸ ਦੇ ਘੋੜ-ਸਵਾਰ ਦੀ ਜ਼ਿੰਦਗੀ ਖ਼ਤਰੇ ਵਿਚ ਹੈ। ਜਿੱਥੇ ਇਹ ਪਹੁੰਚਣਾ ਚਾਹੁੰਦਾ ਹੈ, ਪਹੁੰਚ ਵੀ ਨਹੀਂ ਸਕੇਗਾ। ਘੋੜਾ ਜਿਤਨੀ ਤੇਜ਼ੀ ਨਾਲ ਦੌੜਦਾ ਹੈ, ਉਤਨਾ ਹੀ ਉਸਦੇ ਨਾਲ ਰੋਕਣ ਦਾ ਸਾਧਨ ਹੋਵੇ।

ਮਨੁਖ ਨੇ ਊਠਾਂ ਤੋਂ ਵੀ ਅਸਵਾਰੀ ਦਾ ਕੰਮ ਲਿਆ ਹੈ। ਉਸ ਦੇ ਨੱਕ ਵਿਚ ਨਕੇਲ ਪਾਈ ਹੈ ਤਾਕਿ ਇਹ ਮੇਰੇ ਕਾਬੂ ਵਿਚ ਹੋਵੇ। ਜਿੱਥੇ ਮੈਂ ਮੋੜਨਾ ਚਾਹਵਾਂ, ਮੁੜ ਜਾਏ। ਜਿੱਥੇ ਮੈਂ ਰੋਕਣਾ ਚਾਹਵਾਂ ਰੁਕ ਜਾਏ। ਊਠ ਤਾਂ ਹੀ ਸੁਖਦਾਈ ਹੈ, ਵਰਨਾ ਨਹੀਂ। ਇਹ ਨਿਯਮ ਮਨੁਖ ਨੇ ਬੈਲਾਂ ਨਾਲ ਵੀ ਵਰਤਿਆ ਹੈ। ਬੈਲਾਂ ਦੇ ਨੱਕ ਵਿਚ ਵੀ ਨਕੇਲ ਪਾਈ ਹੈ, ਨੱਥ ਪਾਈ ਹੈ, ਸਿਰਫ ਇਸ ਵਾਸਤੇ, ਜਿੱਥੇ ਮੋੜਨਾ ਚਾਹੀਏ, ਮੁੜ ਜਾਣ। ਜਿੱਥੇ ਰੋਕਣਾ ਚਾਹੀਏ ਰੁਕ ਜਾਣ। ਜਿਤਨਾ ਇਹਨਾਂ ਦਾ ਚਲਣਾ ਜ਼ਰੂਰੀ ਹੈ, ਉਤਨਾ ਹੀ ਰੁਕਣਾ ਜ਼ਰੂਰੀ ਹੈ। ਜਿਤਨਾ ਕੀਮਤੀ ਇਹਨਾਂ ਦਾ ਚਲਣਾ ਹੈ, ਉਤਨਾ ਹੀ ਕੀਮਤੀ ਇਹਨਾਂ ਦਾ ਮੁੜਨਾ ਹੈ। ਫਿਰ ਹਾਥੀ, ਪਹਾੜ ਜੈਸਾ ਇਹ ਜਾਨਵਰ। ਇਹ ਵੀ ਸਿਆਣਾ ਜਾਨਵਰ ਹੈ। ਮਨੁਖ ਨੇ ਇਸ ਤੋਂ ਬੜੇ ਕੰਮ ਲਏ ਹਨ ਤੇ ਲੈ ਰਿਹਾ ਹੈ। ਪਹਾੜਾਂ ਵਿਚ ਬੜੇ ਭਿਅੰਕਰ ਜੰਗਲਾਂ ਵਿਚ ਉੱਪਰ ਜਦ ਕਟਾਈ ਹੁੰਦੀ ਹੈ। ਉਹ ਲਕੜ, ਛਤੀਰ, ਵਿਚਾਰੇ ਹਾਥੀ ਥੱਲੇ ਲਿਆਉਂਦੇ ਨੇ। ਉੱਪਰ ਮਸ਼ੀਨਾਂ ਕਿੱਥੇ। ਇਹਨਾਂ ਤੋਂ ਜ਼ਿਆਦਾ ਕੰਮ ਲੈਂਦੇ ਨੇ। ਫਿਰ ਥੱਲੇ

ਭਾਰ ਵਾਹਕ ਹੋਰ ਕਈ ਸਾਧਨ ਹਨ, ਪਰ ਪਹਾੜਾਂ ਦੀ ਟੀਸੀ ਉੱਪਰ ਤੇ ਇਹੀ ਕੰਮ ਕਰਦੇ ਹਨ। ਇਸ ਦੇ ਸਿਰ ਦੇ ਉੱਪਰ ਅੰਕਸ ਰਖ ਦਿੱਤਾ ਜਾਂਦਾ ਹੈ। ਜਿੱਥੇ ਰੋਕਣਾ ਚਾਹੀਏ ਰੁਕ ਜਾਏ, ਜਿੱਥੇ ਮੋੜਨਾ ਚਾਹੀਏ ਮੁੜ ਜਾਏ।

ਜਿਤਨਾ ਘੋੜੇ, ਊਠ, ਹਾਥੀ ਅਤੇ ਬੈਲਾਂ ਦਾ ਚਲਣਾ ਬੜਾ ਲਾਜ਼ਮੀ ਹੈ, ਉਥੇ ਰੁਕਣਾ ਵੀ ਲਾਜ਼ਮੀ ਹੈ। ਹੁਣ ਅਗਰ ਇਹ ਜਾਨਵਰ ਰੁਕਣ ਹੀ ਨਾ ਤਾਂ ਇਹਨਾਂ ਦੀ ਕੀਮਤ ਕੁਛ ਵੀ ਨਹੀਂ। ਸਾਇੰਸ ਦਾ ਯੁਗ ਆ ਗਿਆ। ਮਨੁਖ ਨੇ ਤਰਾਂ ੨ ਦੀ ਮਸ਼ੀਨਰੀ ਈਜ਼ਾਦ ਕੀਤੀ। ਮਨੁਖ ਜਿਤਨਾ ਤੇਜ਼ ਚਲਣਾ ਚਾਹੁੰਦਾ ਸੀ ਔਰ ਜਿਤਨੀ ਮੁਸਾਫਰਤ ਇਕ ਦਿਨ ਵਿਚ ਇਕ ਘੰਟੇ ਵਿਚ ਇਹ ਕਰਨੀ ਚਾਹੁੰਦਾ ਸੀ, ਇਹ ਘੋੜੇ, ਹਾਥੀ, ਊਠ ਅਤੇ ਬੈਲ ਨਹੀਂ ਕਰ ਸਕਦੇ ਸਨ। ਮਨੁਖ ਨੇ ਫਿਰ ਸਹਿਜੇ ੨ ਹੋਰ ਵਿਕਾਸ ਕੀਤਾ। ਆਪਣੇ ਪੈਰਾਂ ਨੂੰ ਹੋਰ ਤੇਜ਼ ਕੀਤਾ। ਆਪਣੇ ਹੱਥਾਂ ਨੂੰ ਹੋਰ ਮਜ਼ਬੂਤ ਕੀਤਾ। ਸਭ ਤੋਂ ਪਹਿਲੇ ਇਸ ਨੇ ਸਾਈਕਲ ਬਣਾਈ ਅਤੇ ਸਾਈਕਲ ਦੇ ਨਾਲ ਦੋ ਬਰੇਕਾਂ ਵੀ ਲਾਈਆਂ। ਅਗਲੇ ਪਹੀਏ ਤੇ ਵੀ ਬਰੇਕ ਹੈ ਅਤੇ ਪਿਛਲੇ ਪਹੀਏ ਤੇ ਵੀ ਬਰੇਕ ਹੈ। ਹੁਣ ਇਸ ਸਾਈਕਲ ਨੂੰ ਕੋਈ ਤੇਜ਼ੀ ਨਾਲ ਦੌੜਾਵੇ ਔਰ ਜਿੱਥੇ ਰੋਕਣਾ ਚਾਹੇ ਰੁਕੇ ਹੀ ਨਾ। ਢਲਾਣ ਆ ਜਾਏ, ਹੁਣ ਇਹ ਬਰੇਕ ਮਾਰਨਾ ਚਾਹੇ ਤੇ ਬਰੇਕ ਹੋਵੇ ਹੀ ਕੋਈ ਨਾ, ਤਾਂ ਇਸ ਦੀ ਕੋਈ ਕੀਮਤ ਨਹੀਂ। ਪਹੀਏ ਚਲਦੇ ਰਹਿਣ, ਇਹ ਉਸਦੇ ਵਿਚ ਸਾਧਨ ਜੁਟਾਏ ਨੇ। ਜਿੱਥੇ ਰੋਕਣਾ ਚਾਹੀਏ, ਰੁਕ ਜਾਣ ਇਹ ਨਾਲ ਬਰੇਕਾਂ ਲਾਈਆਂ ਨੇ। ਜਿੱਥੇ ਸਾਈਕਲ ਦੇ ਪਹੀਆਂ ਦਾ ਚਲਣਾ ਬੜਾ ਲਾਜ਼ਮੀ ਹੈ, ਜ਼ਰੂਰੀ ਹੈ, ਅਹਿਮੀਅਤ ਰਖਦਾ ਹੈ, ਉਤਨੀ ਹੀ ਕੀਮਤ ਦੀਆਂ ਬਰੇਕਾਂ ਨੇ। ਜਿੱਥੇ ਰੋਕਣਾ ਚਾਹੀਏ, ਇਹ ਰੁਕ ਜਾਏ। ਜਿੱਥੇ ਮੋੜਨਾ ਚਾਹੀਏ ਇਹ ਮੁੜ ਜਾਏ। ਸਾਇੰਸ ਹੋਰ ਉਨੱਤ ਹੋਈ ਮੋਟਰਕਾਰ ਆਈ, ਬਸਾਂ ਆ ਗਈਆਂ। ਹੁਣ ਕਿਸੇ ਮੁਸਾਫ਼ਰ ਨੂੰ ਦਸ ਦੇਈਏ ਕਿ ਇਹ ਬਸ ਚਲਦੀ ਤੇ ਹੈ ਪਰ ਰੁਕਦੀ ਕੋਈ ਨਹੀਂ। ਕੋਈ ਬੈਠੇਗਾ ਇਸ ਵਿਚ? ਇਸਨੂੰ ਚਲਾਉਣ ਵਾਸਤੇ ਐਕਸੀਲੇਟਰ (Accelerator) ਤੇ ਹੈ ਪਰ ਰੋਕਣ ਵਾਸਤੇ ਬਰੇਕ (Brake) ਕੋਈ ਨਹੀਂ। ਉਂਞ ਤਾਂ ਦੋ ਦੋ ਬਰੇਕਾਂ ਹੁੰਦੀਆਂ ਨੇ, ਹੈਂਡ(Hand) ਬਰੇਕ ਵੀ ਹੈ, ਫੁਟ ਬਰੇਕ (Foot brake) ਵੀ ਹੈ। ਕਿਤੇ ਐਮਰਜੈਂਸੀ (Emergency) ਹੈ, ਬੜੀ ਭਿਅੰਕਰ ਢਲਾਣ ਹੈ, ਦੋਵੇਂ ਬਰੇਕਾਂ ਇਕੱਠੀਆਂ ਲਾਉ। ਹੁਣ ਬਰੇਕਾਂ ਹੋਣ ਹੀ ਨਾ, ਕੀ ਇਹ ਕਾਰ, ਇਹ ਬਸ ਆਪਣੀ ਮੰਜ਼ਲੇ ਮਕਸੂਦ ਤੇ ਪਹੁੰਚਾ ਸਕਦੀ ਹੈ? ਕਤਈ ਨਹੀਂ। ਇਸ ਵਿਚ ਸਟੇਅਰਿੰਗ (Steering) ਵੀ ਚਾਹੀਦਾ ਹੈ, ਜਿਧਰ ਮੋੜਨਾ ਚਾਹੀਏ, ਮੁੜ ਜਾਏ। ਇਸ ਵਿਚ ਬਰੇਕ ਵੀ ਚਾਹੀਦੀ ਹੈ, ਜਿੱਥੇ ਰੋਕਣਾ ਚਾਹੀਏ ਰੁਕ ਜਾਏ। ਸਾਇੰਸ ਹੋਰ ਉਨੱਤ ਹੋਈ ਰੇਲ ਗੱਡੀਆਂ ਆ ਗਈਆਂ। ਰੇਲ ਚਲਦੀ ਤਾਂ ਇਕੋ ਹੀ ਜਗ੍ਹਾ ਤੋਂ ਹੈ, ਇੰਜਨ ਤੋਂ, ਪਰ ਰੋਕਣ ਦੇ ਸਾਧਨ ਹਰ ਡੱਬੇ ਵਿਚ ਚਾਰ ਚਾਰ ਮੌਜੂਦ ਨੇ। ਕਿਧਰੋਂ ਵੀ ਚੇਨ ਪੁਲ (Chain Pull) ਕਰ ਸਕਦੇ ਹੋ। ਕਿਸੇ ਵੀ ਡੱਬੇ ਵਿਚੋਂ ਜੰਜ਼ੀਰ ਖਿੱਚ ਕੇ ਰੋਕ ਸਕਦੇ ਹੋ। ਰੋਕਣ ਦਾ ਆਲਾ ਇਕੋ ਹੀ ਜਗ੍ਹਾ ਹੈ, ਇੰਜਨ ਦੇ ਵਿਚ। ਚਲੇਗੀ ਇਕੋ ਹੀ ਜਗ੍ਹਾ ਤੋਂ। ਪਰ ਜੇ ਪੰਦਰਾਂ ਵੀਹ ਡੱਬੇ ਨੇ, ਇਕ ਇਕ ਡੱਬੇ ਵਿਚ ਚਾਰ ਚਾਰ ਜ਼ੰਜ਼ੀਰਾਂ ਲਗੀਆਂ ਹੋਈਆਂ ਨੇ। ਸੱਠ ਸੱਤਰ ਥਾਵਾਂ ਤੋਂ ਇਸ ਨੂੰ ਰੋਕਿਆ ਜਾ ਸਕਦਾ ਹੈ। ਰੇਲ ਦਾ ਚਲਣਾ ਜ਼ਰੂਰੀ ਹੈ ਪਰ ਇਸ ਵਿਚ ਬਰੇਕਾਂ ਹੋਣ ਹੀ ਨਾ, ਕਿਸੇ ਸਟੇਸ਼ਨ ਤੇ ਉਤਰਨਾ ਚਾਹੀਏ, ਰੁਕੇ ਹੀ ਨਾ, ਕੇਵਲ ਚਲੇ। ਇਸ ਰੇਲ ਦੀ ਫਿਰ ਕੋਈ ਜ਼ਰੂਰਤ ਨਹੀਂ। ਮੌਤ ਨੂੰ ਕੌਣ ਦਾਅਵਤ ਦੇਵੇਗਾ। ਇਹ ਗੱਲ ਮਨੁਖ ਦੀ ਸਮਝ ਵਿਚ ਆਈ ਏ। ਜਿੱਥੇ ਚਲਣਾ ਬੜਾ ਜ਼ਰੂਰੀ ਹੈ, ਉਥੇ ਰੁਕਣਾ ਵੀ ਬੜਾ ਜ਼ਰੂਰੀ ਹੈ। ਮੁੜਨਾ ਵੀ ਬੜਾ ਜ਼ਰੂਰੀ ਹੈ।

ਸਾਇੰਸ ਹੋਰ ਵਿਕਸਤ ਹੋਈ, ਹਵਾਈ ਜਹਾਜ਼ ਦਾ ਯੁਗ ਆ ਗਿਆ। ਇਹ ਉੱਪਰ ਉੱਡ ਜਾਂਦੇ ਨੇ ਪਰ ਥੱਲੇ ਵੀ ਲਹਿ ਜਾਂਦੇ ਨੇ। ਜ਼ਮੀਨ ਤੋਂ ਆਸਮਾਨ ਤੇ ਚਲੇ ਜਾਂਦੇ ਨੇ ਪਰ ਜਿੱਥੇ ਜ਼ਮੀਨ ਤੇ ਆਉਣਾ ਹੈ ਫਿਰ ਜ਼ਮੀਨ ਤੇ ਆ ਜਾਂਦੇ ਨੇ। ਜੇ ਹੁਣ ਕੋਈ ਕਿਸੇ ਨੂੰ ਆਖੇ, ਬਈ ਬੈਠ ਤੇ ਜਾਉ ਪਰ ਜ਼ਰਾ ਸਾਵਧਾਨ, ਇਹ ਆਸਮਾਨ ਉਤੇ ਚਲਾ ਜਾਂਦਾ ਹੈ ਪਰ ਥੱਲੇ ਨਹੀਂ ਆਉਂਦਾ। ਕੌਣ ਬੈਠੇਗਾ, ਕਿਸ ਨੇ ਬੈਠਣਾ ਹੈ। ਇਹ ਚਲੇਗਾ ਤੇ ਸਹੀ, ਪਰ ਰੁਕੇਗਾ ਨਹੀਂ। ਇਹ ਉਡੇਗਾ ਤੇ ਸਹੀ ਆਸਮਾਨ ਤੇ ਪਰ ਜ਼ਮੀਨ ਤੇ ਨਹੀਂ ਆਵੇਗਾ। ਇਕ ਨੇ ਵੀ ਨਹੀਂ ਬੈਠਣਾ। ਜਿੱਥੇ ਹਵਾਈ ਜਹਾਜ਼ ਦਾ ਆਸਮਾਨ ਤੇ ਜਾਣਾ ਬੜਾ ਜ਼ਰੂਰੀ ਹੈ, ਪਰ ਜ਼ਮੀਨ ਤੇ ਆਉਣਾ ਉਸ ਤੋਂ ਵੀ ਜ਼ਿਆਦਾ ਜ਼ਰੂਰੀ ਹੈ। ਜਿਤਨਾ ਮਹਾਨ ਹੈ ਹਵਾਈ ਜਹਾਜ਼ ਦਾ ਆਸਮਾਨ ਤੇ ਜਾਣਾ, ਉਤਨਾ ਹੀ ਮਹਾਨ ਹੈ ਉਸਦਾ ਜ਼ਮੀਨ ਤੇ ਆ ਜਾਣਾ। ਜੇ ਜ਼ਮੀਨ ਤੇ ਆਉਣਾ ਉਸ ਨਾਲ ਜੁੜਿਆ ਹੋਇਆ ਨਹੀਂ, ਆਸਮਾਨ ਤੇ ਉਡਣਾ ਅਰਥ-ਹੀਣ ਹੋ ਜਾਏਗਾ, ਕਿਸੇ ਕੀਮਤ ਦਾ ਵੀ ਨਹੀਂ। ਜਿੰਨਾ ਕੁਝ ਵੀ ਮਨੁਖ ਨੇ ਬਣਾਇਆ ਹੈ, ਸਾਇੰਸ ਨੇ ਬਣਾਇਆ ਹੈ, ਜੋ ਕੁਛ ਵੀ ਚਲਦਾ ਹੈ, ਉਸ ਨਾਲ ਰੋਕਣ ਦਾ ਸਾਧਨ ਹੈ। ਜਿਹੜੀ ਮਸ਼ੀਨ ਚਲਦੀ ਹੈ, ਉਸਨੂੰ ਬੰਦ ਕਰਨ ਦਾ, ਰੋਕਣ ਦਾ ਸਾਧਨ ਵੀ ਹੈ। ਬਿਜਲੀ ਦੇ ਪੱਖੇ ਨੇ, ਪੋਹ ਮਾਘ ਦੇ ਮਹੀਨੇ ਹੋਵਣ ਭਿਅੰਕਰ ਠੰਡ ਹੋਵੇ, ਸੀਤ ਲਹਿਰ ਹੋਵੇ ਅਤੇ ਪੱਖਿਆਂ ਨੂੰ ਰੋਕਣ ਦਾ ਕੋਈ ਸਾਧਨ ਨਾ ਹੋਵੇ ਤਾਂ ਫਿਰ ਕਿਹੜੇ ਕੰਮ ਦੇ ਨੇ। ਗਰਮੀ ਹੈ ਇਹਨਾਂ ਦਾ ਚਲਣਾ ਬੜਾ ਲਾਜ਼ਮੀ ਹੈ ਪਰ ਲੋੜ ਨਹੀਂ ਹੈ, ਇਹਨਾਂ ਦਾ ਰੁਕਣਾ ਵੀ ਬੜਾ ਲਾਜ਼ਮੀ ਹੈ। ਇਹ ਨਿਯਮ ਤੁਸੀਂ ਸਭ ਕੁਝ ਦੇ ਨਾਲ ਸਮਝ ਲਉ। ਸੰਸਾਰ ਦੇ ਵਿਚ ਇਤਨੀ ਤੇਜ਼ ਗਤੀ ਦੇ ਨਾਲ ਕੁਛ ਵੀ ਨਹੀਂ ਚਲ ਸਕਦਾ, ਜਿਤਨਾ ਮਨੁਖ ਦਾ ਮਨ ਚਲਦਾ ਹੈ:-

ਨਿਮਖ ਮਾਹਿ ਚਾਰਿ ਕੁੰਟ ਫਿਰਿ ਆਵੈ॥ (ਸੁਖਮਨੀ ਸਾਹਿਬ)

ਇਤਨੀ ਤੀਖਣ ਗਤੀ ਹੈ ਇਸ ਦੀ। ਇਹ ਇਤਨੀ ਸਪੀਡ (Speed) ਨਾਲ ਜਾਂਦਾ ਹੈ। ਇਹ ਇਤਨੀ ਤੇਜ਼ੀ ਨਾਲ ਚਲਦਾ ਹੈ ਔਰ ਜਿਸ ਦਿਨ ਦਾ ਚਲਿਆ ਹੈ , ਕਈ ਕਰੋੜਾਂ ਸਾਲ ਹੋ ਗਏ ਨੇ। ਲੱਖਾਂ ਜਨਮ ਹੋ ਗਏ ਨੇ, ਚਲ ਹੀ ਰਿਹਾ ਹੈ। ਕਮਬਖ਼ਤ ਦੇ ਨਾਲ ਬਰੇਕਾਂ ਤੇ ਹੈ ਹੀ ਨਹੀਂ। ਪਰ ਵਾਸ਼ਨਾ ਇਸਨੂੰ ਚਲਾਈ ਫਿਰਦੀ ਹੈ। ਕਾਮਨਾ ਇਸਨੂੰ ਚਲਾਈ ਫਿਰਦੀ ਹੈ, ਭਜਾਈ ਫਿਰਦੀ ਹੈ, ਬਰੇਕਾਂ ਤੇ ਹੈ ਕੋਈ ਨਹੀਂ। ਰਸਤੇ ਵਿਚ ਖੱਡਾ ਆ ਗਿਆ ਹੈ, ਕੋਈ ਬੁਰਾ ਕਰਮ ਹੈ, ਕਰ ਲੈਂਦਾ ਹੈ, ਰੋਕਣ ਦਾ ਕੋਈ ਸਾਧਨ ਨਹੀਂ। ਗੁਰੂ ਦੇ ਸ਼ਬਦ ਦਾ ਜਪ ਕਰ ਰਿਹਾ ਹੈ, ਪਾਠ ਕਰ ਰਿਹਾ ਹੈ, ਇਹ ਰੋਕਣਾ ਚਾਹੁੰਦਾ ਹੈ ਪਰ ਇਹ ਰੁਕਦਾ ਹੀ ਨਹੀਂ। ਨਿਕਲ ਜਾਂਦਾ ਹੈ, ਭੱਜ ਜਾਂਦਾ ਹੈ। ਸਭ ਕੁਝ ਦੇ ਨਾਲ ਸਾਧਨ ਬਣਾਏ ਨੇ। ਮਨ ਨੂੰ ਚਲਾਉਣ ਦਾ ਢੰਗ ਇਸ ਨੇ ਸਿੱਖ ਲਿਆ ਹੈ। ਇਸ ਨੂੰ ਵਾਸ਼ਨਾ ਚਲਾਉਂਦੀ ਹੈ, ਮਨੁਖ ਦੀ ਕਾਮਨਾ ਚਲਾਉਂਦੀ ਹੈ। ਰੋਕਣ ਦਾ ਢੰਗ ਕੋਈ ਨਹੀਂ। ਬੜੀ ਸੁੰਦਰ ਪੰਗਤੀ ਹੈ ਬਾਹਰ ਦੀ:-

ਮਨ ਲੋਚੇ ਬੁਰਿਆਈਆਂ, ਗੁਰ ਸਬਦੀਂ ਇਹ ਮਨ ਹੋੜੀਏ।
ਗੁਰੂ ਤੇਗ ਬਹਾਦਰ ਬੋਲਿਆ, ਧਰ ਪਈਏ ਧਰਮ ਨਾ ਛੋੜੀਏ।

ਅੱਖਾਂ ਦੇ ਰਾਹੀਂ ਮਨ ਗ਼ਲਤ ਦੇਖਣਾ ਚਾਹੁੰਦਾ ਹੈ। ਮਨ ਗ਼ਲਤ ਹੈ, ਉਹ ਅੱਖਾਂ ਨੂੰ ਗ਼ਲਤ ਵਰਤ ਲੈਂਦਾ ਹੈ। ਮਨ ਗ਼ਲਤ ਹੈ, ਉਹ ਜ਼ਬਾਨ ਨੂੰ ਗ਼ਲਤ ਵਰਤ ਲੈਂਦਾ ਹੈ। ਮਨ ਗ਼ਲਤ ਹੈ ਉਹ ਕੰਨਾਂ ਨੂੰ ਵੀ ਗ਼ਲਤ ਵਰਤ ਲੈਂਦਾ ਹੈ। ਮਨ ਭਰਿਸ਼ਟ ਹੈ, ਇਹ ਸਾਰੇ ਸਰੀਰ ਨੂੰ ਵੀ ਭਰਿਸ਼ਟ ਕਰ ਦਿੰਦਾ ਹੈ। ਮਨ ਨਾਲ ਬਰੇਕ ਕੋਈ ਨਹੀਂ। ਮਨੁਖ ਨੇ ਮਨ ਨੂੰ ਰੋਕਣ

ਦਾ ਸਾਧਨ ਕੋਈ ਨਹੀਂ ਜੁਟਾਇਆ। ਗੁਰੂ ਅਮਰਦਾਸ ਜੀ ਮਹਾਰਾਜ ਅਨੰਦ ਸਾਹਿਬ ਦੀ ਬਾਣੀ ਦੇ ਰਾਹੀਂ, ਬੜੇ ਸੋਹਣੇ ਢੰਗ ਨਾਲ ਸਮਝਾਉਂਦੇ ਨੇ। ਮਨ, ਜਦ ਅੱਖਾਂ ਦੇ ਰਾਹੀਂ ਗ਼ਲਤ ਵੇਖਣਾ ਚਾਹੇ, ਸਮਝਾਉ ਇਸਨੂੰ:-

ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ
ਹਰਿ ਬਿਨੁ ਅਵਰੁ ਨ ਦੇਖਹੁ ਕੋਈ॥
ਹਰਿ ਬਿਨੁ ਅਵਰੁ ਨਾ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ॥

ਐ ਮਨ! ਇਹਨਾਂ ਅੱਖਾਂ ਦੇ ਰਾਹੀਂ ਹਰੀ ਨੂੰ ਵੇਖ, ਪ੍ਰਭੂ ਨੂੰ ਵੇਖ। ਮਨ ਜਦ ਇਹਨਾਂ ਕੰਨਾਂ ਦੇ ਰਾਹੀਂ ਫ਼ਜ਼ੂਲ ਦੀ ਨਿੰਦਾ ਉਸਤਤ ਸੁਣਨਾ ਚਾਹੇ, ਬਿਖੇ ਨਾਦ ਸੁਣਨਾ ਚਾਹੇ, ਬਿਖੇ ਗੀਤ ਸੁਣਨਾ ਚਾਹੇ ਤੇ ਫਿਰ ਇੰਝ ਸਮਝਾਉਣਾ ਹੈ:-

ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ॥
ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ॥

{ਅਨੰਦ ਸਾਹਿਬ}

ਤੁਹਾਨੂੰ ਸਰੀਰ ਨਾਲ ਇਸ ਵਾਸਤੇ ਜੋੜਿਆ ਗਿਆ ਹੈ, ਸੱਚ ਨੂੰ ਸੁਣੋ। ਸੱਚ ਦੀ ਮਹਿਮਾ ਸੁਣੋ, ਸੱਚ ਦਾ ਜਸ ਸੁਣੋ। ਫ਼ੁਰਨਾ ਪਹਿਲੇ ਮਨ ਦਾ ਹੀ ਹੁੰਦਾ ਹੈ। ਮਨ ਜ਼ਬਾਨ ਦੇ ਰਾਹੀਂ ਕੁਝ ਗ਼ਲਤ ਬੋਲਣਾ ਚਾਹੁੰਦਾ ਹੈ। ਗਾਲ੍ਹ ਕਢਣਾ ਚਾਹੁੰਦਾ ਹੈ, ਗ਼ਲਤ ਖਾਨ-ਪਾਨ ਕਰਨਾ ਚਾਹੁੰਦਾ ਹੈ। ਜੈਸੇ ਕਹਿੰਦੇ ਨੇ ਧੂਮਰਪਾਨ। ਇਹ ਧੂਆਂ ਪੀ ਰਿਹਾ ਹੈ। ਧੂਆਂ ਤੇ ਕੁੱਤੇ ਵੀ ਨਹੀਂ ਪੀਂਦੇ। ਧੂਆਂ ਤੇ ਸੂਅਰ ਵੀ ਨਹੀਂ ਪੀਂਦੇ। ਇਹ ਤ੍ਰਿਗਦ ਜੂਨੀਆਂ ਨੇ। ਧੂਆਂ ਤੇ ਖੋਤਾ ਵੀ ਨਹੀਂ ਪੀਂਦਾ। ਰੂਏ ਜ਼ਮੀਨ ਦੇ ਉਤੇ ਕੋਈ ਪਸ਼ੂ ਧੂਆਂ ਨਹੀਂ ਪੀਂਦਾ। ਇਕ ਮਨੁਖ ਹੀ ਹੈ, ਧੂਆਂ ਪੀਂਦਾ ਹੈ। ਜਿਨ੍ਹਾਂ 2 ਪਸ਼ੂਆਂ ਨੂੰ ਪ੍ਰਭੂ ਨੇ ਵਾਲ ਦਿੱਤੇ ਨੇ, ਬਕਰੀਆਂ ਨੂੰ ਦਿੱਤੇ ਨੇ, ਊਠਾਂ ਨੂੰ ਦਿੱਤੇ ਨੇ, ਮੋਰ ਨੂੰ ਲੰਬੇ ਲੰਬੇ ਪੰਖ ਦਿੱਤੇ ਨੇ। ਇਹ ਤੇ ਨਾ ਨਾਈ ਲੱਭਦੇ ਨੇ, ਨਾ ਉਸਤਰਾ, ਨਾ ਕੈਂਚੀ। ਇਕ ਮਨੁਖ ਹੈ, ਇਕ ਤੇ ਆਪਣੇ ਕਟਦਾ ਹੈ ਅਤੇ ਕਮਬਖ਼ਤ ਨੂੰ ਜਿਹੜੇ ਪਸ਼ੂ ਹੱਥ ਆ ਜਾਂਦੇ ਨੇ, ਉਹਨਾਂ ਦੇ ਵੀ ਕਟਦਾ ਹੈ। ਭੇਡਾਂ ਦੇ ਵੀ ਕਟਦਾ ਹੈ, ਬਕਰੀਆਂ ਦੇ ਵੀ ਕਟਦਾ ਹੈ। ਆਪਣੇ ਕੱਟੇ ਨੇ ਤੇ ਹੁਣ ਉਹਨਾਂ ਦੇ ਕਿੱਥੇ ਸਲਾਮਤ ਰਹਿਣ ਦੇਵੇਗਾ। ਸਰਦੀਆਂ ਤੋਂ ਬਚਣ ਲਈ ਉਹਨਾਂ ਨੂੰ ਪ੍ਰਭੂ ਨੇ ਇਹ ਵਾਲ ਦਿੱਤੇ ਨੇ। ਇਹਨਾਂ ਨੂੰ ਠੰਡ ਨਾ ਲੱਗੇ ਪਰ ਮਨੁਖ ਕਟ ਦਿੰਦਾ ਹੈ। ਇਹ ਗ਼ਲਤ ਕੰਮ ਪਸ਼ੂ ਤੇ ਨਹੀਂ ਕਰਦੇ, ਮਨੁਖ ਕਰਦੇ ਨੇ। ਕੁਝ ਐਸੇ ਨਖਿਧ ਕੰਮ ਨੇ ਜੋ ਪਸ਼ੂ ਵੀ ਨਹੀਂ ਕਰਦੇ। ਧੂਮਰਪਾਨ ਪਸ਼ੂ ਵੀ ਨਹੀਂ ਪੀਂਦੇ, ਤਮਾਕੂ। ਤਮਾਕੂ ਪੀਣਾ ਕੀ ਹੈ, ਧੂਆਂ ਪੀਣਾ। ਹੱਦ ਹੋ ਗਈ ਧੂਆਂ। ਭਾਵੇਂ ਕੋਈ ਕਹੇ ਇਸਦੇ ਨਾਲ ਗਲੇ ਦਾ ਕੈਂਸਰ ਹੋ ਜਾਂਦਾ ਹੈ, ਫੇਫੜਿਆਂ ਦਾ ਕੈਂਸਰ ਹੋ ਜਾਂਦਾ ਹੈ। ਅੱਜ ਸਮਝ ਆਈ ਹੈ।

ਸਾਢੇ ਤਿੰਨ ਸੌ ਸਾਲ ਪਹਿਲੇ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਨੂੰ ਸਮਝ ਸੀ। ਬਜਰ ਕੁਰਹਿਤ ਇਸ ਨੂੰ ਕਰਾਰ ਦਿੱਤਾ। ਉਦੋਂ ਲੋਕੀ ਮਜ਼ਾਕ ਉਡਾਉਂਦੇ ਸੀ। ਦੇਖੋ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਕੀ ਕਰ ਦਿੱਤਾ ਹੈ। ਸਿੱਖ ਸਿਗਰਟ ਨਹੀਂ ਪੀਂਦੇ, ਸਿੱਖ ਤਮਾਕੂ ਨਹੀਂ ਪੀਂਦੇ। ਇਸ ਬਿਨਾ ਦੇ ਉਤੇ ਸਿੱਖਾਂ ਤੇ ਦੂਸ਼ਣ ਲਾਏ ਜਾਂਦੇ ਸਨ, ਇਲਜ਼ਾਮ ਲਾਏ ਜਾਂਦੇ ਸਨ। ਮਜ਼ਾਕ ਕੀਤਾ ਜਾਂਦਾ ਸੀ। ਅੱਜ ਰੇਲ ਦੇ ਹਰ ਡੱਬੇ ਵਿਚ ਲਿਖਿਆ ਹੋਇਆ ਹੈ। ਇੰਡੀਆ (India) ਵਿਚ ਹਰ ਏਅਰ ਪੋਰਟ (Air port) ਤੇ ਲਿਖਿਆ ਹੋਇਆ

ਹੈ, ਜਿਹੜਾ ਇੱਥੇ ਤਮਾਕੂ ਪੀਏਗਾ 500/- ਰੁਪਏ ਜੁਰਮਾਨਾ ਹੋਵੇਗਾ। ਹੁਣ ਅਕਲ ਆਈ ਹੈ। ਵਿਦੇਸ਼ਾਂ ਵਿਚ ਜਿੱਥੇ ਵੀ ਮਨੁਖਾਂ ਦੇ ਇਕੱਠ ਨੇ, ਦਫ਼ਤਰ ਹੈ, ਰੇਲ ਹੈ, ਬਸ ਹੈ, ਜਹਾਜ਼ ਹੈ, ਐਸੀ ਕਿਸੇ ਜਗ੍ਹਾ ਵੀ ਮਨੁਖ ਤਮਾਕੂ ਨਹੀਂ ਪੀ ਸਕਦਾ। ਮਨਾਹੀ ਹੈ। ਦੇਖਿਆ ਗਿਆ ਹੈ ਇਹ ਤੇ ਜ਼ਹਿਰ ਹੈ। ਇਹ ਤੇ ਫੇਫੜਿਆਂ ਅਤੇ ਗਲੇ ਵਿਚ ਕੈਂਸਰ ਨੂੰ ਜਨਮ ਦੇ ਸਕਦਾ ਹੈ। ਸ਼ਰਾਬ ਪਸ਼ੂ ਵੀ ਨਹੀਂ ਪੀਂਦੇ, ਮਨੁਖ ਪੀਂਦਾ ਹੈ। ਕਿਧਰੇ ਕਿਧਰੇ ਮਨੁਖ ਦਾ ਖਾਨ ਪਾਨ ਪਸ਼ੂਆਂ ਨਾਲੋਂ ਵੀ ਥੱਲੇ ਹੈ। ਜੈਸੇ ਕਹਿੰਦੇ ਨੇ ਸ਼ੇਰ, ਸ਼ੇਰ ਦਾ ਮਾਸ ਨਹੀਂ ਖਾਂਦਾ, ਉਂਞ ਮਾਸਾਹਾਰੀ ਹੈ। ਉਸ ਨੇ ਕਿਸੇ ਦਾ ਮਾਸ ਵੀ ਨਹੀਂ ਛੱਡਣਾ। ਪਰ ਸ਼ੇਰ, ਸ਼ੇਰ ਦਾ ਮਾਸ ਨਹੀਂ ਖਾਂਦਾ। ਇਕ ਬੰਦਾ ਹੀ ਹੈ ਜੋ ਬੰਦੇ ਦਾ ਖ਼ੂਨ ਪੀਂਦਾ ਹੈ। ਬੰਦੇ ਦਾ ਖ਼ੂਨ ਚੂਸਦਾ ਹੈ। ਤਾਂ ਹੀ ਤੇ ਮਲਕ ਭਾਗੋ ਦੀ ਰੋਟੀ ਵਿਚੋਂ ਧੰਨ ਗੁਰੂ ਨਾਨਕ ਦੇਵ ਜੀ ਨੇ ਖ਼ੂਨ ਕਢਿਆ। ਤੂੰ ਲੋਕਾਂ ਦਾ ਖ਼ੂਨ ਪੀਤਾ ਹੈ। ਤੂੰ ਲੋਕਾਂ ਦਾ ਖ਼ੂਨ ਨਿਚੋੜਿਆ ਹੈ। ਪਸੀਨੇ ਨਾਲ, ਮਿਹਨਤ ਨਾਲ ਲੋਕਾਂ ਨੇ ਧਨ ਕਮਾਇਆ ਹੈ, ਤੂੰ ਖੋਹਿਆ ਹੈ। ਤੂੰ ਬਹਾਨੇ ਨਾਲ ਲੁਟਿਆ ਹੈ। ਤੇਰੀ ਰੋਟੀ ਵਿਚ ਖ਼ੂਨ ਹੈ, ਤੂੰ ਖ਼ੂਨ ਪੀਤਾ ਹੈ। ਸ਼ੇਰ ਵੀ ਸ਼ੇਰ ਦਾ ਖ਼ੂਨ ਨਹੀਂ ਪੀਂਦਾ। ਸ਼ੇਰ ਵੀ ਸ਼ੇਰ ਦਾ ਮਾਸ ਨਹੀਂ ਖਾਂਦਾ, ਭਾਵੇਂ ਦਰਿੰਦਾ ਹੈ। ਖ਼ੂੰਖ਼ਾਰ ਜੰਗਲੀ ਜਾਨਵਾਰ ਹੈ, ਪਰ ਆਪਣੀ ਬਿਰਾਦਰੀ ਦਾ ਲਿਹਾਜ਼ ਕਰਦਾ ਹੈ। ਮਨੁਖ ਨੇ ਤੇ ਅੱਜ ਤਕ ਮਨੁੱਖਤਾ ਤੇ ਜਿਤਨੇ ਜ਼ੁਲਮ ਢਾਹੇ ਨੇ, ਇਹ ਤੇ ਪਸ਼ੂਆਂ ਨੂੰ ਮਾਤ ਕਰ ਦਿੰਦਾ ਹੈ। ਕਾਰਣ? ਮਨੁਖ ਦੇ ਮਨ ਨਾਲ ਬਰੇਕ ਕੋਈ ਨਹੀਂ। ਬਸ ਮਨ ਚਲਦਾ ਹੈ, ਖੱਡਾ ਆ ਜਾਏ ਤੇ ਗਿਰਨਾ ਹੈ। ਜਿਵੇਂ ਇਕ ਸੱਜਣ ਕਹਿੰਦੇ ਸਨ, ਵਿਆਹ ਸ਼ਾਦੀ ਵਿਚ ਗਏ ਸਾਂ, ਗਿਆਨੀ ਜੀ ਆਪਾਂ ਪੀਣੀ ਨਹੀਂ ਸੀ ਪਰ ਅਗਲੇ ਨੇ ਪਿਲਾ ਦਿੱਤੀ। ਮੈਂ ਕਿਹਾ ਅਗਲੇ ਤੈਨੂੰ ਜ਼ਹਿਰ ਦੇਣਾ ਚਾਹੁਣ, ਚਲੋ ਮੈਂ ਹੀ ਦੇਣਾ ਚਾਹੁੰਦਾ ਹਾਂ, ਕੀ ਪੀ ਲਵੇਂਗਾ, ਖਾ ਲਵੇਂਗਾ। ਜੇ ਜ਼ਹਿਰ ਵਾਸਤੇ ਆਪਣੇ ਹੱਥ ਰੋਕਦਾ ਹੈਂ, ਇਹ ਵੀ ਜ਼ਹਿਰ ਹੈ। ਇਸ ਵਾਸਤੇ ਤੂੰ ਆਪਣੇ ਹੱਥ ਕਿਉਂ ਨਹੀਂ ਰੋਕਦਾ। ਖੱਡਾ ਆ ਗਿਆ ਹੈ, ਬਰੇਕਾਂ ਹੀ ਕੋਈ ਨਹੀਂ ਕਾਰ ਨਾਲ, ਇਹ ਤੇ ਖੱਡੇ ਵਿਚ ਗਿਰੇਗੀ। ਮੇਰਾ ਘਰ ਸੱਜੇ ਪਾਸੇ ਹੈ, ਕਾਰ ਮੁੜਦੀ ਹੀ ਨਹੀਂ ਪਈ, ਉਹ ਕੀ ਸੁਖ ਦੇਵੇਗੀ। ਇਸ ਤੋਂ ਕੀ ਸੁਖ ਲਵਾਂਗੇ। ਮਨ ਸਾਰੇ ਪਾਸੇ ਜਾਂਦਾ ਹੈ ਪਰ ਜਦ ਇਸ ਨੂੰ ਕਹੀਏ ਰਬ ਵਾਲੇ ਪਾਸੇ ਜਾ, ਇਹ ਨਹੀਂ ਜਾਂਦਾ:-

ਤੁਮ ਘਰਿ ਆਵਹੁ ਮੇਰੇ ਮੀਤ॥ (ਅੰਗ ੬੭੮)

ਨਹੀਂ ਆਉਂਦਾ। ਭਾਵੇਂ ਮਿੱਤਰ ਕਰਕੇ ਅਵਾਜ਼ਾਂ ਮਾਰਦੇ ਨੇ ਗੁਰੂ ਅਰਜਨ ਦੇਵ ਜੀ। ਇਹ ਨਹੀਂ ਜਾਂਦਾ। ਪਰਮਾਤਮਾ ਦਾ ਘਰ, ਤੇਰਾ ਘਰ ਹੈ। ਪਰਵਾਰ ਦਾ ਘਰ, ਰਸਤੇ ਦਾ ਪੜਾਅ ਹੈ, ਜਿੱਥੇ ਤੂੰ ਰੋਜ਼ ਚਲਾ ਜਾਂਦਾ ਹੈਂ। ਜਿੱਥੇ ਤੂੰ ਦਿਨ ਰਾਤ ਕਟਦਾ ਹੈਂ। ਹੁਣ ਜਦ ਇਸ ਨੂੰ ਸੰਸਾਰ ਤੋਂ ਮੋੜੀਏ, ਚਲ ਨਿਰੰਕਾਰ ਦੇ ਘਰ, ਨਹੀਂ ਜਾਂਦਾ। ਘੋੜੇ ਦੇ ਮੂੰਹ ਵਿਚ ਲਗਾਮ ਹੀ ਕੋਈ ਨਹੀਂ। ਇਸ ਕਾਰ ਵਿਚ ਸਟੇਅਰਿੰਗ ਹੀ ਕੋਈ ਨਹੀਂ, ਜੋ ਮੋੜ ਲਈਏ। ਇਹ ਬਿਨਾ ਸਟੇਅਰਿੰਗ ਦੀ ਗੱਡੀ, ਬਿਨਾ ਬਰੇਕਾਂ ਦੇ ਗੱਡੀ। ਬਸ ਇਸੇ ਤੇ ਮਨ ਅਸਵਾਰ ਹੈ। ਇਸ ਮਨ ਤੋਂ ਕੰਮ ਲੈ ਕੇ, ਇਸ ਮਨ ਦੇ ਆਸਰੇ ਤੇ ਮਨੁਖ ਜੀਵਨ ਬਤੀਤ ਕਰ ਰਿਹਾ ਹੈ। ਨਾ ਰੁਕਦਾ ਹੈ, ਨਾ ਮੁੜਦਾ ਹੈ। ਜ਼ਬਾਨ ਗ਼ਲਤ ਬੋਲਣਾ ਚਾਹੁੰਦੀ ਹੈ ਔਰ ਗ਼ਲਤ ਖਾਣਾ ਚਾਹੁੰਦੀ ਹੈ। ਧੂਮਰਪਾਨ, ਯਾ ਦੇਖਦੇ ਹਾਂ ਸ਼ਰਾਬ ਦਾ ਪੀਣਾ, ਮਦਰਾ ਦਾ ਪੀਣਾ, ਅਕਲ ਨੂੰ ਇਹ ਵਰਤਦਾ ਹੀ ਨਹੀਂ। ਇਹ ਮਨ ਨੂੰ ਲਗਾਮ ਲਗਾਉਂਦਾ ਹੀ ਨਹੀਂ। ਗੁਰੂ ਅਮਰਦਾਸ ਜੀ ਸਮਝਾਉਂਦੇ ਨੇ:-

ਏ ਰਸਨਾ ਤੂ ਅਨਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ॥
ਪਿਆਸ ਨ ਜਾਇ ਹੋਰਤੁ ਕਿਤੈ ਜਿਚਰੁ ਹਰਿ ਰਸੁ ਪਲੈ ਨ ਪਾਇ॥
{ਅਨੰਦ ਸਾਹਿਬ}

ਸਦਾ ਪਿਆਸੀ ਰਹੇਂਗੀ। ਕੋਈ ਵੀ ਬੈਰੂਨੀ ਸੁਆਦ ਤੈਨੂੰ ਉਹ ਸੁਆਦ ਨਹੀਂ ਦੇ ਸਕਦਾ ਕਿ ਤੂੰ ਹਮੇਸ਼ਾਂ ਵਾਸਤੇ ਤ੍ਰਿਪਤ ਹੋ ਜਾਏਂ। ਹਰ ਸਵਾਦੀ ਚੀਜ਼ ਅਗਰ ਤਿੰਨ ਚਾਰ ਦਿਨ ਲਗਾਤਾਰ ਖਾਉ ਤਾਂ ਉਹ ਮੂੰਹ ਪੈ ਜਾਂਦੀ ਹੈ। ਫਿਰ ਬਦਲਨਾ ਪੈਂਦਾ ਹੈ। ਦੋ ਚਾਰ, ਪੰਜ ਦਿਨਾਂ ਵਿਚ ਮੂੰਹ ਪੈ ਜਾਂਦੀ ਹੈ। ਇਹ ਤੇ ਹਕੀਕਤ ਹੈ। ਇਹ ਤੇ ਇਕ ਸਚਾਈ ਹੈ। ਪਰ ਜਿਸ ਦਾ ਸਵਾਦ ਰੋਜ਼ ਰੋਜ਼ ਵਧਦਾ ਹੈ, ਅਗੰਮੀ ਹੈ:-

ਦਿਨੁ ਦਿਨੁ ਚੜੈ ਸਵਾਇਆ ਨਾਨਕ ਹੋਤ ਨ ਘਾਟਿ॥੧੬॥{ਅੰਗ ੩੦੦}

ਉਸ ਪਾਸੇ ਮਨੁਖ ਦਾ ਮਨ ਨਹੀਂ ਜਾਂਦਾ। ਸਾਰਾ ਸਰੀਰ ਕਿਸੇ ਪਾਸੇ ਜਾ ਰਿਹਾ ਹੈ। ਮਨ ਦੇ ਇਸ਼ਾਰੇ ਨਾਲ, ਪੈਰ ਗ਼ਲਤ ਜਾ ਰਹੇ ਨੇ, ਹੱਥ ਗ਼ਲਤ ਕਰ ਰਹੇ ਨੇ। ਬਰੇਕਾਂ ਹੀ ਕੋਈ ਨਹੀਂ, ਲਗਾਮ ਹੀ ਨਹੀਂ:-

ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ
ਕਿਆ ਤੁਧੁ ਕਰਮ ਕਮਾਇਆ॥
ਕਿ ਕਰਮ ਕਮਾਇਆ ਤੁਧੁ ਸਰੀਰਾ ਜਾ ਤੂ ਜਗ ਮਹਿ ਆਇਆ॥
{ਅਨੰਦ ਸਾਹਿਬ}

ਮਨੁਖ ਨੇ ਸਭ ਕੁਛ ਦੇ ਨਾਲ ਰੋਕਣ ਦਾ ਸਾਧਨ ਬਣਾਇਆ ਹੈ। ਆਪਣੇ ਮਨ ਨਾਲ ਨਹੀਂ ਬਣਾਇਆ। ਜਿਤਨੇ ਚਿਰ ਤਕ ਇਹ ਰੁਕਦਾ ਨਹੀਂ, ਇਸਦਾ ਜਨਮ ਮਰਨ ਵੀ ਨਹੀਂ ਰੁਕੇਗਾ, ਚਲਦਾ ਰਹੇਗਾ। ਮਨ ਦੇ ਚਲਣ ਨਾਲ, ਜਨਮ ਵੀ ਚਲਦਾ ਰਹੇਗਾ, ਮਰਨ ਵੀ ਚਲਦਾ ਰਹੇਗਾ। ਮਨ ਦੇ ਚਲਣ ਨਾਲ ਦੁੱਖ ਵੀ ਚਲਦਾ ਰਹੇਗਾ, ਸੰਤਾਪ ਵੀ ਚਲਦਾ ਰਹੇਗਾ। ਮਨ ਦੇ ਚਲਣ ਨਾਲ, ਸਾਰਾ ਅਨਰਥ ਵੀ ਚਲਦਾ ਰਹੇਗਾ, ਜਿਤਨੀ ਦੇਰ ਤਕ ਇਸ ਨੂੰ ਰੋਕਣ ਦਾ ਕੋਈ ਸਾਧਨ ਨਹੀਂ। ਹੁਣ ਕਿਵੇਂ ਇਸ ਨੂੰ ਰੋਕੀਏ ਅਤੇ ਕੀ ਸਾਧਨ ਜੁਟਾਈਏ, ਇਸ ਸੋਰਠ ਰਾਗ ਦੇ ਵਾਕ ਵਿਚ ਜਿਸ ਵਿਚ ਸਲੋਕ ਤਾਂ ਗੁਰੂ ਅਮਰਦਾਸ ਜੀ ਦੇ ਨੇ ਅਤੇ ਪਉੜੀਆਂ ਧੰਨ ਗੁਰੂ ਰਾਮਦਾਸ ਜੀ ਦੀਆਂ ਨੇ, ਉਹਨਾਂ ਦੀ ਲੜੀਵਾਰ ਵਿਚਾਰ:-

ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ॥

ਹਾਥੀ ਦੇ ਸਿਰ ਉਤੇ ਜਿਸ ਤਰਹ ਅੰਕਸ ਹੈ, ਤਾਂ ਹੀ ਉਹ ਕਾਬੂ ਵਿਚ ਹੈ, ਉਂਝ ਨਹੀਂ। ਅਹਿਰਣ ਉਤੇ ਲੋਹਾ ਜਾਂ ਸੋਨਾ ਆਪਣਾ ਸਿਰ ਰਖੇ ਤਾਂ ਉਹ ਕੀਮਤੀ ਬਣਦਾ ਹੈ, ਗਹਿਣਾ ਬਣਦਾ ਹੈ। ਉਸਦਾ ਰੂਪ ਸੁੰਦਰ ਬਣਦਾ ਹੈ। ਆਪਣਾ ਆਪ ਥੱਲੇ ਲਿਆਵੇ। ਇਸ ਤਰਾਂ ਇਹ ਕਾਰ-ਆਮਦ ਹੋ ਸਕਦੇ ਨੇ, ਸੁਖਦਾਈ ਹੋ ਸਕਦੇ ਨੇ। ਪਾਤਸ਼ਾਹ ਇਹ ਤਸ਼ਬੀਹ ਦੇ ਰਹੇ ਨੇ, ਇਹ ਉਦਾਹਰਣ ਦੇ ਰਹੇ ਨੇ।

ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ॥

ਆਪਣਾ ਮਨ ਅਤੇ ਤਨ ਗੁਰੂ ਦੇ ਹਵਾਲੇ ਕਰ ਦੇਵੇ। ਇਸ ਦੇ ਉੱਪਰ ਦੁਆਪਰ ਯੁਗ ਦੀ ਇਕ ਗਾਥਾ ਹੈ। ਅਰਜਨ ਦਾ ਰੱਥ ਹੈ, ਉਸ ਦੇ ਨਾਲ ਲਗੇ ਹੋਏ ਨੇ ਪੰਜ ਘੋੜੇ ਜੋ ਉਸ ਰੱਥ ਨੂੰ ਖਿਚਦੇ ਨੇ। ਇਹ ਮਹਾਂ-ਭਾਰਤ ਦਾ ਪ੍ਰਸੰਗ, ਬਈ ਸ੍ਰੀ ਕਰਿਸ਼ਨ ਜੀ ਅਰਜਨ ਦੇ ਰੱਥ ਦੇ ਰਥਵਾਨ ਨੇ, ਡਰਾਈਵਰ ਨੇ, ਕੋਚਵਾਨ ਨੇ, ਬਸ ਐਨਾ ਹੀ। ਪਰ ਇਹ ਤੇ ਕੋਈ ਮਹਿਮਾ ਵਾਲੀ ਗੱਲ ਨਹੀਂ ਹੈ। ਅਰਜਨ ਪਿੱਛੇ ਗੱਦੇ ਵਾਲੀ ਸੀਟ ਉਤੇ ਬੈਠਦਾ ਹੈ ਅਤੇ ਸ੍ਰੀ ਕਰਿਸ਼ਨ ਰੱਥ ਨੂੰ ਚਲਾਉਣ ਲਈ ਜਿਸ ਸੀਟ ਤੇ ਕੋਚਵਾਨ ਬੈਠਦਾ ਹੈ, ਉਸ ਸੀਟ ਤੇ ਬੈਠੇ ਨੇ। ਅਰਜਨ ਨੇ ਕਹਿ ਦਿੱਤਾ ਇਹ ਪੰਜੇ ਘੋੜੇ ਇਤਨੇ ਬਲਵਾਨ ਨੇ ਮੈਂ ਇਹਨਾਂ ਪੰਜਾਂ ਨੂੰ ਕਾਬੂ ਨਹੀਂ ਰਖ ਸਕਦਾ। ਤੁਸੀਂ ਚਲਾਉ ਤਾਂ ਮੈਂ ਕਿਸੇ ਮੰਜ਼ਲੇ ਮਕਸੂਦ ਤੇ ਪਹੁੰਚ ਸਕਦਾ ਹਾਂ। ਹੁਣ ਰੱਥ ਦੇ ਵਿਚ ਬੈਠਾ ਹੈ ਅਰਜਨ ਅਤੇ ਚਲਾ ਰਹੇ ਨੇ ਸ੍ਰੀ ਕਰਿਸ਼ਨ। ਕਬੀਰ ਸਾਹਿਬ ਇਸ ਨੂੰ ਇੰਝ ਬਿਆਨ ਕਰਦੇ ਨੇ:-

ਕਬੀਰ ਕੂਕਰੁ ਰਾਮ ਕੋ ਮੁਤੀਆ ਮੇਰੋ ਨਾਉ॥
ਗਲੇ ਹਮਾਰੇ ਜੇਵਰੀ ਜਹ ਖਿੰਚੈ ਤਹ ਜਾਉ॥੭੪॥

(ਅੰਗ ੧੩੬੮)

ਗਲ ਵਿਚ ਪਟਾ ਪਾਇਆ ਹੈ, ਰੱਸੀ, ਹੇ ਪ੍ਰਭੂ! ਤੇਰੇ ਹਵਾਲੇ ਕਰ ਦਿੱਤੀ ਹੈ। ਜਿਧਰ ਤੂੰ ਲੈ ਜਾਣਾ ਹੈ, ਲੈ ਜਾਹ। ਜਿਧਰ ਤੂੰ ਖਿਚਦਾ ਹੈਂ ਚਲਦੇ ਹਾਂ। ਦਰਅਸਲ ਇਸ ਜੀਵਨ ਦੇ ਰਥ ਨੂੰ ਪੰਜ ਗਿਆਨ ਇੰਦਰੀਆਂ ਦੇ ਇਹ ਘੋੜੇ ਲੱਗੇ ਹੋਏ ਨੇ। ਇਹ ਸਰੀਰ ਚਲਦਾ ਹੈ, ਇਹਨਾਂ ਪੰਜਾਂ ਦੇ ਰਾਹੀਂ। ਅਰਜਨ ਇਹ ਕਹਿ ਰਹੇ ਨੇ ਇਕ ਘੋੜਾ ਕਿਸੇ ਪਾਸੇ ਜਾਣਾ ਚਾਹੁੰਦਾ ਹੈ, ਇਕ ਘੋੜਾ ਕਿਸੇ ਪਾਸੇ ਜਾਣਾ ਚਾਹੁੰਦਾ ਹੈ। ਅੱਖਾਂ ਕਿਸੇ ਪਾਸੇ ਜਾਣਾ ਚਾਹੁੰਦੀਆਂ ਨੇ, ਕੰਨ ਕਿਸੇ ਪਾਸੇ ਜਾਣਾ ਚਾਹੁੰਦੇ ਨੇ, ਇਕ ਰਸਤਾ ਪਕੜਦੇ ਹੀ ਨਹੀਂ। ਇਹ ਮੇਰੇ ਕੋਲੋਂ ਕਾਬੂ ਨਹੀਂ ਆਉਂਦੇ। ਐਹ ਲਉ ਲਗਾਮ, ਤੁਸੀਂ ਚਲਾਉ। ਇਸਦੇ ਉੱਪਰ ਜਿਹੜੀ ਗਾਥਾ ਮੈਂ ਜਨਮ ਸਾਖੀ ਵਿਚ ਪੜ੍ਹੀ ਉਹ ਵੀ ਬੜੀ ਬਾ-ਕਮਾਲ ਹੈ। ਲਹਿਣਾ ਜੀ ਘੋੜੀ ਤੇ ਅਸਵਾਰ ਨੇ। ਅੱਜ ਅੰਦਰ ਪਿਆਸ ਜਾਗੀ ਹੈ, ਤੜਪ ਜਾਗੀ ਹੈ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਨਾਮ ਬਾਰ ੨ ਸੁਣਿਆ ਹੈ ਪਰ ਪਿਆਸ ਅੱਜ ਜਾਗੀ ਹੈ, ਬਈ ਜਾਣਾ ਹੈ। ਸੁਣਿਆ ਹੋਇਆ ਉਸ ਦਿਨ ਸਫਲ ਸਮਝੋ, ਜਿਸ ਦਿਨ ਪਿਆਸ ਪੈਦਾ ਹੋ ਜਾਏ। ਕੀਰਤਨ, ਕਥਾ ਸੁਣੀ ਹੋਈ ਉਸ ਦਿਨ ਸਫਲ ਹੋ ਜਾਂਦੀ ਹੈ, ਜਿਸ ਦਿਨ ਇਹ ਤੜਪ ਪੈਦਾ ਹੋ ਜਾਏ, ਨਹੀਂ ਤੇ ਅਜੇ ਸਰੋਤੇ ਹੀ ਹਾਂ। ਸੁਰਤ ਵਿਚ ਨਹੀਂ ਹਾਂ, ਸਮਝ ਵਿਚ ਨਹੀਂ ਹਾਂ। ਅਜੇ ਸੁਰਤ ਨਹੀਂ ਬਣੀ, ਅਜੇ ਸਮਝ ਨਹੀਂ ਬਣੀ। ਪਿਆਸ ਪੈਦਾ ਹੋ ਜਾਏ ਤੇ ਫਿਰ ਮਨੁਖ ਪਾਣੀ ਦੀ ਤਲਾਸ਼ ਕਰਦਾ ਹੈ। ਤੜਪ ਪੈਦਾ ਹੋ ਜਾਏ ਤੇ ਮਨੁਖ ਸਾਧਨਾ ਕਰਦਾ ਹੈ, ਨਹੀਂ ਤੇ ਨਹੀਂ ਕਰਦਾ। ਕਈ ਸਾਰੀ ਜ਼ਿੰਦਗੀ ਸੁਣਦੇ ਰਹਿੰਦੇ ਨੇ, ਕੋਈ ਤੜਪ ਨਹੀਂ, ਕੋਈ ਪਿਆਸ ਨਹੀਂ ਹੈ। ਸਾਰੀ ਜ਼ਿੰਦਗੀ ਕਈ ਪੜ੍ਹਦੇ ਰਹਿੰਦੇ ਨੇ, ਕੋਈ ਤੜਪ ਨਹੀਂ, ਕੋਈ ਪਿਆਸ ਨਹੀਂ। ਪਿਆਸ ਪੈਦਾ ਹੋਵੇਗੀ ਹਿਰਦੇ ਵਿਚ। ਹਿਰਦੇ ਨੂੰ ਬਾਣੀ ਨਾਲ ਛੁਹਾਉਂਦੇ ਹੀ ਨਹੀਂ । ਭੁੱਖ ਮਿਟੇਗੀ, ਜਦ ਭੋਜਨ ਦੀ ਬੁਰਕੀ ਕੰਠ ਤੋਂ ਥੱਲੇ ਜਾਏਗੀ। ਇਹ ਮੂੰਹ ਵਿਚ ਬੁਰਕੀ ਪਾਉਂਦੇ ਹੀ ਨਹੀਂ। ਭੋਜਨ ਦਾ ਥਾਲ ਅੱਗੇ ਪਿਆ ਰਹਿੰਦਾ ਹੈ। ਭੋਜਨ ਵੀ ਪਿਆ ਰਹਿੰਦਾ ਹੈ ਅਤੇ ਭੁੱਖ ਵੀ ਪਈ ਰਹਿੰਦੀ ਹੈ। ਸਾਹਮਣੇ ਗੁਰੂ ਦਾ ਸ਼ਬਦ ਵੀ ਪਿਆ ਹੈ, ਹਿਰਦੇ ਵਿਚ ਦੁੱਖ ਵੀ ਹੈ, ਕਲੇਸ਼ ਵੀ ਹੈ। ਸ਼ਬਦ ਹਿਰਦੇ ਨਾਲ ਛੁਹਾਉਂਦੇ ਹੀ ਨਹੀਂ, ਦੁੱਖ ਤੇ ਕਲੇਸ਼ ਬਣਿਆ ਰਹਿੰਦਾ ਹੈ। ਤਰ੍ਹਾਂ ੨ ਦੀਆਂ ਚਿੰਤਾਵਾਂ ਬਣੀਆਂ ਰਹਿੰਦੀਆਂ ਨੇ, ਸੋਚਾਂ ਬਣੀਆਂ ਰਹਿੰਦੀਆਂ ਨੇ।

ਘੋੜੀ ਤੇ ਅਸਵਾਰ ਹੋ ਕੇ ਚਲ ਪਏ ਨੇ ਲਹਿਣਾ ਜੀ। ਰਸਤੇ ਵਿਚ ਰਾਹੀਆਂ ਕੋਲੋਂ

ਪੁਛਦੇ ਨੇ, ਨਾਨਕ ਤਪੇ ਦਾ ਘਰ ਕਿੱਥੇ ਹੈ, ਦੱਸੋ? ਰਾਹੀ ਕਹਿੰਦੇ ਨੇ ਨਾਨਕ ਤਪੇ ਦੇ ਘਰ ਜਾਣਾ ਹੈ, ਹਾਂ। ਉਹਨਾਂ ਦਿਨਾਂ ਵਿਚ ਪਹਿਲੇ ਪਹਿਲ ਇਹ ਨਾਮ ਪ੍ਰਚਲਤ ਹੋਇਆ ਸੀ, ਤਪਾ ਨਾਨਕ ਜੀ। ਰਾਹੀ ਕਹਿੰਦੇ ਨੇ, ਅੱਗੇ ਹੈ, ਅੱਗੇ। ਉਹ ਚਲ ਪੈਂਦੇ ਨੇ। ਥੋੜੀ ਦੂਰ ਚਲਣ ਤੋਂ ਬਾਅਦ ਫਿਰ ਜਦ ਕੋਈ ਰਾਹੀ ਮਿਲਦਾ ਹੈ, ਫਿਰ ਪੁਛਦੇ ਨੇ, ਨਾਨਕ ਤਪੇ ਦਾ ਘਰ ਕਿੱਥੇ ਹੈ? ਅੱਗੇ ਹੈ, ਅੱਗੇ ਹੈ। ਫਿਰ ਅੱਗੇ ਚਲਦੇ ਨੇ। ਜਨਮ ਸਾਖੀ ਵਿਚ ਤਕਰੀਬਨ ਸੱਤ ਅੱਠ ਦਫ਼ਾ ਲਿਖਿਆ ਹੈ। ਪਰ ਚੂੰਕਿ ਕਾਵਿ-ਸ਼ੈਲੀ ਵਿਚ ਲਿਖਿਆ ਹੈ ਔਰ ਬੜੇ ਸੋਹਣੇ ਢੰਗ ਨਾਲ ਲਿਖਿਆ ਹੈ। ਫਿਰ ਚਲਦੇ ਨੇ ਰੁਕਦੇ ਨਹੀਂ। ਦਰਅਸਲ ਗੁਰੂ ਦਾ ਘਰ ਅੱਗੇ ਹੈ, ਸਾਡਾ ਘਰ ਪਿੱਛੇ ਹੈ। ਸੁਰਤ ਅੱਗੇ ਗਈ ਸ਼ਬਦ ਨਾਲ ਜੁੜੇਗੀ, ਨਿਰੰਕਾਰ ਨਾਲ ਜੁੜੇਗੀ। ਸੁਰਤ ਪਿੱਛੇ ਚਲੀ ਗਈ, ਪਰਵਾਰ ਨਾਲ ਜੁੜੇਗੀ, ਕਾਰੋਬਾਰ ਨਾਲ ਜੁੜੇਗੀ। ਸਤਿਸੰਗ ਵਿਚ ਬੈਠਿਆਂ ਵੀ ਸੁਰਤ ਪਿੱਛੇ ਜਾ ਸਕਦੀ ਹੈ, ਗਈ ਬਾਜ਼ਾਰ ਦੇ ਵਿਚ ਅਤੇ ਸੁਰਤ ਅੱਗੇ ਵੀ ਜਾ ਸਕਦੀ ਹੈ, ਜੁੜ ਗਈ ਸ਼ਬਦ ਦੇ ਨਾਲ। ਇਹ ਅੱਗੇ ਵੀ ਜਾਂਦੀ ਹੈ, ਪਿੱਛੇ ਵੀ ਜਾਂਦੀ ਹੈ। ਆਮ ਤੌਰ ਤੇ ਇਹ ਪਿੱਛੇ ਜਾਂਦੀ ਹੈ, ਇਸ ਕਰਕੇ ਗੁਰੂ ਅਰਜਨ ਦੇਵ ਜੀ ਮਹਾਰਾਜ ਕਹਿੰਦੇ ਨੇ:-

ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ॥
ਨਾਨਕ ਸਿਝਿ ਇਵੇਹਾ ਵਾਰ ਬਹੁੜਿ ਨ ਹੋਵੀ ਜਨਮੜਾ॥੧॥

{ਅੰਗ ੧੦੯੬}

ਅੱਗੇ ਵੇਖ, ਅੱਗੇ ਚਲ, ਕੀ ਮੁੜ ੨ ਕੇ ਪਿੱਛੇ ਵੇਖਦਾ ਹੈਂ। ਜਦ ਗੁਟਕਾ ਤੇਰੇ ਹੱਥ ਵਿਚ ਹੈ, ਤੇਰੀ ਸੁਰਤ ਪਿੱਛੇ ਕਿਉਂ ਜਾ ਰਹੀ ਹੈ। ਬੈਠਾ ਤੂੰ ਸਤਿਸੰਗ ਵਿਚ ਹੈਂ, ਤੇਰੀ ਸੁਰਤ ਪਿੱਛੇ ਕਿਉਂ ਜਾ ਰਹੀ ਹੈ। ਜ਼ਬਾਨ ਨਾਲ ਤੂੰ ਵਾਹਿਗੁਰੂ ੨ ਪਿਆ ਜਪਦਾ ਹੈਂ, ਪਰ ਤੇਰੀ ਸੁਰਤ ਪਿੱਛੇ ਕਿਉਂ ਜਾ ਰਹੀ ਹੈ। ਗੁਰੂ ਦਾ ਘਰ ਅੱਗੇ ਹੈ, ਪਿੱਛੇ ਹੋ ਹੀ ਨਹੀਂ ਸਕਦਾ। ਆਪਣਾ ਸਭ ਕੁਛ ਪਿੱਛੇ ਹੈ, ਗੁਰੂ ਅੱਗੇ ਹੈ, ਪ੍ਰਭੂ ਅੱਗੇ ਹੈ।

ਚਲਦਿਆਂ ੨ ਅੱਗੇ ਫਿਰ ਰਾਹੀ ਮਿਲੇ ਨੇ, ਲਹਿਣਾ ਜੀ ਫਿਰ ਉਸੀ ਤੜਪ ਨਾਲ ਪੁਛਦੇ ਨੇ, ਉਸੀ ਪਿਆਸ ਨਾਲ ਪੁਛਦੇ ਨੇ, ਨਾਨਕ ਤਪੇ ਦਾ ਘਰ ਕਿੱਥੇ ਹੈ? ਉਹਨਾਂ ਦੇ ਪੁਛਣ ਵਿਚ ਪਿਆਸ ਸੀ। ਉਹਨਾਂ ਦੇ ਪੁਛਣ ਦੇ ਢੰਗ ਵਿਚ ਤੜਪ ਸੀ। ਉਹਨਾਂ ਦੇ ਨੇਤਰ ਦਸਦੇ ਪਏ ਸਨ। ਉਹਨਾਂ ਦਾ ਪੁਛਣਾ ਦਸਦਾ ਸੀ। ਹੁਣ ਚਲਦਿਆਂ ੨ ਲਹਿਣਾ ਜੀ ਕੀ ਕਰਦੇ ਨੇ, ਮੰਜ਼ਲ ਤੋਂ ਮੰਜ਼ਲ ਦਾ ਪਤਾ ਪੁਛਦੇ ਨੇ। ਰਸਤੇ ਵਿਚ ਮੰਜ਼ਲ ਆ ਗਈ। ਹੁਣ ਗੁਰੂ ਨਾਨਕ ਤੋਂ, ਗੁਰੂ ਨਾਨਕ ਦਾ ਪਤਾ ਪੁਛਦੇ ਨੇ। ਪਹਿਲੇ ਰਾਹੀਆਂ ਤੋਂ ਗੁਰੂ ਨਾਨਕ ਦਾ ਪਤਾ ਪੁਛਦੇ ਸਨ। ਹੁਣ ਗੁਰੂ ਨਾਨਕ ਤੋਂ ਗੁਰੂ ਨਾਨਕ ਦਾ ਪਤਾ ਪੁਛਦੇ ਨੇ। ਯਕੀਨ ਜਾਣੋ, ਜਿਤਨੀ ਦੇਰ ਤਕ ਸੁਰਤ ਉਥੇ ਨਹੀਂ ਜਾਂਦੀ, ਪ੍ਰਭੂ ਦੇ ਘਰ ਦਾ ਪਤਾ ਗੁਰੂ ਕੋਲੋਂ ਹੀ ਪੁਛਣਾ ਹੈ। ਉਂਝ ਪਤਾ ਨਹੀਂ ਚਲੇਗਾ। ਇਹ ਇਕ ਹਕੀਕਤ ਹੈ, ਇਕ ਸਚਾਈ ਹੈ। ਜਣੇ-ਖਣੇ ਕੋਲੋਂ ਪੁਛਣ ਨਾਲ ਕੁਛ ਵੀ ਨਹੀਂ ਬਣੇਗਾ।

ਧੰਨ ਗੁਰੂ ਨਾਨਕ ਦੇਵ ਜੀ ਕੋਲੋਂ ਪੁਛਦੇ ਨੇ, ਰਾਹੀ! ਦਸੋਗੇ, ਨਾਨਕ ਤਪੇ ਦੇ ਘਰ ਮੈਂ ਜਾਣਾ ਹੈ। ਹੋਰ ਕਿਧਰੇ ਨਹੀਂ ਜਾਣਾ। ਸਤਿਗੁਰ ਕਹਿੰਦੇ ਨੇ, ਤੂੰ ਨਾਨਕ ਤਪੇ ਦੇ ਘਰ ਜਾਣਾ ਹੈ। ਲਹਿਣਾ ਜੀ ਕਹਿਣ ਲੱਗੇ ਹਾਂ, ਉਥੇ ਹੀ ਜਾਣਾ ਹੈ। ਅੱਛਾ, ਚਲੋ ਆਪਾਂ ਲੈ ਚਲਦੇ ਹਾਂ। ਲਗਾਮ ਪਕੜ ਲਈ ਗੁਰੂ ਨਾਨਕ ਨੇ ਅਤੇ ਘੋੜੀ ਤੇ ਬੈਠੇ ਨੇ ਲਹਿਣਾ ਜੀ। ਨਾਨਕ ਜੀ, ਨਾਨਕ ਦੇ ਖੋਜੀ ਨੂੰ ਖ਼ੁਦ ਆਪਣੇ ਘਰ ਲੈ ਜਾ ਰਹੇ ਨੇ। ਇਸ ਸਾਖੀ ਤੋਂ ਮੈਂ ਇਹ ਪ੍ਰੇਰਨਾ ਲਈ, ਕਿ ਜਿਸ ਦੀ ਜ਼ਿੰਦਗੀ ਦੀ ਲਗਾਮ ਗੁਰੂ ਨਾਨਕ ਆਪ ਨਾ ਪਕੜੇ, ਉਹ ਗੁਰੂ ਨਾਨਕ ਦੇ ਘਰ ਤਕ ਨਹੀਂ ਪਹੁੰਚ ਸਕਦਾ। ਪਰ ਗੁਰੂ ਨਾਨਕ ਉਸ ਦੀ ਜ਼ਿੰਦਗੀ

ਦੀ ਡੋਰ ਪਕੜਦਾ ਹੈ, ਜ਼ਰੂਰ ਪਕੜਦਾ ਹੈ, ਜਿਹੜਾ ਲਹਿਣਾ ਜੀ ਦੀ ਤਰਾਂ ਪੁੱਛੇ, ਨਾਨਕ ਤਪੇ ਦਾ ਘਰ ਕਿੱਥੇ ਹੈ? ਤਾਂ ਜਾ ਕੇ ਕਿਧਰੇ ਖੇਡ ਬਣਦੀ ਹੈ। ਗੁਰੂ ਨਾਨਕ ਦੇਵ ਜੀ ਨੇ ਹੀ ਆਪਣੇ ਘਰ ਤਕ ਪਹੁੰਚਾਇਆ ਹੈ। ਰਾਹੀ ਤੇ ਕਹਿੰਦੇ ਰਹੇ ਅੱਗੇ ਹੈ, ਅੱਗੇ ਹੈ। ਕਿਤਨੇ ਹੀ ਡੇਰਿਆਂ ਵਿਚ ਧੱਕੇ ਖਾਉ, ਅੱਗੇ ਹੈ,ਅੱਗੇ ਹੀ ਹੈ। ਖੇਡ ਤਾਂ ਉਦੋਂ ਬਣੇਗੀ, ਜਦ ਸੁਰਤ ਸ਼ਬਦ ਨਾਲ ਜੁੜੇਗੀ, ਉਂਝ ਨਹੀਂ ਬਣੇਗੀ।ਪੰਜ ਘੋੜਿਆਂ ਦੀ ਲਗਾਮ ਅਰਜਨ ਨੇ ਸ੍ਰੀ ਕਰਿਸ਼ਨ ਨੂੰ ਪਕੜਾ ਦਿੱਤੀ ਹੈ। ਹੁਣ ਚਲੋ ਜਿਸ ਪਾਸੇ ਲੈ ਜਾਂਦਾ ਹੈ, ਲੈ ਜਾਏ। ਗੁਰੂ, ਇਸ ਮਨ ਨੂੰ ਜਿਸ ਪਾਸੇ ਲੈ ਜਾਣਾ ਹੈ, ਜਿਸ ਪਾਸੇ ਨੂੰ ਤੁਸੀਂ ਮੋੜਨਾ ਹੈ, ਤੁਹਾਡੀ ਮਰਜ਼ੀ। ਹੁਣ ਡਰਾਈਵਰ ਤੁਸੀਂ। ਹੁਣ ਚਲਾਉਣ ਵਾਲੇ ਤੁਸੀਂ ਹੋ। ਅਸੀਂ ਮਨ ਤੁਹਾਡੇ ਹਵਾਲੇ ਕਰ ਦਿੱਤਾ ਹੈ। ਗੱਲ ਖ਼ਤਮ।

ਇਹੁ ਮਨੁ ਤੈ ਕੂੰ ਡੇਵਸਾ..॥{ਅੰਗ ੭੬੩}

ਮੈਂ ਆਪਣਾ ਮਨ ਤੈਨੂੰ ਦੇ ਦਿੱਤਾ ਹੈ। ਮੈਂ ਆਪਣੇ ਕੋਲ ਰਖਦਾ ਹੀ ਨਹੀਂ। ਮਹਾਰਾਜ ਕਹਿੰਦੇ ਨੇ, ਉਂਝ ਮੁਫਤ ਵਿਚ ਨਾ ਦੇ, ਅਸੀਂ ਤੈਨੂੰ ਕੁਛ ਦਿਆਂਗੇ। ਤੂੰ ਵੇਚ ਸਾਡੇ ਅੱਗੇ:-

ਮਨੁ ਬੇਚੈ ਸਤਿਗੁਰ ਕੈ ਪਾਸਿ॥{ਅੰਗ ੨੮੬}

ਮਨ ਨੂੰ ਵੇਚ, ਬਦਲੇ ਵਿਚ ਲੈ। ਜਿਤਨੇ ਤੇਰੇ ਲੋਕ ਪਰਲੋਕ ਦੇ ਕੰਮ ਨੇ, ਇਹ ਗੁਰੂ ਆਪੇ ਸਵਾਰੇਗਾ:-

ਤਿਸੁ ਸੇਵਕ ਕੇ ਕਾਰਜ ਰਾਸਿ॥{ਅੰਗ ੨੮੬}

ਕਿਧਰੇ ੨ ਸਤਿਸੰਗ ਨੂੰ ਵਾਪਾਰ ਵੀ ਕਹਿਆ ਹੈ:-

ਸਾਹ ਵਾਪਾਰੀ ਦੁਆਰੈ ਆਏ॥ ਵਖਰੁ ਕਾਢਹੁ ਸਉਦਾ ਕਰਾਏ॥{ਅੰਗ ੩੭੨}

ਗੁਰਬਾਣੀ ਹੈ, ਗੁਰੂ ਕਹਿੰਦਾ ਹੈ ਇੱਥੇ ਮਨ ਦੇ ਜਾ, ਅਤੇ ਲੈ ਜਾ ਪਰਮ-ਅਨੰਦ, ਪਰਮ-ਖੇੜਾ। ਜਿਤਨੇ ਚਿਰ ਤਕ ਮਨ ਮੇਰੇ ਕੋਲ ਹੈ ਤੇ ਮੈਂ ਆਪਣਾ ਜੀਵਨ ਆਪਣੇ ਮਨ ਦੇ ਆਸਰੇ ਤੇ ਬਤੀਤ ਕਰ ਰਿਹਾ ਹਾਂ, ਉਸੇ ਨੂੰ ਕਹਿੰਦੇ ਨੇ, ਮਨਮੁਖ। ਮਨ ਦਾ ਇਕ ਸੁਭਾਅ ਹੈ ਚਲਣਾ, ਚਲਣਾ। ਰੁਕਣਾ ਹੀ ਨਹੀਂ। ਖੱਡਾ ਆ ਗਿਆ ਹੈ ਤੇ ਖੱਡੇ ਵਿਚ ਗਿਰਨਾ ਹੈ। ਦਲਦਲ ਆ ਗਈ ਹੈ ਤੇ ਦਲਦਲ ਵਿਚ ਗਿਰਨਾ ਹੈ। ਨਰਕ ਆ ਗਿਆ ਹੈ, ਨਰਕ ਵਿਚ ਗਿਰਨਾ ਹੈ। ਮਨ ਇਸੇ ਤਰ੍ਹਾਂ ਚਲਦਾ ਪਿਆ ਹੈ, ਕਿਉਂਕਿ ਇਹ ਰੁਕਦਾ ਹੀ ਨਹੀਂ। ਇਸ ਕਰਕੇ ਜਨਮ ਮਰਨ ਨੂੰ ਚਲਾਈ ਜਾ ਰਿਹਾ ਹੈ। ਅਗਰ ਇਹ ਰੁਕ ਜਾਏ ਤੇ ਜਨਮ ਮਰਨ ਵੀ ਰੁਕ ਜਾਏ। ਜਿਤਨੇ ਚਿਰ ਤਕ ਮਨ ਚਲਦਾ ਪਿਆ ਹੈ, ਸਮਝ ਲੈਣਾ ਜਨਮ ਮਰਨ ਚਲਦਾ ਰਹੇਗਾ। ਇਹ ਮੂਲ ਪਹਿਚਾਣ ਹੈ। ਗੁਰੂ ਅਮਰਦਾਸ ਜੀ ਮਹਾਰਾਜ ਕਹਿੰਦੇ ਨੇ, ਜਿਵੇਂ ਹਾਥੀ ਦੇ ਸਿਰ ਤੇ ਅੰਕਸ ਹੈ, ਜਿਵੇਂ ਅਹਿਰਣ ਦੇ ਉੱਪਰ ਲੋਹੇ ਤੇ ਸੋਨੇ ਨੇ ਸਿਰ ਰਖਿਆ ਹੈ । ਇਸੇ ਤਰ੍ਹਾਂ ਤੂੰ ਆਪਣਾ ਸਿਰ, ਭਾਵ ਮਨ ਤੇ ਤਨ ਗੁਰੂ ਦੇ ਹਵਾਲੇ ਕਰ ਔਰ ਇਸ ਤਰ੍ਹਾਂ ਅਣਥੱਕ ਹੋ ਕੇ ਸੇਵਾ ਕਰ, ਖੜੇ ਹੋ ਕੇ ਸੇਵਾ ਕਰ।

ਇਉ ਗੁਰਮੁਖਿ ਆਪੁ ਨਿਵਾਰੀਐ ਸਭੁ ਰਾਜੁ ਸ੍ਰਿਸਟਿ ਕਾ ਲੇਇ॥

ਇਸ ਤਰ੍ਹਾਂ ਗੁਰਮੁਖਿ ਬਣ ਕੇ ਆਪਾ ਭਾਵ ਦਾ ਤਿਆਗ ਕਰੀਏ। ਇਸਦੇ ਨਾਲ ਕੀ ਹੁੰਦਾ ਹੈ? ਤੈਨੂੰ ਸਾਰੀ ਸਰਿਸ਼ਟੀ ਦਾ ਰਾਜ ਮਿਲ ਜਾਏਗਾ, ਭਾਵ ਤੂੰ ਮਾਲਕ ਬਣ ਜਾਏਂਗਾ। ਪਰ ਸਾਰੀ ਸਰਿਸ਼ਟੀ ਦਾ ਮਾਲਕ ਵੀ ਆਪਣੇ ਮਨ ਦਾ ਗ਼ੁਲਾਮ ਹੁੰਦਾ ਹੈ। ਜੋ ਆਪਣੇ ਮਨ ਦਾ ਮਾਲਕ ਬਣ ਜਾਂਦਾ ਹੈ ਉਹ ਸਾਰੀ ਦੁਨੀਆਂ ਦਾ ਮਾਲਕ ਬਣ ਜਾਂਦਾ ਹੈ। ਕਿਉਂਕਿ ਦੁਨੀਆਂ ਦਾ ਜੋ ਮਾਲਕ ਹੈ, ਉਸ ਦੇ ਨਾਲ ਸੰਬੰਧ ਜੁੜ ਜਾਂਦਾ ਹੈ। ਉਸ ਨਾਲ ਰਿਸ਼ਤਾ ਜੁੜ ਜਾਂਦਾ ਹੈ।

ਨਾਨਕ ਗੁਰਮੁਖਿ ਬੁਝੀਐ ਜਾ ਆਪੇ ਨਦਰਿ ਕਰੇਇ॥੧॥

ਜਿਸ ਦੇ ਉੱਪਰ ਵੀ ਪ੍ਰਭੂ ਦੀ ਕਿਰਪਾ ਹੋ ਜਾਂਦੀ ਹੈ, ਉਹ ਗੁਰਮੁਖ ਬਣ ਕੇ ਗੁਰੂ ਦੁਆਰਾ ਇਸ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ।

ਮਃ ੩॥ ਜਿਨ ਗੁਰਮੁਖਿ ਨਾਮੁ ਧਿਆਇਆ ਆਏ ਤੇ ਪਰਵਾਣੁ॥

ਗੁਰਮੁਖ ਨਾਮ ਜਪਦੇ ਹਨ ਅਤੇ ਆਪਣੇ ਮਨ ਨੂੰ ਅਰਪਣ ਕਰਦੇ ਹਨ ਇਸ ਤਰਾਂ ਉਹਨਾਂ ਦਾ ਆਇਆ ਪਰਵਾਨ ਹੈ। ਉਹਨਾਂ ਨੇ ਆਪਣਾ ਜਨਮ ਸਫਲ ਕੀਤਾ ਹੈ, ਜੀਵਨ ਸਫਲ ਕੀਤਾ ਹੈ।

ਨਾਨਕ ਕੁਲ ਉਧਾਰਹਿ ਆਪਣਾ ਦਰਗਹਿ ਪਾਵਹਿ ਮਾਣੁ॥੨॥

ਐਸੇ ਪੁਰਸ਼ ਦੀ ਇਕ ਆਭਾ ਹੁੰਦੀ ਹੈ, ਉਸ ਆਭਾ ਦੀ ਲਪੇਟ ਵਿਚ ਜਿਹੜੇ ਵੀ ਆ ਜਾਂਦੇ ਨੇ, ਉਹ ਪ੍ਰੇਰਿਤ ਹੁੰਦੇ ਨੇ। ਐਸੀ ਆਭਾ ਕਿਧਰੇ ਘਰ ਦੇ ਵਿਚ ਹੋਵੇ ਤੇ ਪ੍ਰੇਰਿਤ ਹੋਣਗੇ। ਘਰ ਦਾ ਅਸਰ ਆਲੇ ਦੁਆਲੇ ਤੇ ਪਵੇਗਾ। ਬਲਦੀ ਹੋਈ ਅੱਗ ਕੋਲ ਚਲੇ ਜਾਈਏ, ਤਪਸ਼ ਨਾ ਵੀ ਲੈਣਾ ਚਾਹੀਏ, ਤਾਂ ਵੀ ਮਿਲੇਗੀ। ਖਿੜੇ ਹੋਏ ਫੁੱਲਾਂ ਕੋਲ ਬੈਠ ਜਾਈਏ, ਮਹਿਕ ਨਾ ਵੀ ਲੈਣਾ ਚਾਹੀਏ, ਤਾਂ ਵੀ ਮਿਲੇਗੀ। ਹਿਮਾਲੀਆ ਪਰਬਤ ਤੇ ਚਲੇ ਜਾਈਏ, ਠੰਡ ਨਾ ਵੀ ਲੈਣਾ ਚਾਹੀਏ, ਤਾਂ ਵੀ ਮਿਲੇਗੀ। ਕਿਸੇ ਆਤਮਾ ਦਾ ਰਬ ਦੇ ਨਾਲ ਜੁੜੇ ਹੋਣਾ ਚਾਹੀਦਾ ਹੈ, ਨਾ ਵੀ ਜੁੜਨਾ ਚਾਹੀਏ, ਸੁਤੇ ਸਿੱਧ ਜੁੜ ਜਾਵਾਂਗੇ। ਇਸੇ ਵਾਸਤੇ ਗੁਰਬਾਣੀ ਕਹਿੰਦੀ ਹੈ:-

ਸਾਧ ਕੈ ਸੰਗਿ ਨਹੀ ਕਛੁ ਘਾਲ॥<br>
ਦਰਸਨੁ ਭੇਟਤ ਹੋਤ ਨਿਹਾਲ॥ (ਸੁਖਮਨੀ ਸਾਹਿਬ)

ਐਸਾ ਪੁਰਸ਼ ਘਰ ਦੇ ਵਿਚ ਹੈ, ਪਰਵਾਰ ਦੇ ਵਿਚ ਹੈ ਉਸ ਦੀ ਆਭਾ ਹੁੰਦੀ ਹੈ। ਉਸ ਦਾ ਆਪਣਾ ਇਕ ਓਰ੍ਹਾ ਹੁੰਦਾ ਹੈ। ਲਾਜ਼ਮੀ ਹੈ ਉਹ ਇਸ ਦੀ ਲਪੇਟ ਵਿਚ ਆਉਂਦੇ ਨੇ। ਇਸ ਵਾਸਤੇ ਮਹਾਰਾਜ ਕਹਿੰਦੇ ਨੇ ਉਹ ਆਪ ਤੇ ਭਵ-ਸਾਗਰ ਤੋਂ ਪਾਰ ਹੋ ਜਾਂਦੇ ਨੇ ਅਤੇ ਇਹ ਪਰਭਾਵ ਆਪਣੀ ਕੁਲ ਤੇ ਵੀ ਪਾ ਜਾਂਦੇ ਨੇ।

ਪਉੜੀ॥ ਗੁਰਮੁਖਿ ਸਖੀਆ ਸਿਖ ਗੁਰੂ ਮੇਲਾਈਆ॥

ਗੁਰੂ ਨੇ ਇਹ ਸੇਵਕ, ਇਹ ਸਖੀਆਂ, ਜੋ ਸਿੱਖ ਰੂਪ ਵਿਚ ਨੇ, ਸੇਵਕ ਰੂਪ ਵਿਚ ਨੇ ਆਪ ਆਪਣੇ ਨਾਲ ਜੋੜੀਆਂ ਨੇ। ਆਪਣੇ ਅੰਗ ਸੰਗ ਰਖੀਆਂ ਨੇ।

ਇਕਿ ਸੇਵਕ ਗੁਰ ਪਾਸਿ ਇਕਿ ਗੁਰਿ ਕਾਰੈ ਲਾਈਆ॥

ਇਕ ਨੂੰ ਸਿਮਰਨ ਵਿਚ ਲਾਇਆ ਹੈ, ਇਕ ਨੂੰ ਸੇਵਾ ਵਿਚ ਲਾਇਆ ਹੈ। ਅਗਰ ਭਾਉ ਸਹਿਤ ਸੇਵਾ ਹੋ ਰਹੀ ਹੈ ਤੇ ਸੇਵਾ ਵੀ ਸਿਮਰਨ ਹੈ। ਕਿਉਂਕਿ ਭਾਵਨਾ ਕਰਕੇ ਗੁਰੂ ਦੇ ਨਿਕਟ ਰਹੇਗਾ। ਪਰ ਸਿਮਰਨ ਚਲ ਰਿਹਾ ਹੈ ਭਾਵਨਾ-ਹੀਣ। ਬਿਨਾਂ ਭਾਵਨਾ ਤੋਂ ਪੜ੍ਹੀ ਜਾ ਰਹੀ ਹੈ ਬਾਣੀ। ਬਿਨਾਂ ਭਾਵਨਾ ਦੇ ਜਪਿਆ ਜਾ ਰਿਹਾ ਹੈ ਵਾਹਿਗੁਰੂ, ਵਾਹਿਗੁਰੂ। ਭਾਵਨਾ-ਹੀਣ ਸਿਮਰਨ, ਸਿਮਰਨ ਨਹੀਂ ਹੈ। ਭਾਵਨਾ-ਲੀਨ ਸੇਵਾ ਇਹ ਵੀ ਸਿਮਰਨ ਹੋ ਜਾਂਦੀ ਹੈ।

ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ॥{ਅੰਗ ੪੨੩}

ਜਦ ਮਨੁਖ ਸੰਗਤ ਵਿਚ ਪੰਗਤ ਵਿਚ ਇੰਝ ਪਾਣੀ ਵੰਡੇ ਕਿ ਮੈਂ ਗੁਰੂ ਨੂੰ ਪਾਣੀ ਪਿਲਾ ਰਿਹਾ ਹਾਂ।

ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ॥

ਜਦੋਂ ਇਸ ਢੰਗ ਨਾਲ ਸੇਵਾ ਕਰੇ, ਇਹ ਭਾਵਨਾ, ਸੇਵਾ ਨੂੰ ਸਿਮਰਨ ਬਣਾ ਦੇਵੇਗੀ ਪਰ ਧੱਕੇ ਮਾਰ ੨ ਕੇ ਸੇਵਾ, ਇਹ ਕੋਈ ਸੇਵਾ ਨਹੀਂ। ਲੋਕੀਂ ਦਿਖਾਵੇ ਦੀ ਸੇਵਾ ਵੀ ਕਰਦੇ ਨੇ ਜਦੋਂ ਸੰਗਤ ਆਉਣ ਵਾਲੀ ਹੋਵੇ ਉਦੋਂ ਸਰਫ (surf) ਨਾਲ ਯਾ ਵਾਸ਼ਿੰਗ ਪਾਊਡਰ (Washing powder) ਨਾਲ ਫ਼ਰਸ਼ ਨੂੰ ਧੋਣਾ। ਲੋਕੀਂ ਤੁਰਦੇ ਨੇ ਗਿਰ ਪੈਂਦੇ ਨੇ ,ਲਤ ਬਾਂਹ ਟੁੱਟ ਜਾਂਦੀ ਹੈ। ਬਈ ਇਹੋ ਜਿਹੀ ਸੇਵਾ ਉਸ ਵੇਲੇ ਕਰੋ, ਜਦੋਂ ਸੰਗਤ ਨਹੀਂ ਹੁੰਦੀ। ਪਰ ਇਹ ਤੇ ਦਿਖਾਵੇ ਦੀ ਸੇਵਾ ਹੈ। ਉਦੋਂ ਹੀ ਕਰਨੀ ਹੈ। ਇੰਝ ਪਾਣੀ ਦੀ ਬਾਲਟੀ ਮਾਰਨਗੇ, ਅਗਲੇ ਦੇ ਭਾਵੇਂ ਕਪੜੇ ਖ਼ਰਾਬ ਹੋ ਜਾਣ, ਇਹ ਨਹੀਂ ਸੋਚਦੇ ਬਈ:-

ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ॥

ਸੰਗਤ ਗੁਰੂ ਦਾ ਰੂਪ ਹੈ, ਹਰੀ ਦਾ ਰੂਪ ਸਮਝਿਆ ਜਾਏ। ਸਾਕਾਰ ਰੂਪ ਵਿਚ ਗੁਰੂ ਸੰਗਤ ਦੇ ਰੂਪ ਵਿਚ ਹੈ। ਸੰਗਤ ਨੇ ਪ੍ਰਸ਼ਾਦ ਛਕ ਲਿਆ, ਕੜਾਹ ਪ੍ਰਸ਼ਾਦ ਛਕ ਲਿਆ, ਲੰਗਰ ਛਕ ਲਿਆ, ਗੁਰੂ ਨੂੰ ਭੋਗ ਲਗ ਗਿਆ। ਹੁਣ ਜੇਕਰ ਪੜਦਾ ਕਰਕੇ ਅੰਦਰ ਭੋਜਨ ਦੀ ਥਾਲੀ ਰਖ ਕੇ, ਕਹੋ ਜੀ ਭੋਗ ਲਾਉ। ਇਸਦਾ ਮਤਲਬ ਤੁਸੀਂ ਸ਼ਬਦ ਨੂੰ ਆਕਾਰ ਮੰਨਦੇ ਹੋ। ਸ਼ਬਦ ਤੇ ਨਿਰਾਕਾਰ ਹੈ, ਜੋਤ ਹੈ। ਇਸ ਤਰ੍ਹਾਂ ਤੇ ਫਿਰ ਸਰੀਰ ਦੀ ਸਾਰੀ ਕਿਰਿਆ ਜੋੜਨੀ ਪਵੇਗੀ। ਸ਼ਬਦ ਤੇ ਨਿਰਾਕਾਰ ਹੈ। ਇਸ ਦੇ ਨਾਲ ਤੇ ਸੁਰਤ ਜੋੜਨੀ ਹੈ। ਸਾਕਾਰ ਰੂਪ ਦੇ ਵਿਚ ਗੁਰੂ ਹੈ, ਕੌਣ? ਗੁਰੂ ਪੰਥ। ਨਿਰਾਕਾਰ ਦੇ ਰੂਪ ਵਿਚ ਗੁਰੂ ਹੈ, ਕੌਣ? ਗੁਰੂ ਗ੍ਰੰਥ। ਗੁਰੂ ਪੰਥ ਦੀ ਸੇਵਾ ਕਰ, ਗੁਰੂ ਗ੍ਰੰਥ ਦਾ ਸਿਮਰਨ ਕਰ, ਖੇਡ ਤਾਂ ਇੰਝ ਹੈ। ਗੱਲ ਤੇ ਇਤਨੀ ਹੈ। ਇਹਨਾਂ ਦੀਆਂ ਤੇ ਲਤਾਂ ਤੋੜਨੀਆਂ ਨੇ, ਇਹਨਾਂ ਦੇ ਕਪੜੇ ਖ਼ਰਾਬ ਕਰਨੇ ਨੇ, ਪ੍ਰਸ਼ਾਦ ਵੰਡਣਾ ਹੈ ਤੇ ਟੁੱਟ-ਟੁੱਟ ਕੇ ਪੈਣਾ, ਕੌੜਾ ਬਚਨ ਬੋਲ ਕੇ ਵੰਡਣਾ ਹੈ। ਬਈ ਗੁਰੂ ਨੂੰ ਛਕਾ ਰਿਹਾ ਹੈਂ। ਜੋ ਤੂੰ ਕਰ ਰਿਹਾ ਹੈਂ ਇਹ ਸੇਵਾ, ਸੇਵਾ ਨਹੀਂ ਹੈ:-

ਇਕਿ ਸੇਵਕ ਗੁਰ ਪਾਸਿ ਇਕਿ ਗੁਰਿ ਕਾਰੈ ਲਾਈਆ॥

ਗੁਰੂ ਨੇ ਸੇਵਾ ਵਿਚ ਲਾਇਆ ਹੋਇਆ ਹੈ। ਵਾਕਈ ਗੁਰੂ ਦੀ ਸੇਵਾ ਵਿਚ ਲਗਾ ਹੋਇਆ ਹੈ, ਪਹਿਚਾਨ ਕੀ ਹੋਵੇਗੀ? ਭਾਵਨਾ ਨਾਲ ਭਰਿਆ ਹੋਵੇਗਾ, ਹਿਰਦਾ ਭਾਵਨਾ ਨਾਲ ਭਿਜਿਆ ਹੋਇਆ ਹੋਵੇਗਾ। ਵਾਹਿਗੁਰੂ, ਵਾਹਿਗੁਰੂ ਉਸਦਾ ਹਿਰਦਾ ਪਿਆ ਕਰਦਾ ਹੈ ਤੇ ਸੇਵਾ ਪਿਆ ਕਰਦਾ ਹੈ। ਮਹਾਰਾਜ ਕਹਿੰਦੇ ਨੇ ਇਕ ਅੱਧ ਨੂੰ ਉਸ ਨੇ ਸੇਵਾ ਵਿਚ ਲਾਇਆ ਹੋਇਆ ਹੈ, ਇਕ ਅੱਧ ਨੂੰ ਉਸ ਨੇ ਆਪਣੇ ਕੋਲ ਬੈਠਾਇਆ ਹੋਇਆ ਹੈ, ਸਿਮਰਨ ਵਿਚ ਜੋੜਿਆ ਹੋਇਆ ਹੈ। ਗੁਰੂ ਨੇ ਇਸ ਤਰ੍ਹਾਂ ਦੀ ਮਹਿਮਾ ਵਰਤਾਈ ਹੋਈ ਹੈ।

ਜਿਨਾ ਗੁਰੁ ਪਿਆਰਾ ਮਨਿ ਚਿਤਿ ਤਿਨਾ ਭਾਉ ਗੁਰੂ ਦੇਵਾਈਆ॥

ਜਿਨ੍ਹਾਂ ਦੇ ਚਿੱਤ ਵਿਚ ਸੇਵਾ ਕਰਦਿਆਂ ਹੋਇਆਂ, ਭਾਉ ਦੇ ਕੇ ਗੁਰੂ ਆਪ ਵਸਿਆ ਹੈ, ਸਮਝ ਲਉ ਇਹ ਉਹਨਾਂ ਤੇ ਮਹਾਨ ਬਖਸ਼ਿਸ਼ ਹੈ। ਇਹ ਗੁਰੂ ਦੀ ਆਪ ਦਿੱਤੀ ਹੋਈ ਮਹਾਨ ਦੇਣ ਹੈ। ਭਾਉ ਕਰਕੇ ਸਿਮਰਨ ਕਰ ਰਹੇ ਨੇ, ਭਾਉ ਕਰਕੇ ਸੇਵਾ ਕਰ ਰਹੇ ਨੇ।

ਗੁਰ ਸਿਖਾ ਇਕੋ ਪਿਆਰੁ ਗੁਰ ਮਿਤਾ ਪੁਤਾ ਭਾਈਆ॥

ਉਸ ਭਾਉ ਦਾ ਸਦਕਾ ਗੁਰਸਿਖਾਂ ਵਿਚ ਫਿਰ ਪਿਆਰ ਇਸ ਤਰ੍ਹਾਂ ਵਰਤਦਾ ਹੈ ਕਿ ਅਗਰ ਕੋਈ ਵੱਡਾ ਹੈ ਤੇ ਪਿਤਾ ਸਮਾਨ ਹੈ, ਬਰਾਬਰ ਦਾ ਹੈ ਤੇ ਭਰਾ ਸਮਾਨ ਹੈ, ਛੋਟਾ ਹੈ ਤੇ ਪੁਤਰਾਂ ਸਮਾਨ ਹੈ। ਇਸ ਤਰ੍ਹਾਂ ਦਾ ਪਿਆਰ ਹੋ ਜਾਂਦਾ ਹੈ। ਹਿਰਦਾ ਸਾਰਿਆਂ ਲਈ ਭਾਵਨਾ ਨਾਲ ਭਰ ਜਾਂਦਾ ਹੈ।

ਗੁਰੁ ਸਤਿਗੁਰੁ ਬੋਲਹੁ ਸਭਿ ਗੁਰੁ ਆਖਿ ਗੁਰੂ ਜੀਵਾਈਆ॥੧੪॥

ਇਸ ਕਰਕੇ ਸਾਰੇ ਧੰਨ ਧੰਨ ਕਰੋ। ਗੁਰੂ ਦਾ ਬਚਨ ਮੰਨ ੨ ਕੇ ਗੁਰੂ ਦਾ ਬਚਨ ਜਪ ਜਪ ਕੇ ਉਸ ਜੀਵਨ ਦੀ ਪ੍ਰਾਪਤੀ ਹੁੰਦੀ ਹੈ, ਜਿਸ ਨੂੰ ਪਰਮ ਜੀਵਨ ਕਹਿੰਦੇ ਨੇ। ਉਹ ਜੀਵਨ ਗੁਰੂ ਝੋਲੀ ਵਿਚ ਪਾ ਦਿੰਦਾ ਹੈ। ਗੁਰੂ ਬਖ਼ਸ਼ਿਸ਼ ਕਰਨ ਸ਼ਬਦ ਦਾ ਸਾਰ ਸਾਡੇ ਹਿਰਦੇ ਵਿਚ ਵਸੇ ਤਾਕਿ ਜੀਵਨ ਸਫਲ ਹੋ ਸਕੇ।

❋❋❋

# ਰੰਗਾਂ ਦੀ ਵਿਆਖਿਆ
## (ਨਾਮ ਰੰਗ ਦੀ ਮਹਤੱਤਾ)

ਧਨਾਸਰੀ ਮਹਲ ੫

ਜਾਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ॥ ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ ॥੧॥ ਠਾਕੁਰੁ ਗਾਈਐ ਆਤਮ ਰੰਗਿ ॥ ਸਰਣੀ ਪਾਵਨ ਨਾਮ ਧਿਆਵਨ ਸਹਜਿ ਸਮਾਵਨ ਸੰਗਿ॥ ਰਹਾਉ ॥ ਜਨ ਕੇ ਚਰਨ ਵਸਹਿ ਮੇਰੈ ਹੀਅਰੈ ਸੰਗਿ ਪੁਨੀਤਾ ਦੇਹੀ ॥ ਜਨ ਕੀ ਧੂਰਿ ਦੇਹੁ ਕਿਰਪਾ ਨਿਧਿ ਨਾਨਕ ਕੈ ਸੁਖੁ ਏਹੀ ॥ ੨ ॥ ੪ ॥੩੫॥

{ਅੰਗ ੬੭੯}

ਇਸ ਪਾਵਨ ਪਵਿੱਤਰ ਹੁਕਮਨਾਮੇ ਵਿਚ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਨੇ ਹਰੀ ਰੰਗ ਦੀ ਗੱਲ ਕੀਤੀ ਹੈ। ਰੰਗ ਸ਼ਬਦ ਕਈਆਂ ਨਾਲ ਜੁੜਦਾ ਹੈ ਅਤੇ ਜਿਨ੍ਹਾਂ ਵੱਖ ਵੱਖ ਅਵਸਥਾਵਾਂ ਨਾਲ ਜੁੜਦਾ ਹੈ, ਉਹਨਾਂ ਦਾ ਆਪਣਾ ਰੰਗ ਹੈ। ਜੈਸੇ ਰਾਗ ਰੰਗ। ਰਾਗ ਦਾ ਵੀ ਆਪਣਾ ਇਕ ਰੰਗ ਹੈ, ਇਕ ਅਵਸਥਾ ਹੈ, ਇਕ ਖੇੜਾ ਹੈ, ਇਕ ਖ਼ੁਸ਼ੀ ਹੈ ਔਰ ਇਕ ਰੰਗ ਵੀ ਹੈ। ਰੰਗ ਦੇ ਅਰਥ ਪ੍ਰੇਮ-ਰਸ, ਰੰਗ ਦੇ ਅਰਥ ਰੰਗ। ਪ੍ਰੇਮ ਦਾ ਆਪਣਾ ਇਕ ਰੰਗ ਹੈ, ਪ੍ਰੇਮ ਰੰਗੀਨ ਹੈ। ਰਾਗਾਂ ਦਾ ਆਪਣਾ ਰੰਗ ਹੈ। ਰਾਮਕਲੀ ਦਾ ਆਪਣਾ ਰੰਗ ਹੈ, ਬਿਲਾਵਲ ਦਾ ਆਪਣਾ ਰੰਗ ਹੈ, ਸੋਰਠ ਦਾ ਆਪਣਾ ਰੰਗ ਹੈ, ਜੈਜਾਵੰਤੀ ਦਾ ਆਪਣਾ ਰੰਗ ਹੈ। ਸ੍ਰੀ ਰਾਗ ਦਾ ਆਪਣਾ ਰੰਗ ਹੈ, ਭੈਰਉ ਦਾ ਆਪਣਾ ਰੰਗ ਹੈ। ਹਰ ਰਾਗ ਆਪਣਾ ਵੱਖ ਵੱਖ ਰੰਗ ਰਖਦਾ ਹੈ।

ਵਿਕਾਰਾਂ ਦਾ ਵੀ ਆਪਣਾ ਰੰਗ ਹੈ। ਕਰੋਧ ਦਾ ਆਪਣਾ ਇਕ ਰੰਗ ਹੈ, ਲੋਭ ਦਾ ਵੀ ਆਪਣਾ ਰੰਗ ਹੈ, ਕਾਮ ਦਾ ਵੀ ਆਪਣਾ ਇਕ ਰੰਗ ਹੈ। ਅਮਰੀਕਾ ਵਿਚ ਤੇ ਕਨੇਡਾ ਵਿਚ ਪ੍ਰਕਿਰਤੀ ਦਾ ਇਕ ਕਲੋਲ ਦੇਖ ਕੇ ਮੈਂ ਦੰਗ ਰਹਿ ਗਿਆ। ਹਜ਼ਾਰਾਂ ਟੂਰਿਸਟ (Tourist) ਦੇਖਣ ਵਾਸਤੇ ਜਾਂਦੇ ਨੇ। ਜਿਸ ਤਰਹ ਸਾਡੇ ਇੱਥੇ ਅਸੂ, ਕੱਤਕ ਦੀ ਰੁਤ ਹੁੰਦੀ ਹੈ, ਇਸ ਤਰਾਂ ਉਥੇ ਤਕਰੀਬਨ ਇਸ ਰੁਤ ਵਿਚ ਉਥੋਂ ਦੀ ਬਨਸਪਤੀ, ਜੰਗਲ ਦੇ ਦਰਖ਼ਤ ਕਈ ਰੰਗ ਬਦਲਦੇ ਨੇ। ਅੱਜ ਪੀਲੇ ਨੇ ਕਲ ਹਰੇ ਦਿਖਾਈ ਦਿੰਦੇ ਨੇ। ਅੱਜ ਹਰੇ ਨੇ ਕਲ ਲਾਲ ਦਿਖਾਈ ਦਿੰਦੇ ਨੇ। ਅੱਜ ਲਾਲ ਨੇ ਫਿਰ ਉਹਨਾਂ ਦਾ ਜਾਮਨੀ ਰੰਗ ਹੋ ਜਾਂਦਾ ਹੈ। ਦੋ ਚਾਰ ਜੰਗਲਾਂ ਦੇ ਵਿਚ ਪ੍ਰਕਿਰਤੀ ਇਸ ਤਰ੍ਹਾਂ ਦੇ ਰੰਗ ਖਲੇਰਦੀ ਹੈ। ਇਕ ੨ ਦਰਖ਼ਤ ਦੇ ਵਿਚ ਕਈ ੨ ਰੰਗ। ਅੱਜ ਪੀਲਾ ਦਿਖਾਈ ਦੇ ਰਿਹਾ ਹੈ, ਕਲ ਨਹੀਂ। ਉਹੀ ਦਰਖ਼ਤ ਲਾਲ ਹੋ ਗਿਆ ਹੈ, ਇਸੇ ਤਰ੍ਹਾਂ ਹੋਰ। ਥੋੜਾ ਜਿਹਾ ਵੀ ਗਹਿਰੀ ਦਰਿਸ਼ਟੀ ਰਖਣ ਵਾਲਾ ਹਿਰਦਾ, ਕਵੀ ਹਿਰਦਾ, ਵਿਸਮਾਦੀ ਹਿਰਦਾ, ਇਹ ਨਜ਼ਾਰਾ ਦੇਖ ਕੇ ਦੰਗ ਰਹਿ ਜਾਂਦਾ ਹੈ। ਉਥੇ ਮੈਨੂੰ ਖ਼ਿਆਲ ਆਇਆ ਕਿ ਇਸੇ ਤਰ੍ਹਾਂ ਮਨੁਖ ਦੇ ਅੰਦਰ ਵੀ ਕਈ ਰੰਗ ਬਦਲਦੇ ਨੇ। ਹਰ ਅਵਸਥਾ ਦਾ ਆਪਣਾ ਰੰਗ ਹੈ। ਇਸੇ ਵਾਸਤੇ ਭਗਤਾਂ ਨੇ ਅਤੇ ਗੁਰਬਾਣੀ ਨੇ ਬੇਸ਼ੁਮਾਰ ਰੰਗਾਂ ਦਾ ਜ਼ਿਕਰ ਕੀਤਾ ਹੈ। ਭਾਈ ਸਾਹਿਬ ਨੰਦ ਲਾਲ ਜੀ ਕਹਿੰਦੇ ਨੇ:-

ਗੁਲਾਲਿ ਅਫਸ਼ਾਨੀਇ ਦਸਤਿ ਮੁਬਾਰਿਕ।
ਜ਼ਮੀਨੋ ਆਸਮਾਂ ਰਾ ਸੁਰਖਰੂ ਕਰਦ। (ਗਜ਼ਲ ੩੩)

ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੀ ਉਪਮਾ ਕਰਦੇ ਨੇ। ਹੋਲੀ ਦੇ ਦਿਨਾਂ ਵਿਚ ਗੁਲਾਲ ਛਿੜਕਦੇ ਸਨ। ਇਕ ਦੂਜੇ ਦੇ ਉੱਪਰ ਪਾਉਂਦੇ ਸਨ। ਐਹ ਕਲਗੀਧਰ ਪਾਤਸ਼ਾਹ! ਤੁਸੀਂ ਗੁਲਾਲ ਕੀ ਛਿੜਕਿਆ, ਜ਼ਮੀਨ ਤੇ ਆਸਮਾਨ ਸੁਰਖ਼ ਹੋ ਗਏ ਨੇ। ਦਿਲ ਤੇ ਦਿਮਾਗ਼ ਸੁਰਖ਼ ਹੋ ਗਏ ਨੇ। ਮਨ ਤੇ ਆਤਮਾ ਸੁਰਖ਼ ਰੰਗ ਨਾਲ ਰੰਗੇ ਗਏ ਨੇ। ਹੋਰ ਰੰਗਾਂ ਦਾ ਜ਼ਿਕਰ ਵੀ ਕਰਦੇ ਨੇ:-

ਜ਼ਹੇ ਪਿਚਕਾਰੀਏ ਪੁਰ ਜ਼ਾਅਫ਼ਰਾਨੀ
ਕਿ ਹਰ ਬੇਰੰਗ ਰਾ ਖ਼ੁਸ਼ਰੰਗੋ ਬੂ ਕਰਦ। (ਗ਼ਜ਼ਲ ੩੩)

ਜ਼ਾਅਫ਼ਰਾਨੀ (ਕੇਸਰ) ਸੈਫ਼ਰਨ। ਕੇਸਰ ਨੂੰ ਫ਼ਾਰਸੀ ਵਿਚ ਜ਼ਾਅਫ਼ਰਾਨ ਕਹਿੰਦੇ ਨੇ। ਐ ਕਲਗੀਧਰ ਪਾਤਸ਼ਾਹ! ਤੁਹਾਡੇ ਹੱਥ ਦੇ ਵਿਚ ਜ਼ਾਅਫ਼ਰਾਨੀ ਰੰਗ ਦੀ, ਕੇਸਰੀ ਰੰਗ ਦੀ ਪਿਚਕਾਰੀ ਹੈ (ਜਿਸ ਪਿਚਕਾਰੀ ਦੇ ਨਾਲ ਹੋਲੀਆਂ ਦੇ ਦਿਨਾਂ ਵਿਚ ਰੰਗ ਪਾਉਂਦੇ ਨੇ) ਅਤੇ ਤੁਸੀਂ ਕੇਸਰ ਰੰਗ ਨਾਲ ਹਰ ਬੇਰੰਗ ਨੂੰ ਰੰਗੀਨ ਕਰ ਦਿੱਤਾ ਹੈ। ਐਸੀ ਇਹ ਕੇਸਰ ਦੀ ਪਿਚਕਾਰੀ ਤੁਸੀਂ ਚਲਾਈ, ਹਰ ਬੇਰੰਗ ਨੂੰ ਤੁਸੀਂ ਰੰਗ ਚਾੜ੍ਹ ਦਿੱਤਾ ਹੈ। ਅੱਗੇ ਦੋ ਰੰਗਾਂ ਕੇਸਰੀ ਰੰਗ ਤੇ ਲਾਲ ਰੰਗ ਦਾ ਜ਼ਿਕਰ ਕਰਦੇ ਨੇ, ਲਾਜ਼ਮੀ ਹੈ ਦੋ ਅਵਸਥਾਵਾਂ ਹੋਣਗੀਆਂ। ਨਹੀਂ ਤੇ ਇਕੋ ਹੀ ਰੰਗ ਦਾ ਜ਼ਿਕਰ ਕਰ ਦਿੰਦੇ, ਬਈ ਗੁਲਾਲ ਹੀ ਠੀਕ ਸੀ। ਹੋਰ ਅਗਾਂਹ ਚਲੀਏ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵੀ ਬੜੇ ਵਾਕ ਨੇ:-

ਕਵਨ ਬਨੀ ਰੀ ਤੇਰੀ ਲਾਲੀ॥
ਕਵਨ ਰੰਗਿ ਤੂੰ ਭਈ ਗੁਲਾਲੀ॥ (ਅੰਗ ੩੮੪)

ਖ਼ੂਨ ਦਾ ਰੰਗ ਪ੍ਰਭੂ ਨੇ ਲਾਲ ਬਣਾਇਆ ਹੈ ਅਤੇ ਖ਼ੂਨ ਜੀਵਨ ਹੈ, ਜ਼ਿੰਦਗੀ ਹੈ। ਖ਼ੂਨ ਥੋੜਾ ਘਟ ਜਾਏ, ਮਨੁਖ ਕੰਮਜ਼ੋਰ ਹੋ ਜਾਂਦਾ ਹੈ। ਜਿਉਣਾ ਔਖਾ ਹੋ ਜਾਂਦਾ ਹੈ। ਡਾਕਟਰ ਫਿਰ ਓਪਰਾ ਖ਼ੂਨ ਚਾੜ੍ਹਦੇ ਨੇ। ਬਈ ਇਸਦੇ ਵਿਚ ਖ਼ੂਨ ਘਟ ਗਿਆ ਹੈ, ਇਹਦੇ ਵਿਚ ਖ਼ੂਨ ਨਹੀਂ ਹੈ, ਕਿਉਂਕਿ ਖ਼ੂਨ ਜ਼ਿੰਦਗੀ ਹੈ। ਦੁਨੀਆ ਵਿਚ ਕੁਝ ਇਸ ਤਰਾਂ ਦੇ ਮਰੀਜ਼ ਵੀ ਹਨ, ਹਰ ਤਰਾਂ ਦਾ ਉਹ ਫਲ ਖ਼ਾਂਦੇ ਨੇ, ਦੁੱਧ ਪੀਂਦੇ ਨੇ ਪਰ ਖ਼ੂਨ ਨਹੀਂ ਬਣਦਾ। ਇੱਥੇ ਹੀ (ਅੰਮ੍ਰਿਤਸਰ) ਕਲ ਪਰਸੋਂ ਮੈਂ ਇਕ ਬੱਚਾ ਦੇਖਿਆ, ਉਸਦਾ ਖ਼ੂਨ ਨਹੀਂ ਬਣਦਾ। ਮਹੀਨੇ ਦੇ ਮਹੀਨੇ ਓਪਰਾ ਖ਼ੂਨ ਚਾੜ੍ਹਨਾ ਪੈਂਦਾ ਹੈ। ਦੇਹਰਾਦੂਨ ਵਿਚ ਮੈਂ ਇਕ ਡਾਕਟਰ ਦਾ ਲੜਕਾ ਦੇਖਿਆ, ਉਹ ਡਾਕਟਰ ਵੀ ਰੋ ਪਿਆ। ਕਹਿਣ ਲੱਗਾ ਇਕੋ ਇਕ ਬੱਚਾ ਪਰ ਇਸ ਦਾ ਖ਼ੂਨ ਨਹੀਂ ਬਣਦਾ ਤੇ ਓਪਰਾ ਚਾੜ੍ਹਨਾ ਪੈਂਦਾ ਹੈ। ਹਰ ਮਹੀਨੇ, ਹਜ਼ਾਰਾਂ ਰੁਪਇਆਂ ਦਾ ਖ਼ੂਨ ਚਾੜ੍ਹਨਾ, ਕੋਈ ਮਨੁਖ ਵੀ ਬਰਦਾਸ਼ਤ ਨਹੀਂ ਕਰ ਸਕਦਾ। ਕੋਈ ਸੰਪੰਨ ਹੀ ਬਰਦਾਸ਼ਤ ਕਰੇਗਾ। ਪ੍ਰਕਿਰਤੀ ਬੜੇ ਸੌਖੇ ਢੰਗ ਨਾਲ ਖ਼ੂਨ ਬਣਾਉਂਦੀ ਹੈ। ਖ਼ੂਨ ਦਾ ਰੰਗ ਲਾਲ ਹੈ। ਕਹਿੰਦੇ ਨੇ ਪਿਆਰ ਦਾ ਰੰਗ ਵੀ ਲਾਲ ਹੈ ਔਰ ਪ੍ਰੇਮ ਵਾਕਈ ਇਕ ਜੀਵਨ ਹੈ। ਪ੍ਰੇਮ ਤੋਂ ਹੀਣਾ ਮਨੁਖ ਮੁਰਦਾ ਹੈ। ਈਸ਼ਵਰ ਨੂੰ ਵੀ ਪਿਆਰ ਰੂਪ ਕਰਕੇ ਕਲਗੀਧਰ ਪਾਤਸ਼ਾਹ ਨੇ ਬਿਆਨ ਕੀਤਾ ਹੈ ਤੇ ਪਿਆਰ ਦਾ ਰੰਗ ਲਾਲ ਹੈ।

ਲਾਲੁ ਗੁਲਾਲੁ ਗਹਬਰਾ ਸਚਾ ਰੰਗੁ ਚੜਾਉ॥ (ਅੰਗ ੧੮)

ਗੁਰੂ ਗ੍ਰੰਥ ਸਾਹਿਬ ਵਿਚ ਇਕ ਜਗ੍ਹਾ ਨਹੀਂ ਬਹੁਤ ਸਾਰੀਆਂ ਥਾਵਾਂ ਤੇ ਆਏਗਾ। ਪਹਿਲੇ ਮੈਂ ਇਸ ਨੂੰ ਇਸ ਤਰਾਂ ਲਿਆ ਕਿ ਇਹ ਅਵਸਥਾਵਾਂ ਨੇ। ਲਾਲ ਰੰਗ ਦੀ

ਆਪਣੀ ਅਵਸਥਾ ਹੋਵੇਗੀ, ਚਲੋ ਪ੍ਰੇਮ ਸਹੀ, ਪਿਆਰ ਹੈ। ਹਰੇ ਰੰਗ ਦੀ ਆਪਣੀ ਅਵਸਥਾ ਹੋਵੇਗੀ। ਕਹਿੰਦੇ ਨੇ ਇਹ ਹਰਾ ਰੰਗ ਮੁਹੰਮਦ ਸਾਹਿਬ ਨੂੰ ਬੜਾ ਪਿਆਰਾ ਲਗਦਾ ਸੀ। ਅਰਬ ਦੇਸ਼, ਮਾਰੂਥਲ, ਪਾਣੀ ਦੀ ਕਮੀ, ਹਰੀਆਵਲ ਹੈ ਨਹੀਂ। ਸੈਂਕੜੇ ਮੀਲਾਂ ਤਕ ਸਹਰਾ (Desert) ਹੀ ਸਹਰਾ, ਮਾਰੂਥਲ। ਕਿਧਰੇ ਚਾਰ ਦਰਖ਼ਤ ਖੜੇ ਹੋਣ ਉਸਨੂੰ ਕਹਿੰਦੇ ਨੇ ਨਖ਼ਲਿਸਤਾਨ। ਅਰਬੀ ਲੋਕਾਂ ਨੂੰ ਇਹ ਚਾਰ ਹਰੇ ਰੰਗ ਦੇ ਦਰਖ਼ਤ ਬੜਾ ਪ੍ਰਭਾਵਿਤ ਕਰਦੇ ਨੇ। ਮੁਹੰਮਦ ਸਾਹਿਬ ਦਾ ਬਹੁਤਾ ਹੀ ਪਿਆਰ ਸੀ ਹਰੇ ਰੰਗ ਦੇ ਨਾਲ। ਤੇ ਜ਼ਰੂਰ ਕੋਈ ਹਰੇ ਰੰਗ ਦੀ ਉਹਨਾਂ ਦੇ ਅੰਦਰ ਧਾਰੀ ਬਣਦੀ ਹੋਵੇਗੀ। ਇਕ ਅਵਸਥਾ ਹੋਵੇਗੀ। ਪਹਿਲੇ ਮੈਂ ਇਹ ਸੋਚਿਆ ਕਿ ਇਹ ਬਾਰ ਬਾਰ ਰੰਗਾਂ ਦਾ ਜ਼ਿਕਰ ਹੈ। ਫਿਰ ਇਸਦੀ ਗਹਿਰਾਈ ਵਿਚ ਦਿਸਿਆ ਕਿ ਇਹ ਤੇ ਅਵਸਥਾਵਾਂ ਨੇ ਪਰ ਸਿਰਫ ਅਵਸਥਾ ਹੀ ਨਹੀਂ, ਅਵਸਥਾ ਦਾ ਆਪਣਾ ਰੰਗ ਹੈ। ਇਸ ਵਾਸਤੇ ਵੱਖ ਵੱਖ ਰੰਗਾਂ ਦਾ ਜ਼ਿਕਰ ਹੈ। ਜਿਹੜੇ ੨ ਰੰਗ ਅਵਸਥਾਵਾਂ ਨਾਲ ਤੁਅੱਲੁਕ ਰਖਦੇ ਨੇ, ਸੰਬੰਧ ਰਖਦੇ ਨੇ, ਜਿਵੇਂ ਇਸ ਪਾਵਨ ਪਵਿੱਤਰ ਵਾਕ ਵਿਚ ਹਰੀ ਰੰਗ ਦੀ ਗੱਲ ਹੈ:-

ਜਾ ਕਉ ਹਰਿ ਰੰਗੁ ਲਾਗੋ...॥

ਹਰੀ ਦਾ ਰੰਗ, ਅੱਖਰੀ ਅਰਥ ਤੇ ਇਹੀ ਹੈ, ਜਿਸ ਨੂੰ ਹਰੀ ਦਾ ਪ੍ਰੇਮ, ਜਿਸਦੇ ਅੰਦਰ ਹਰੀ ਦਾ ਪਿਆਰ ਪੈਦਾ ਹੋ ਗਿਆ। ਜਿਸਨੂੰ ਹਰੀ ਦਾ ਰੰਗ ਲਗ ਗਿਆ। ਪਿਆਰ ਦਾ ਆਪਣਾ ਇਕ ਰੰਗ ਵੀ ਹੈ, ਪਿਆਰ ਇਕ ਅਵਸਥਾ ਵੀ ਹੈ। ਜੈਸੇ ਸਰੀਰ ਦੀ ਅਵਸਥਾ ਹੈ, ਬਚਪਣਾ, ਜਵਾਨੀ, ਬੁਢੇਪਾ। ਇਹ ਕਿਸੇ ਕੋਲੋਂ ਸਿੱਖਣ ਦੀ ਲੋੜ ਨਹੀਂ ਕਿ ਮੈਂ ਜਵਾਨ ਕਿਵੇਂ ਹੋਵਾਂ। ਭੋਜਨ ਖਾਂਦਾ ਜਾਏਗਾ, ਇਕ ਦਿਨ ਬਚਪਣਾ ਜਵਾਨੀ ਵਿਚ ਬਦਲ ਜਾਏਗਾ। ਇਹ ਕਿਸੇ ਕੋਲੋਂ ਸਿਖਸ਼ਾ ਆਦਿ ਲੈਣ ਦੀ ਲੋੜ ਨਹੀਂ ਕਿ ਮੈਂ ਬੁੱਢਾ ਕਿਵੇਂ ਹੋਵਾਂ। ਸਹਿਜੇ ੨ ਜਵਾਨੀ ਹੀ ਬੁਢੇਪੇ ਵਿਚ ਬਦਲ ਜਾਏਗੀ। ਜੇ ਸਰੀਰ ਇਤਨੇ ਰੂਪ ਬਦਲਦਾ ਹੈ, ਮਨ ਤੇ ਹਜ਼ਾਰਾਂ ਰੂਪ ਬਦਲਦਾ ਹੈ। ਅੰਦਰ ਦੀ ਅਵਸਥਾ ਤੇ ਹਜ਼ਾਰਾਂ ਰੂਪ ਧਾਰਨ ਕਰਦੀ ਹੈ ਔਰ ਉਹਨਾਂ ਰੂਪਾਂ ਦਾ ਆਪਣਾ ਰੰਗ ਹੈ। ਜੈਸੇ ਬਚਪਨ ਦੇ ਵਿਚ ਅਸੀਂ ਕੁਝ ਹੋਰ ਰੂਪ ਧਾਰਨ ਕਰਦੇ ਹਾਂ, ਜਵਾਨੀ ਵਿਚ ਕੁਝ ਹੋਰ ਦਿਖਾਈ ਦਿੰਦੇ ਹਾਂ। ਜਵਾਨੀ ਵਿਚ ਕੇਸਾਂ ਦਾ ਰੰਗ ਕਾਲਾ ਹੁੰਦਾ ਹੈ, ਬੁਢੇਪੇ ਵਿਚ ਚਿੱਟਾ ਹੋ ਜਾਂਦਾ ਹੈ। ਅਸੀਂ ਆਪਣੇ ਸਰੀਰ ਵਿਚ ਹੀ ਦੇਖ ਸਕਦੇ ਹੈ, ਪ੍ਰਕਿਰਤੀ ਰੰਗ ਬਦਲ ਦਿੰਦੀ ਹੈ। ਅਵਸਥਾ ਦੇ ਨਾਲ ੨ ਸਰੀਰ ਦੇ ਵੀ ਰੰਗ ਬਦਲਦੇ ਨੇ। ਮਨ ਦੇ ਤਲ ਤੇ ਵੀ ਅਵਸਥਾ ਦੇ ਨਾਲ ੨ ਰੰਗ ਬਦਲਦੇ ਨੇ। ਅਜੋਕਾ ਮਨੋ-ਵਿਗਿਆਨ ਵੀ ਇਹ ਤਸਲੀਮ ਕਰਨ ਲਗ ਪਿਆ ਹੈ, ਜਿਹੜਾ ੨ ਰੰਗ ਕਿਸੇ ਮਨੁਖ ਨੂੰ ਜ਼ਿਆਦਾ ਪ੍ਰਭਾਵਿਤ ਕਰਦਾ ਹੈ, ਉਸ ਤੋਂ ਉਸਦੀ ਮਾਨਸਿਕ ਅਵਸਥਾ ਨੂੰ ਸਮਝਿਆ ਜਾ ਸਕਦਾ ਹੈ ਬਈ ਇਸਦੇ ਮਨ ਦੀ ਅਵਸਥਾ ਕੀ ਹੈ। ਗੁਣੀ ਜਨ ਤਾਂ ਐਸਾ ਵੀ ਕਹਿੰਦੇ ਨੇ, ਜਿਹੜਾ ਰਾਗ ਹੈ ਇਹ ਵੀ ਪ੍ਰਭਾਵਿਤ ਕਰਦਾ ਹੈ। ਕਿਸੇ ਨੂੰ ਕਲਿਆਣ ਰਾਗ, ਕਿਸੇ ਨੂੰ ਮਾਲਕਉਂਸ, ਕਿਸੇ ਨੂੰ ਜੈਜਾਵੰਤੀ ਅਤੇ ਕਿਸੇ ਨੂੰ ਸ੍ਰੀ ਰਾਗ। ਸਵੇਰ ਦੇ ਸਮੇਂ ਕਿਸੇ ਨੂੰ ਸੋਰਠ ਰਾਗ ਅਤੇ ਕਿਸੇ ਨੂੰ ਬਿਲਾਵਲ ਰਾਗ ਪ੍ਰਭਾਵਿਤ ਕਰਦਾ ਹੈ। ਇਹਨਾਂ ਰਾਗਾਂ ਦੇ ਪ੍ਰਭਾਉ ਤੋਂ ਵੀ ਦੂਜੇ ਦੀ ਮਾਨਸਿਕ ਅਵਸਥਾ ਨੂੰ ਸਮਝਿਆ ਜਾ ਸਕਦਾ ਹੈ।

ਇਹ ਜੋ ਸਾਡਾ ਸਰੀਰ ਹੈ ਇਹ ਤਿੰਨ ਰੂਪਾਂ ਵਿਚ ਰੰਗ ਬਦਲਦਾ ਹੈ। ਬਚਪਨ, ਜਵਾਨੀ ਅਤੇ ਬੁਢੇਪਾ ਪਰ ਮਨ ਦੇ ਰੂਪ ਤੇ ਪਲ ੨ ਵਿਚ ਬਦਲਦੇ ਨੇ:-

ਖਿਨ ਮਹਿ ਅਵਰੁ ਖਿਨੈ ਮਹਿ ਅਵਰਾ....॥(ਅੰਗ ੬੧੩)

ਜਿਥੇ ਪਰਮਾਤਮਾ ਦੇ :-

...ਅਨੰਤ ਰੂਪ ਤੇਰੇ ਨਾਰਾਇਣਾ॥(ਅੰਗ ੧੧੬੩)

ਮਨ ਦੇ ਵੀ ਅਨੇਕਾਂ ਰੂਪ ਨੇ, ਅਨੰਤ ਰੂਪ ਨੇ। ਜਦ ਅਨੰਤ ਅਵਸਥਾਵਾਂ ਨੇ ਤੇ ਫਿਰ ਉਹਨਾਂ ਦਾ ਆਪਣਾ ੨ ਰੰਗ ਵੀ ਹੈ। ਲਾਲ ਰੰਗ ਨੂੰ ਨਾਮ ਦਾ ਰੰਗ ਵੀ ਆਖ ਦਿੱਤਾ ਗਿਆ ਹੈ। ਨਾਮ ਨਾਲ ਜਦ ਪਿਆਰ ਹੋ ਗਿਆ। ਪ੍ਰਭੂ ਨਾਲ ਜਦ ਪਿਆਰ ਹੋ ਗਿਆ। ਲਾਲ ਰੰਗ ਨੂੰ ਰਤਾ ਰੰਗ ਵੀ ਕਹਿੰਦੇ ਨੇ। ਲਹਿੰਦੇ ਪੰਜਾਬ ਵਿਚ, ਝੰਗ ਮਘਿਆਣਾ, ਮੁਲਤਾਨ, ਫਰੰਟੀਅਰ ਦੇ ਇਲਾਕੇ ਵਿਚ ਲਾਲ ਨਹੀਂ ਕਹਿੰਦੇ ਸਨ ਰਤਾ ਕਹਿੰਦੇ ਸਨ। ਰਤਾ ਰੰਗ ਹੈ, ਭਾਵ ਲਾਲ ਰੰਗ ਹੈ। ਇਹ ਤੇ ਰਤਿਆ ਗਿਆ ਹੈ (ਰੰਗਿਆ ਗਿਆ ਹੈ)। ਇਹ ਤੇ ਪਿਆਰ ਦੇ ਵਿਚ ਭਿੱਜ ਗਿਆ ਹੈ। ਰਤੇ ਦਾ ਮਤਲਬ ਪਿਆਰ। ਰਤੇ ਦੇ ਅਰਥ ਲਾਲ ਰੰਗ। ਜੈਸੇ ਕਲਗੀਧਰ ਪਾਤਸ਼ਾਹ ਕਹਿੰਦੇ ਨੇ:-

ਏਕ ਰਤੀ ਬਿਨੁ ਏਕ ਰਤੀ ਕੇ॥(ਸਵੈਯੇ ਪਾਤਸ਼ਾਹੀ ੧੦)

ਇਸ ਸ਼ਬਦ ਵਿਚ ਰਤੀ ਦੋ ਦਫ਼ਾ ਆਇਆ ਹੈ। ਰਤੀ ਪਿਆਰ, ਰਤੀ ਪ੍ਰੇਮ, ਇਕ ਦੇ ਪਿਆਰ ਤੋਂ ਬਿਨਾਂ ਮਨੁਖ ਇਕ ਰੱਤੀ ਵਰਗਾ ਹੀ ਹੈ। ਦੂਜਾ ਰਤੀ (ਰੱਤੀ) ਇਕ ਛੋਟਾ ਜਿਹਾ ਫਲ, ਸਰਾਫ਼ਾਂ ਕੋਲ ਹੁੰਦਾ ਹੈ। ਕਹਿੰਦੇ ਨੇ ਤੋਲਣ ਦੇ ਪੈਮਾਨੇ ਰੱਤੀ ਤੋਂ ਬਣੇ। ਜੰਮੂ ਕਸ਼ਮੀਰ, ਹਿਮਾਚਲ ਵਿਚ ਐਸੇ ਬਹੁਤ ਦਰਖ਼ਤ ਨੇ ਜਿਨ੍ਹਾਂ ਨਾਲ ਵੇਲਾਂ ਲਗੀਆ ਹੋਈਆਂ ਹੁੰਦੀਆਂ ਨੇ। ਇਕ ੨ ਬੂਟੇ ਨੂੰ ਹਜ਼ਾਰਾਂ ਰਤੀਆਂ ਲਗੀਆਂ ਹੋਈਆਂ ਹੁੰਦੀਆਂ ਨੇ ਪਰ ਸਾਰਿਆਂ ਦਾ ਵਜ਼ਨ ਇਕੋ ਹੀ ਹੁੰਦਾ ਹੈ। ਸਾਰਿਆਂ ਦਾ ਰੰਗ ਵੀ ਇਕੋ ਹੀ ਹੁੰਦਾ ਹੈ। ਕਿਹੜਾ ਰੰਗ? ਲਾਲ ਰੰਗ। ਲਾਲ ਰੰਗ ਨੂੰ ਹੀ ਰਤਾ ਰੰਗ ਕਹਿੰਦੇ ਨੇ। ਰਤਾ ਰੰਗ ਲਹੂ ਦਾ ਵੀ ਹੈ। ਇਸ ਕਰਕੇ ਲਹੂ ਨੂੰ ਕਹਿੰਦੇ ਨੇ ਰਤ।

ਰਤ= ਲਹੂ,
ਰਤ= ਲਾਲ ਰੰਗ।

ਉਹ ਰੱਤੀਆਂ ਦਰਅਸਲ ਕੋਈ ਭਾਵੇਂ ਮੁਫ਼ਤ ਵਿਚ ਚੁਣ ਲਵੇ। ਜਿਸ ਦੀ ਕੋਈ ਕੀਮਤ ਨਾ ਹੋਵੇ, ਜੋ ਬਿਲਕੁਲ ਮਾਮੂਲੀ ਹੋਵੇ ਤੇ ਫਿਰ ਮਨੁਖ ਤਸ਼ਬੀਹ ਦਿੰਦਾ ਹੈ, ਕੁਛ ਨਹੀਂ ਇਹ ਤੇ ਰੱਤੀ ਵਰਗਾ ਹੈ। ਕੁਛ ਵੀ ਨਹੀਂ। ਕਿਸੇ ਕੋਲੋਂ ਬਹੁਤ ਥੋੜੀ ਚੀਜ਼ ਮੰਗਣੀ ਹੋਵੇ ਤਾਂ ਕਹਿੰਦੇ ਨੇ, ਰੱਤੀ ਭਰ ਦੇ ਦੇ ਭਾਵ ਥੋੜੀ ਜਿਹੀ। ਮਹਾਰਾਜ ਕਹਿੰਦੇ ਨੇ:-

ਏਕ ਰਤੀ ਬਿਨੁ ਏਕ ਰਤੀ ਕੇ॥

ਇਕ ਦੇ ਵਿਚ ਰਤੀ ਤੋਂ ਬਿਨਾਂ, ਇਕ ਦੇ ਪਿਆਰ ਤੋਂ ਬਿਨਾਂ, ਮਨੁਖ ਕੁਛ ਵੀ ਨਹੀਂ ਹੈ। ਰਤੀ ਦਾ ਰੰਗ ਲਾਲ ਹੈ।ਰਤੀ ਦੇ ਅਰਥ ਨੇ ਲਾਲ। ਰਤ ਦੇ ਅਰਥ ਨੇ, ਲਾਲ। ਰਤ ਦਾ ਅਰਥ ਹੈ, ਖ਼ੂਨ।

ਲਾਲੁ ਗੁਲਾਲੁ ਗਹਬਰਾ ਸਚਾ ਰੰਗੁ ਚੜਾਉ॥

ਕੁਛ ਰੰਗਾਂ ਦਾ ਜ਼ਿਕਰ ਧੰਨ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈ। ਸੱਚੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਨੇ ਵੀ ਇਹਨਾਂ ਦਾ ਜ਼ਿਕਰ ਕੀਤਾ ਹੈ, ਜਿਸ ਦੀ ਵਿਆਖਿਆ ਮੈਨੂੰ ਪੜ੍ਹਨ ਨੂੰ ਮਿਲੀ ਜਨਮ-ਸਾਖੀ ਵਿਚ। ਲੰਬੀ ਚੌੜੀ ਭੂਮਿਕਾ ਹੈ। ਮਾਤਾ ਤ੍ਰਿਪਤਾ ਜੀ ਮੋਹ ਵਸ ਹੋਕੇ, ਮਮਤਾ ਵਸ ਹੋ ਕੇ ਸਤਿਗੁਰੂ ਨਾਨਕ ਦੇਵ ਜੀ ਨੂੰ ਕਹਿਣ ਲਗੇ:-

ਘਰ ਰਹੋਂ ਤੇ ਤਰਾਂ ੨ ਦੇ ਪਕਵਾਨ ਬਣਾ ਕੇ ਮੈਂ ਤੈਨੂੰ ਖਿਲਾਵਾਂ। ਨਮਕੀਨ ਪਦਾਰਥ, ਖਟ-ਮਿਠੜੇ, ਕਰਕਰੇ ਇਹ ਛਕਾਵਾਂ।

ਜ਼ਬਾਨ ਦੇ ਛੇ ਰਸ ਮੰਨੇ ਗਏ ਨੇ।

1. ਮਿੱਠਾ 2. ਸਲੂਣਾ 3. ਚਰਪਰਾ-ਤਿੱਖਾ

4. ਕਸੈਲਾ 5. ਖੱਟਾ 6.ਕੌੜਾ

ਉਹਨਾਂ ਵਿਚ ਕੌੜਾ ਵੀ ਇਕ ਰਸ ਹੈ। ਕੁੜੱਤਣ ਵੀ ਇਕ ਰਸ ਹੈ। ਮਿਰਚਾਂ ਬਿਲਕੁਲ ਨਾ ਹੋਵਣ ਤੇ ਅਗਲਾ ਕਹਿ ਦਿੰਦਾ ਹੈ, ਸਬਜ਼ੀ ਤੇ ਮਿੱਠੀ ਹੈ, ਕੁੜੱਤਣ ਵੀ ਚਾਹੀਦੀ ਹੈ। ਜਦੋਂ ਮਾਤਾ ਜੀ ਨੇ ਕਿਹਾ ਕਿ ਭਰ੍ਹਾਂ ੨ ਦੇ ਪਦਾਰਥ ਬਣਾ ਕੇ ਤੁਹਾਨੂੰ ਦੇਵਾਂ। ਮਰਦਾਨਾ ਕਹਿੰਦਾ ਮਾਤਾ ਜੀ ਕਈ ੨ ਦਿਨ ਭੁੱਖਿਆਂ ਰਹਿਣਾ ਪੈਂਦਾ ਹੈ। ਕਈ ੨ ਦਿਨ ਰਸਤੇ ਵਿਚ ਅੰਨ-ਪਾਣੀ ਕੁਝ ਵੀ ਨਹੀਂ ਹੁੰਦਾ। ਇਧਰ ਮਾਤਾ ਦੀ ਮਮਤਾ। ਸਤਿਗੁਰ ਜ਼ਿਕਰ ਕਰਦੇ ਨੇ:-

ਮਾਤਾ ਪ੍ਰੀਤਿ ਕਰੇ ਪੁਤੁ ਖਾਇ॥{ਅੰਗ ੧੬੪}

ਅਗਰ ਪੁੱਤਰ ਸ਼ੌਕ ਨਾਲ ਖਾਵੇ ਤਾਂ ਮਾਂ ਦੀ ਪ੍ਰੀਤ ਬਹੁਤ ਵਧ ਜਾਂਦੀ ਹੈ। ਖਾਂਦਿਆਂ ਦੇਖ ਕੇ ਹੀ ਉਹ ਜਿਊਂਦੀ ਹੈ। ਖਾਂਦਿਆਂ ਦੇਖ ਕੇ ਉਹ ਖੁਸ਼ ਹੁੰਦੀ ਹੈ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਨੇ, ਅਸੀਂ ਤੇ ਛੱਤੀ ਪ੍ਰਕਾਰ ਦੇ ਭੋਜਨ ਹਰ ਵਕਤ ਛਕਦੇ ਹਾਂ। ਮਾਤਾ ਜੀ ਕਹਿਣ ਲਗੇ,ਪਤਾ ਨਹੀਂ ਕਿਹੜੇ ਛੱਤੀ ਪ੍ਰਕਾਰ ਦੇ ਭੋਜਨ ਛਕਦੇ ਹੋ ਅਤੇ ਕੌਣ ਛਕਾਉਂਦਾ ਹੈ। ਮਰਦਾਨਾ ਤੇ ਕਹਿੰਦਾ ਹੈ ਕਈ ੨ ਦਿਨ ਭੁੱਖਿਆਂ ਰਹਿਣਾ ਪੈਂਦਾ ਹੈ। ਉਥੇ ਮੇਰੇ ਪਾਤਸ਼ਾਹ ਨੇ ਜਿਹੜਾ ਸ਼ਬਦ ਸ੍ਰੀ ਰਾਗ ਵਿਚ ਉਚਾਰਨ ਕੀਤਾ ਹੈ, ਜਨਮ ਸਾਖੀ ਵਿਚ ਉਸ ਦੀ ਵਿਆਖਿਆ ਹੈ ਅਤੇ ਗੁਰ ਪਰਤਾਪ ਸੂਰਜ ਵਿਚ ਵੀ ਹੈ। ਕਵੀ ਸੰਤੋਖ ਸਿੰਘ ਜੀ ਨੇ ਲਿਖੀ ਹੈ। ਹੋ ਸਕਦਾ ਹੈ ਜਨਮ ਸਾਖੀ ਨੂੰ ਪੜ੍ਹ ਕੇ ਹੀ ਉਹਨਾਂ ਨੇ ਜਗ੍ਹਾ ੨ ਭਰਮਣ ਕੀਤਾ ਹੋਵੇ। ਕੁਝ ਇਤਿਹਾਸ ਉਹਨਾਂ ਨੇ ਪੜ੍ਹਿਆ ਹੈ ਅਤੇ ਕੁਝ ਇਤਿਹਾਸ ਉਹਨਾਂ ਨੇ ਲਭਿਆ ਹੈ। ਬੇਸ਼ਤਰ ਥਾਵਾਂ ਤੇ ਇਤਿਹਾਸਿਕ ਅਸਥਾਨ ਤੇ ਸਨ ਪਰ ਇਤਿਹਾਸ ਵਿਚ ਲਿਖਤ ਰੂਪ ਵਿਚ ਉਹਨਾਂ ਦਾ ਕੋਈ ਜ਼ਿਕਰ ਨਹੀਂ ਸੀ। ਕਿਧਰੇ ੨ ਇਤਿਹਾਸ ਤੇ ਸੀ ਪਰ ਇਤਿਹਾਸਿਕ ਅਸਥਾਨ ਨਹੀਂ ਸਨ। ਬਹੁਤ ਸਾਰੇ ਅਸਥਾਨਾਂ ਨੂੰ ਫਿਰ ਮਹਾਰਾਜਾ ਰਣਜੀਤ ਸਿੰਘ ਨੇ ਬਣਵਾਇਆ। ਕਵੀ ਸੰਤੋਖ ਸਿੰਘ ਨੇ ਭਰਮਣ ਕਰਕੇ ਬੜੀ ਮਿਹਨਤ ਕੀਤੀ, ਬੜਾ ਉਪਰਾਲਾ ਕੀਤਾ। ਉਥੇ ਜਾ ੨ ਕੇ ਜੋ ਇਤਿਹਾਸ ਸੀ ਉਸ ਨੂੰ ਫਿਰ ਲਿਖਤੀ ਰੂਪ ਦਿੱਤਾ।

ਧੰਨ ਗੁਰੂ ਨਾਨਕ ਦੇਵ ਜੀ ਮਾਤਾ ਜੀ ਨੂੰ ਕਹਿਣ ਲੱਗੇ ਤੁਸੀਂ ਦੁਖੀ ਨਾ ਹੋਵੋ, ਅਸੀਂ ਤ੍ਰਿਪਤ ਰਹਿੰਦੇ ਹਾਂ ਅਤੇ ਛੱਤੀ ਪ੍ਰਕਾਰ ਦੇ ਪਦਾਰਥ ਛਕਦੇ ਹਾਂ। ਜਦੋਂ ਭੁੱਖ ਲਗਦੀ ਹੈ ਉਦੋਂ ਹੀ ਛਕ ਲੈਂਦੇ ਹਾਂ ਤੇ ਤ੍ਰਿਪਤ ਹੋ ਜਾਂਦੇ ਹਾਂ। ਮਾਤਾ ਜੀ ਕਹਿਣ ਲੱਗੇ ਮਰਦਾਨਾ ਤੇ ਕੁਝ ਹੋਰ ਕਹਿੰਦਾ ਹੈ। ਅੱਛਾ ਜਿਹੜੇ ਪਦਾਰਥ ਛਕਦੇ ਹੋ ਦਸੋਗੇ ਉਸ ਵਿਚ ਕੀ ੨ ਹੁੰਦਾ ਹੈ। ਕੀ ਮਿਲਦਾ ਹੈ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦਾ ਸ਼ਬਦ:-

ਸਭਿ ਰਸ ਮਿਠੇ ਮੰਨਿਐ...॥{ਅੰਗ ੧੬}

ਮਨ ਨੇ, ਪਰਮਾਤਮਾ ਨੂੰ ਜੋ ਮੰਨ ਲਿਆ ਹੈ। ਜ਼ਬਾਨ ਦੀ ਜਿਤਨੀ ਮਿਠਾਸ ਫਲਾਂ ਵਿਚ ਹੈ, ਜਿਤਨੀ ਮਿਠਾਸ ਪਦਾਰਥਾਂ ਵਿਚ ਹੈ, ਇਹ ਸਾਰੀ ਮਿਠਾਸ ਇਕ ਸਾਰ ਪ੍ਰਾਪਤ ਹੋ ਜਾਂਦੀ ਹੈ।

ਪਰਮਾਤਮਾ ਕੀ ਹੈ?
ਪਰਮਾਤਮਾ ਰਸ ਹੈ, ਪਰਮਾਤਮਾ ਰੂਪ ਹੈ,
ਪਰਮਾਤਮਾ ਸੁਗੰਧ ਹੈ, ਪਰਮਾਤਮਾ ਅਨਾਹਦ ਨਾਦ ਹੈ।

ਠੀਕ ਹੈ ਫੁੱਲਾਂ ਵਿਚ ਵੀ ਉਸ ਦੀ ਸੁਗੰਧ ਹੈ ਪਰ ਕੇਵਲ ਨਾਮ-ਮਾਤਰ। ਉਹ ਤਾਂ ਸੁਗੰਧ ਦਾ ਸਾਗਰ ਹੈ। ਠੀਕ ਹੈ ਅਸੀਂ ਬਾਹਰੋਂ ਵੀ ਸੰਗੀਤ ਸੁਣ ਲੈਂਦੇ ਹਾਂ, ਪਰ ਉਹ ਤਾਂ ਗੀਤ ਸੰਗੀਤ ਦਾ ਸਾਗਰ ਹੈ, ਕੇਂਦਰ ਹੈ। ਠੀਕ ਹੈ ਇਹਨਾਂ ਅੱਖਾਂ ਨਾਲ ਵੀ ਅਸੀਂ ਖੂਬਸੂਰਤੀ ਦੇਖ ਲੈਂਦੇ ਹਾਂ, ਰੂਪ ਦੇਖ ਲੈਂਦੇ ਹਾਂ ਪਰ ਉਹ ਤਾਂ ਰੂਪ ਦਾ ਸਾਗਰ ਹੈ, ਅਸੀਮ ਹੈ। ਠੀਕ ਹੈ ਇਸ ਜ਼ਬਾਨ ਨਾਲ ਅਸੀਂ ਬਾਹਰੋਂ ਕੁਛ ਪਦਾਰਥਾਂ ਦਾ ਰਸ ਲੈ ਲੈਂਦੇ ਹਾਂ ਪਰ ਉਹ ਤਾਂ ਰਸਾਂ ਦਾ ਸਾਗਰ ਹੈ। ਜਦ ਕਿਸੇ ਦੇ ਉੱਪਰ ਉਹ ਸਾਗਰ ਉਮੜਦਾ ਹੋਵੇਗਾ, ਉਹ ਕਿਤਨਾ ਬਿਸਮਾਦ ਹੋ ਜਾਂਦਾ ਹੋਵੇਗਾ। ਸਮਾਧੀ ਲੀਨ।

ਕਹਿੰਦੇ ਨੇ ਬੈਰੂਨੀ ਖੁਸ਼ੀ ਸੀਮਾ ਤੋਂ ਵਧ ਜਾਏ, ਦਿਲ ਤੇ ਅਸਰ ਹੋ ਸਕਦਾ ਹੈ। ਯਾ ਇਤਨਾ ਤਨਾਉ ਵਧ ਜਾਏ, ਇਤਨਾ ਬੋਧ ਵਧਦਾ ਹੈ ਹੋ ਸਕਦਾ ਹੈ, ਇਸ ਨੂੰ ਨੀਂਦ ਆ ਜਾਏ। ਸੀਮਾ ਤੋਂ ਵਧ ਜਾਏ ਦੁੱਖ। ਇਹ ਆਪਣਾ ਦਿਮਾਗੀ ਤਵਾਜ਼ਨ ਡਾਵਾਂ ਡੋਲ ਕਰ ਸਕਦਾ ਹੈ। ਸੀਮਾ ਤੋਂ ਵਧਿਆ ਹੋਇਆ ਦੁੱਖ, ਮਨੁਖ ਨੂੰ ਪਾਗਲ ਬਣਾ ਸਕਦਾ ਹੈ। ਸੀਮਾ ਤੋਂ ਵਧਿਆ ਹੋਇਆ ਦੁੱਖ, ਮਨੁਖ ਦੇ ਹਾਰਟ (Heart) ਤੇ ਬੁਰਾ ਅਸਰ ਪਾ ਸਕਦਾ ਹੈ। ਸੀਮਾ ਤੋਂ ਵਧਿਆ ਹੋਇਆ ਦੁੱਖ ਤੇ ਪੀੜਾ ਮਨੁਖ ਨੂੰ ਬੇਹੋਸ਼ ਕਰ ਸਕਦੀ ਹੈ। ਬੇਹੋਸ਼ੀ ਵਿਚ ਪੀੜਾ ਨਾਲੋਂ ਸੰਬੰਧ ਟੁੱਟ ਜਾਂਦਾ ਹੈ। ਪ੍ਰਕਿਰਤੀ ਨੇ ਐਸਾ ਇੰਤਜ਼ਾਮ ਕਰ ਰਖਿਆ ਹੈ। ਕਹਿੰਦੇ ਨੇ ਮਰਨ ਲਗਿਆਂ ਜਿਹੜੀ ਪੀੜਾ ਹੁੰਦੀ ਹੈ ਉਹ ਬਿਆਨ ਨਹੀਂ ਕੀਤੀ ਜਾ ਸਕਦੀ। ਸਥੂਲ ਸਰੀਰ ਦੇ ਵਿਚੋਂ, ਸੂਖਸ਼ਮ ਸਰੀਰ ਨਿਕਲਦਾ ਹੈ। ਪ੍ਰਕਿਰਤੀ ਇਹ ਬਹੁਤ ਵੱਡਾ ਆਪਰੇਸ਼ਨ (Operation) ਕਰਦੀ ਹੈ। ਕੋਈ ਮਾੜਾ ਮੋਟਾ, ਇਕ ਅੱਧ ਅੰਗ ਸਰੀਰ ਵਿਚੋਂ ਕਢਣਾ ਹੋਵੇ ਤਾਂ ਡਾਕਟਰ ਬੇਹੋਸ਼ ਕਰਦਾ ਹੈ। ਡਾਕਟਰ ਸੁੰਨ ਕਰਦਾ ਹੈ। ਪਰ ਪ੍ਰਕਿਰਤੀ ਨੇ ਆਪਣੇ ਆਪ ਐਸਾ ਇੰਤਜ਼ਾਮ ਕੀਤਾ ਹੋਇਆ ਹੈ, ਜਦ ਸਥੂਲ ਸਰੀਰ ਦੇ ਵਿਚੋਂ, ਸੂਖਸ਼ਮ ਸਰੀਰ ਨਿਕਲਦਾ ਹੈ, ਪ੍ਰਕਿਰਤੀ ਇਸ ਅਸਥੂਲ ਸਰੀਰ ਨੂੰ ਬੇਹੋਸ਼ ਕਰ ਦਿੰਦੀ ਹੈ। ਬੇਹੋਸ਼ੀ ਵਿਚ ਪ੍ਰਾਣ ਨਿਕਲਦੇ ਨੇ, ਫਿਰ ਬੇਹੋਸ਼ੀ ਵਿਚ ਹੀ ਉਹ ਸੂਖਸ਼ਮ ਵਿਦਾ ਹੁੰਦਾ ਹੈ, ਰੁਖ਼ਸਤ ਹੁੰਦਾ ਹੈ। ਅਸਹਿ ਪੀੜਾ ਹੈ। ਇਕ ਅੰਗ ਸਰੀਰ ਵਿਚੋਂ ਕਢਣਾ ਹੋਵੇ, ਇਤਨੀ ਪੀੜਾ ਹੈ ਕਿ ਉਸ ਨੂੰ ਬੇਹੋਸ਼ ਕਰਨਾ ਪੈਂਦਾ ਹੈ, ਕਿਉਂਕਿ ਸਹਾਰ ਨਹੀਂ ਸਕੇਗਾ। ਚੀਖੇਗਾ, ਚਿੱਲਾਏਗਾ, ਹਰਕਤ ਕਰੇਗਾ। ਡਾਕਟਰ ਠੀਕ ਢੰਗ ਨਾਲ ਆਪਰੇਸ਼ਨ (Operation) ਨਹੀਂ ਕਰ ਪਾਏਗਾ, ਇਸ ਕਰਕੇ ਪਹਿਲੇ ਹੀ ਬੇਹੋਸ਼ ਕਰ ਦਿਉ। ਸੂਖਸ਼ਮ ਸਰੀਰ ਇਸ ਦੇ ਵਿਚੋਂ ਨਿਕਲੇ, ਪ੍ਰਾਣ ਨਿਕਲਣ, ਇਹ ਉਛਲੇ ਟੱਪੇ ਨਾ, ਕੁਦਰਤ ਬੇਹੋਸ਼ ਕਰ ਦਿੰਦੀ ਹੈ। ਐਸਾ ਉਸ ਦਾ ਨਿਯਮ ਬਣਿਆ ਹੋਇਆ ਹੈ।

ਉਹ ਮਹਾਂ ਰਸ ਉਸ ਨੂੰ ਸਮਾਧੀ ਲੀਨ ਕਰ ਦਿੰਦਾ ਹੈ। ਫਿਰ ਅੰਦਰ ਕੋਈ ਵਿਚਾਰ ਨਹੀਂ ਚਲਦੇ। ਐਸਾ ਨਹੀਂ ਹੈ ਕਿ ਮਨੁਖ ਪਹਿਲੇ ਵਿਚਾਰਾਂ ਨੂੰ ਸੁੰਨ ਕਰਦਾ ਹੈ ਤੇ ਫਿਰ ਰਸ ਮਿਲਦਾ ਹੈ, ਨਹੀਂ। ਅਸਲ ਵਿਚ ਰਸ ਦੀ ਜਦ ਬਾਰਸ਼ ਹੁੰਦੀ ਹੈ, ਮਨੁਖ ਸੁੰਨ ਹੋ ਜਾਂਦਾ ਹੈ। ਹੀਰੇ ਦੇ ਮਿਲਦਿਆਂ ਹੀ, ਹੱਥੋਂ ਕੰਕਰ, ਪੱਥਰ ਛੁਟ ਜਾਂਦੇ ਨੇ। ਸੋਨੇ ਦੇ ਮਿਲਦਿਆਂ ਹੀ ਗੀਟੀਆਂ, ਪੱਥਰ ਜੋ ਹੱਥ ਵਿਚ ਸਨ, ਛੁਟ ਜਾਂਦੇ ਨੇ। ਹੁਣ ਮਨੁਖ ਆਖੇ ਮੈਂ ਪੱਥਰਾਂ ਤੇ ਗੀਟੀਆਂ ਦਾ ਤਿਆਗ ਕਰ ਦਿੱਤਾ ਹੈ। ਤਿਆਗ ਨਹੀਂ ਕੀਤਾ, ਸੋਨਾ ਹੱਥ ਵਿਚ ਆਇਆ ਹੈ, ਪੱਥਰ ਗਿਰ ਗਏ। ਹੀਰਾ ਹੱਥ ਵਿਚ ਆਇਆ, ਗੀਟੀਆਂ ਗਿਰ

ਗਈਆਂ। ਮਹਾਂ ਰਸ ਪ੍ਰਾਪਤ ਹੋਇਆ, ਬਿਖੇ ਰਸ ਆਪਣੇ ਆਪ ਗਿਰ ਗਏ। ਤਿਆਗਣੇ ਨਹੀਂ ਪਏ, ਆਪੇ ਹੀ ਗਿਰ ਗਏ।

ਪੰਚਦਸੀ ਜੋ ਧਾਰਮਿਕ ਕਹਾਣੀਆਂ ਦੀ ਕਿਤਾਬ ਹੈ, ਮੈਂ ਉਸ ਨੂੰ ਪੜ੍ਹ ਰਿਹਾ ਸੀ। ਇਕ ਸੰਤ ਦੂਸਰੇ ਸੰਤ ਦੇ ਆਸ਼ਰਮ ਵਿਚ ਗਿਆ। ਉਸ ਆਸ਼ਰਮ ਵਿਚ ਬਹੁਤ ਸਾਰੇ ਵਿਦਿਆਰਥੀ ਸਨ ਤੇ ਉਹ ਸੰਤ ਉਹਨਾਂ ਨੂੰ ਧਾਰਮਿਕ ਵਿਦਿਆ ਪੜ੍ਹਾਉਂਦਾ ਸੀ। ਬੱਚਿਆਂ ਨਾਲ ਤਆਰੁਫ਼ (ਜਾਣ ਪਛਾਣ) ਕਰਾਉਂਦਾ ਹੋਇਆ ਉਹ ਸੰਤ ਕਹਿੰਦਾ ਹੈ, ਇਹਨਾਂ ਨੇ ਸੁੰਦਰ ਬਸਤਰਾਂ ਦਾ ਤਿਆਗ ਕੀਤਾ ਹੋਇਆ ਹੈ। ਇਹਨਾਂ ਨੇ ਸੁਆਦ ਦਾ ਤਿਆਗ ਕੀਤਾ ਹੋਇਆ ਹੈ। ਅਸੀਂ ਭੋਜਨ ਬਣਾਉਂਦੇ ਹਾਂ, ਫਿੱਕਾ, ਤਾਕਿ ਸੁਆਦ ਨਾ ਆਵੇ। ਨਮਕ ਨਹੀਂ ਪਾਉਂਦੇ। ਵੈਸੇ ਨਮਕ ਨੂੰ ਸਰਬ ਰਸ ਮੰਨਦੇ ਨੇ। ਅਸੀਂ ਐਸੀ ਚੀਜ਼ ਬਣਾਉਂਦੇ ਹਾਂ ਜਿਸ ਵਿਚ ਸ਼ੱਕਰ ਜਾਂ ਗੁੜ ਨਹੀਂ ਪਾਉਂਦੇ ਤਾਕਿ ਸੁਆਦ ਨਾ ਆਵੇ। ਸ਼ਾਇਦ ਆਪ ਨੂੰ ਪਤਾ ਹੋਵੇ, ਮਹਾਤਮਾ ਗਾਂਧੀ ਦੇ ਆਸ਼ਰਮ ਵਿਚ ਨਿੰਮ ਦੀ ਚਟਣੀ ਪਰੋਸੀ ਜਾਂਦੀ ਸੀ ਤਾਕਿ ਕਿਸੇ ਭੋਜਨ ਦਾ ਸਵਾਦ ਨਾ ਆਵੇ (ਅ-ਸਵਾਦ-ਵੱਥ)। ਇਹ ਤੇ ਜ਼ਬਾਨ ਦੇ ਨਾਲ ਪ੍ਰਕਿਰਤਕ ਨਿਯਮ ਤੋਂ ਉਲਟਾ ਕਾਰਨਾਮਾ ਸੀ।

ਕਹਿੰਦੇ ਨੇ ਯੂਰਪ ਤੋਂ ਇਕ ਉੱਘਾ ਦਾਰਸ਼ਨਿਕ ਆਇਆ ਸੀ। ਉਹ ਬੜਾ ਗਹਿਰਾ ਵਿਚਾਰਕ ਸੀ। ਉਹ ਵੀ ਭੋਜਨ ਛਕਣ ਵਾਸਤੇ ਪੰਗਤ ਵਿਚ ਬੈਠ ਗਿਆ। ਸਾਰਿਆਂ ਨੂੰ ਨਿੰਮ ਦੀ ਚਟਣੀ ਪਰੋਸੀ ਗਈ, ਸਿਰਫ ਇਸ ਵਾਸਤੇ ਕਿ ਰੋਟੀ ਵਿਚ ਸਵਾਦ ਨਾ ਆਵੇ। ਬੇ-ਸੁਆਦੀ ਤੇ ਕੌੜੀ ਚਟਣੀ ਰੋਟੀ ਨਾਲ ਲਗਾ ਕੇ ਖਾਣੀ ਹੈ। ਜੋ ਬਿਲਕੁਲ ਬੇ-ਜ਼ਾਇਕਾ ਹੈ। ਉਸ ਯੂਰਪੀਅਨ ਦਾਰਸ਼ਨਿਕ ਨੇ ਥੋੜੀ ਜਿਹੀ ਚੱਖ ਕੇ ਦੇਖੀ, ਬਈ ਇਹ ਤੇ ਸਾਰਾ ਭੋਜਨ ਖ਼ਰਾਬ ਕਰੇਗੀ, ਭੋਜਨ ਬੇ-ਸਵਾਦ ਹੋ ਜਾਏਗਾ। ਸੋਚਿਆ ਕਿਸੇ ਤਰੀਕੇ ਨਾਲ ਮੈਂ ਚਟਣੀ ਨੂੰ ਇਕੋ ਦਫ਼ਾ ਹੀ ਡਕਾਰ ਜਾਵਾਂ। ਉਹ ਇਕੋ ਦਫ਼ਾ ਇਕ ਬੁਰਕੀ ਬਣਾ ਕੇ ਖਾ ਗਿਆ ਤਾਕਿ ਇਕੋ ਦਫ਼ਾ ਦੁੱਖ ਉਠਾਵਾਂ, ਬਾਰ ੨ ਦੁੱਖ ਨਾ ਸਹਿਣਾ ਪਵੇ। ਮਹਾਤਮਾ ਗਾਂਧੀ ਕੋਲ ਹੀ ਬੈਠੇ ਸਨ, ਕਹਿਣ ਲੱਗੇ ਇਸ ਨੂੰ ਚਟਣੀ ਬੜੀ ਸੁਆਦ ਲੱਗੀ ਹੈ, ਹੋਰ ਪਾਉ ਇਹਨਾਂ ਨੂੰ। ਉਹ ਆਪਣਾ ਮੱਥਾ ਮਾਰਨ ਲੱਗ ਪਿਆ। ਭਾਰਤ ਦੇ ਕੁਝ ਸੰਤ ਜਿਥੇ ਕਰਮ-ਕਾਂਡ ਬੜਾ ਪਰਧਾਨ ਹੁੰਦਾ ਸੀ, ਇਹ ਕਿਰਿਆ ਵੀ ਸਾਧੀ ਜਾਂਦੀ ਸੀ। ਨਮਕ ਨਹੀਂ ਪਾਉਣਾ ਤਾਕਿ ਭੋਜਨ ਦਾ ਸਵਾਦ ਨਾ ਆਵੇ। ਮਿੱਠਾ ਨਹੀਂ ਪਾਉਣਾ, ਬੇ-ਸੁਆਦੀ। ਕਿਧਰੇ ਸੁਆਦ ਨਾਲ ਵੀ ਧਿਆਨ ਬਾਹਰ-ਮੁਖੀ ਨਾ ਹੋ ਜਾਏ। ਹਰ ਵਕਤ ਧਿਆਨ ਸੁਆਦ ਵਿਚ ਨਾ ਰਹੇ। ਇਤਨਾ ਬੇ-ਸੁਆਦੀ ਹੋਵੇ ਕਿ ਭੋਜਨ ਦੀ ਰੁਚੀ ਪੈਦਾ ਨਾ ਹੋਵੇ। ਪਰ ਕੌਣ ਦੱਸੇ, ਭੁੱਖ ਐਸੀ ਚੀਜ਼ ਹੈ, ਭੋਜਨ ਕਿਤਨਾ ਹੀ ਬੇ-ਸੁਆਦੀ ਕਿਉਂ ਨਾ ਹੋਵੇ, ਉਸ ਨੂੰ ਸੁਆਦੀ ਬਣਾ ਦੇਵੇਗੀ। ਭੁੱਖ ਹੀ ਸੁਆਦ ਬਣਾ ਦੇਵੇਗੀ:-

ਰੂਪੈ ਕਾਮੈ ਦੋਸਤੀ ਭੁਖੈ ਸਾਦੈ ਗੰਢੁ॥ (ਅੰਗ ੧੨੮੮)

ਭੁੱਖ ਤੇ ਸੁਆਦ ਬਣਾ ਦੇਵੇਗੀ। ਪ੍ਰਭੂ ਦਾ ਐਸਾ ਨਿਯਮ ਹੈ। ਬਾਹਰੋਂ ਕੋਈ ਬਹੁਤ ਖ਼ੁਸ਼ੀ ਮਿਲੀ ਹੈ, ਇਹ ਵੀ ਇਕ ਤਰ੍ਹਾਂ ਦਾ ਆਘਾਤ ਪਹੁੰਚਾਉਂਦੀ ਹੈ। ਹੋ ਸਕਦਾ ਹੈ ਮਨੁੱਖ ਬੇਹੋਸ਼ ਹੋ ਜਾਏ। ਜੋ ਮਹਾਂ ਰਸ ਹੈ ਪਰਮਾਤਮਾ ਜਦ ਉਸ ਦਾ ਅਨੰਦ ਇਹ ਮਾਣੇਗਾ, ਜੋ ਮਹਾਂ ਨਾਦ ਹੈ, ਜਦ ਉਸ ਨੂੰ ਇਹ ਸੁਣੇਗਾ, ਇਹ ਝੱਲ ਨਹੀਂ ਸਕੇਗਾ। ਕੁਦਰਤ ਉਸ ਨੂੰ ਸਮਾਧੀ ਲੀਨ ਕਰ ਦੇਵੇਗੀ। ਅਫੁਰ ਕਰ ਦਿੰਦੀ ਹੈ, ਸੁੰਨ ਕਰ ਦਿੰਦੀ ਹੈ:-

ਸੁੰਨ ਸਮਾਧਿ ਅਨਹਤ ਤਹ ਨਾਦ॥
ਕਹਨੁ ਨ ਜਾਈ ਅਚਰਜ ਬਿਸਮਾਦ॥{ਅੰਗ ੨੯੩}

ਸੁੰਨ ਕਰਨ ਵਾਸਤੇ ਕੋਈ ਇੰਨਜੱਕਸ਼ਨ (Injection) ਲਗਾਉਣ ਦੀ ਲੋੜ ਨਹੀਂ। ਉਹ ਬੇਹੋਸ਼ੀ ਦਾ ਸੁੰਨ ਨਹੀਂ ਹੈ। ਜਾਗਰਿਤੀ ਅੰਦਰ ਬਣੀ ਰਹਿੰਦੀ ਹੈ। ਅਸੀਮ ਰਸਾਂ ਦੀ ਅੰਦਰ ਬਾਰਸ਼ ਹੋ ਰਹੀ ਹੈ। ਮਨ ਦੇ ਫੁਰਨੇ ਸ਼ਾਂਤ ਹੋ ਜਾਂਦੇ ਨੇ, ਮਨ ਦੇ ਵਿਚਾਰ ਸ਼ਾਂਤ ਹੋ ਜਾਂਦੇ ਨੇ। ਮਨ ਅਫੁਰ ਹੋ ਜਾਂਦਾ ਹੈ। ਇਸ ਵਾਸਤੇ ਸਮਾਧੀ-ਲੀਨ ਪੁਰਸ਼ ਕਹਿੰਦੇ ਨੇ, ਵਿਚਾਰ ਨਾਲ ਨਿਰੰਕਾਰ ਨਹੀਂ ਮਿਲਦਾ। ਨਿਰ-ਵਿਚਾਰ ਨਾਲ ਮਿਲਦਾ ਹੈ। ਕਰਮ ਦੇ ਨਾਲ ਭਗਵਾਨ ਨਹੀਂ ਮਿਲਦਾ, ਨਿਸ਼ਕਰਮ ਦੇ ਨਾਲ ਮਿਲਦਾ ਹੈ:-

ਕਰਮ ਕਰਤ ਹੋਵੈ ਨਿਹਕਰਮ॥
ਤਿਸੁ ਬੈਸਨੋ ਕਾ ਨਿਰਮਲ ਧਰਮ॥ {ਸੁਖਮਨੀ ਸਾਹਿਬ}

ਕਰਮ ਕਰਦਿਆਂ ਹੋਇਆਂ ਨਿਸ਼ਕਰਮ ਹੋ ਜਾਏ। ਸਰੀਰ ਕਰਮ ਕਰਦਾ ਰਹੇ, ਮਨ ਨਿਸ਼ਕਰਮ ਹੋ ਜਾਏ, ਨਿਰਮਾਣ ਹੋ ਜਾਏ। ਹਰਕਤ ਤੋਂ ਬਿਨਾਂ ਹੋ ਜਾਏ, ਅਡੋਲ ਹੋ ਜਾਏ। ਤਨ ਕਿਰਤ ਕਰਦਾ ਰਹੇ, ਮਨ ਨਿਰ-ਵਿਚਾਰ ਹੋ ਜਾਏ। ਇਸ ਅਵਸਥਾ ਨੂੰ ਸਮਾਧੀ ਕਹਿੰਦੇ ਨੇ। ਹੁਣ ਕੋਈ ਸਮੱਸਿਆ ਨਹੀਂ। ਵਿਚਾਰ ਚਲਦੇ ਨੇ ਕੁਛ ਸਮੱਸਿਆਵਾਂ ਨੇ। ਨਿਰ-ਵਿਚਾਰ ਹੋ ਗਿਆ ਹੈ। ਮਨ-ਨਿਸ਼ਕਰਮ ਹੋ ਗਿਆ ਹੈ, ਕੋਈ ਮਾਨਸਿਕ ਕਰਮ ਨਹੀਂ ਚਲਦਾ। ਕਰਮ ਕਰ ਕਰ ਕੇ ਪਰਮਾਤਮਾ ਨਹੀਂ ਮਿਲਦਾ, ਨਿਸ਼ਕਰਮ ਨਾਲ ਮਿਲਦਾ ਹੈ। ਵਿਚਾਰ ਕਰ ਕਰ ਕੇ ਪਰਮਾਤਮਾ ਨਹੀਂ ਮਿਲਦਾ, ਨਿਰ-ਵਿਚਾਰ ਨਾਲ ਮਿਲਦਾ ਹੈ। ਪਰ ਵਿਚਾਰ ਇਤਨੀ ਚਾਹੀਦੀ ਹੈ ਕਿ ਨਿਰ-ਵਿਚਾਰ ਕਿਵੇਂ ਹੋਈਏ। ਇਸ ਵਾਸਤੇ ਸੂਝ ਸਮਝ ਤੇ ਚਾਹੀਦੀ ਹੈ।

ਵਿਚਾਰ ਚਲ ਰਹੀ ਸੀ ਰੰਗ ਦੀ। ਪਿਆਰ ਦਾ ਆਪਣਾ ਰੰਗ ਹੈ। ਪਰਉਪਕਾਰ ਦਾ ਵੀ ਆਪਣਾ ਰੰਗ ਹੈ। ਦਇਆ ਦਾ ਵੀ ਆਪਣਾ ਰੰਗ ਹੈ। ਸੰਤੋਖ ਦਾ ਵੀ ਆਪਣਾ ਰੰਗ ਹੈ। ਰੋਸ ਦਾ ਵੀ ਆਪਣਾ ਰੰਗ ਹੈ। ਬੀਰ ਰਸ ਦਾ ਵੀ ਆਪਣਾ ਰੰਗ ਹੈ। ਭੋਜਨ ਦੇ ਸੁਆਦ ਦਾ ਵੀ ਆਪਣਾ ਇਕ ਰੰਗ ਹੈ। ਹਰ ਇਕ ਦਾ ਆਪਣਾ ੨ ਰੰਗ ਹੈ। ਸਤਿਗੁਰੂ ਨੇ ਜਿਸ ਢੰਗ ਨਾਲ ਇਹ ਜ਼ਿਕਰ ਕੀਤਾ ਹੈ। ਪਹਿਲੇ ਤੇ ਉਹ ਭੋਜਨ ਬਾਰੇ ਦਸਦੇ ਨੇ। ਮਾਤਾ ਜੀ ਦੀ ਤੱਸਲੀ ਕਰਾਉਂਦੇ ਨੇ। ਜੋ ਪ੍ਰਭੂ ਦਾ ਨਾਮ ਅਸੀਂ ਮੰਨ ਲਿਆ ਹੈ, ਜਿਤਨੇ ਵੀ ਮਿੱਠੇ ਪਦਾਰਥ ਨੇ ਉਹ ਹਰ ਵਕਤ ਅਸੀਂ ਛਕਦੇ ਰਹਿੰਦੇ ਹਾਂ:-

ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ॥{ਅੰਗ ੧੬}

ਉਸ ਦਾ ਰਸ? ਜੋ ਸੁਣਦੇ ਰਹਿੰਦੇ ਹਾਂ, ਇਹ ਸਾਰੇ ਨਮਕੀਨ ਪਦਾਰਥ ਅਸੀਂ ਛਕ ਲੈਂਦੇ ਹਾਂ। ਨਮਕ ਨੂੰ ਨਿਹੰਗ ਸਿੰਘ ਸਰਬ ਰਸ ਕਹਿੰਦੇ ਨੇ। ਦਾਲ ਵਿਚ ਪਾਉ, ਸਬਜ਼ੀ ਵਿਚ ਪਾਉ। ਵਖ ੨ ਚੀਜ਼ਾਂ ਵਿਚ, ਵਖ ੨ ਰਸ ਬਣ ਜਾਂਦਾ ਹੈ। ਜੇ ਕਿਸੇ ਸਬਜ਼ੀ ਵਿਚ ਜਾਂ ਦਾਲ ਵਿਚ ਨਮਕ ਨਾ ਪਾਉ, ਸਭ ਬੇ-ਰਸ ਹੋ ਜਾਂਦਾ ਹੈ। ਜੇ ਪਾ ਦਿਓ ਸਾਰੀਆਂ ਦਾਲਾਂ ਤੇ ਸਬਜ਼ੀਆਂ ਨੂੰ ਰਸਦਾਇਕ ਬਣਾ ਦਿੰਦਾ ਹੈ। ਮਹਾਰਾਜ ਕਹਿੰਦੇ ਨੇ, ਜੋ ਅਸੀਂ ਪ੍ਰਭੂ ਦਾ ਜਸ ਸੁਣਦੇ ਹਾਂ, ਇਹ ਸਾਰੇ ਨਮਕੀਨ ਪਦਾਰਥ ਅਸੀਂ ਛਕ ਲੈਂਦੇ ਹਾਂ। ਇਹ ਸਰਬ ਰਸੀ ਅਸੀਂ ਮਾਣ ਲੈਂਦੇ ਹਾਂ।

ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ॥{ਅੰਗ ੧੬}

ਖੱਟੇ, ਖਟ-ਮਿਠੜੇ, ਰਸਨਾ ਨਾਲ ਜੋ ਪ੍ਰਭੂ ਦੀ ਉਪਮਾ ਕਰਦੇ ਹਾਂ। ਜ਼ਬਾਨ ਨਾਲ ਜੋ ਉਸ ਦੇ ਗੀਤ ਗਾਉਂਦੇ ਹਾਂ, ਇਹ ਸਾਰੇ ਕਰਕਰੇ, ਖਟ-ਮਿਠੜੇ, ਖੱਟੇ ਰਸ ਅਸੀਂ ਲੈ ਲੈਂਦੇ ਹਾਂ। ਖਟਿਆਈ ਦਾ ਵੀ ਆਪਣਾ ਇਕ ਰਸ ਹੈ। ਇਹ ਵੀ ਛੇ ਰਸਾਂ ਵਿਚੋਂ ਇਕ ਰਸ ਹੈ। ਫਿਰ ਮਹਾਰਾਜ ਕਹਿੰਦੇ ਨੇ ਕਿ ਹੋਰ ਸੁਆਦੀ ਬਣਾਉਣ ਲਈ:-

.....ਮਾਰਣ ਨਾਦ ਕੀਏ॥

ਅਸੀਂ ਉਸਦਾ ਜਸ ਰਾਗ ਦੇ ਵਿਚ ਗਾਉਂਦੇ ਹਾਂ। ਇਹ ਮਸਾਲੇ ਪਾਏ ਨੇ। ਧੁਨਿ ਅਲਾਪ ਕੇ ਵਾਹਿਗੁਰੂ ਵਾਹਿਗੁਰੂ ਕਰਦੇ ਹਾਂ, ਇਹ ਉਸ ਵਿਚ ਮਸਾਲੇ ਪਾਉਂਦੇ ਹਾਂ। ਵਾਹਿਗੁਰੂ ਉਚਾਰਨ ਦੀ ਆਵਾਜ਼ ਕਿਸੇ ਲੈ, ਤਾਲ ਵਿਚ ਹੋਣੀ ਚਾਹੀਦੀ ਹੈ। ਕਹਿੰਦੇ ਨੇ ਪਰਮਾਤਮਾ ਤੋਂ ਜੋ ਓਅੰਕਾਰ ਦੀ ਧੁਨਿ ਪਰਗਟ ਹੋਈ, ਉਸ ਦੀ ਆਪਣੀ ਇਕ ਲੈ ਹੈ, ਇਕ ਤਾਲ ਹੈ। ਬ੍ਰਹਿਮੰਡ ਦੇ ਵਿਚ ਉਹ ਧੁਨਿ ਵਜ ਰਹੀ ਹੈ, ਵਿਆਪਕ ਹੈ:-

ਘਟਿ ਘਟਿ ਵਾਜੈ ਨਾਦ॥

ਉਹੀ ਸੰਗੀਤ ਦਾ ਸਾਗਰ ਹੈ। ਮਹਾਰਾਜ ਕਹਿੰਦੇ ਨੇ, ਜਦੋਂ ਅਸੀਂ ਸੰਗੀਤ ਦੇ ਨਾਲ ਵਾਹਿਗੁਰੂ ਸ਼ਬਦ ਦੀ ਧੁਨੀ ਅਲਾਪਦੇ ਹਾਂ, ਉਹ ਹੋਰ ਸੁਆਦੀ ਹੋ ਜਾਂਦੀ ਹੈ।

ਛਤੀਹ ਅੰਮ੍ਰਿਤ ਭਾਉ ਏਕੁ ਜਾ ਕਉ ਨਦਰਿ ਕਰੇਇ॥੧॥
ਬਾਬਾ ਹੋਰੁ ਖਾਣਾ ਖੁਸੀ ਖੁਆਰੁ॥{ਅੰਗ ੧੬}

ਹੁਣ ਸ਼ਬਦ ਹੈ--ਹੋਰੁ--। ਹੋਰ, ਇਹਨਾਂ ਪਦਾਰਥਾਂ ਤੋਂ ਬਿਨਾਂ, ਹੋਰ ਖਾਣਾ। ਉਹਨਾਂ ਦੇ ਸੁਆਦ ਦੀ ਖ਼ਾਤਰ, ਗੁਰੂ ਅਰਜਨ ਦੇਵ ਜੀ ਮਹਾਰਾਜ ਕਹਿੰਦੇ ਨੇ:-

ਭੋਗੀ ਤਾ ਰੋਗੀ॥

ਸਰੀਰ ਦੇ ਵਿਚ ਰੋਗ ਪੈਦਾ ਹੋਣਗੇ। ਭੁੱਖ ਦੀ ਖ਼ਾਤਰ ਜੋ ਖਾ ਰਿਹਾ ਹੈ, ਉਹ ਇਕ ਇਕ ਬੁਰਕੀ ਅੰਮ੍ਰਿਤ ਹੋਵੇਗੀ। ਭੁੱਖ ਤੇ ਹੈ ਨਹੀਂ, ਹੋਰ, ਹੋਰ:-

ਬਾਬਾ ਹੋਰੁ ਖਾਣਾ ਖੁਸੀ ਖੁਆਰੁ॥

ਹੋਰ ਖਾਈ ਜਾ ਰਿਹਾ ਹੈ, ਭੁੱਖ ਤੇ ਹੈ ਨਹੀਂ, ਇਹ ਖੁਆਰੀ ਨੂੰ ਜਨਮ ਦੇਵੇਗਾ। ਤਨ ਨੂੰ ਰੋਗੀ ਕਰੇਗਾ, ਮਨ ਨੂੰ ਵਿਕਾਰੀ ਬਣਾਏਗਾ। ਅਧਿਕ ਸ਼ਕਤੀ ਬਣੇਗੀ ਔਰ ਸਰੀਰ ਦਾ ਬੋਝ ਬਣੇਗਾ। ਇਹ ਰੋਗ ਪੈਦਾ ਕਰੇਗਾ, ਵਿਕਾਰ ਪੈਦਾ ਕਰੇਗਾ। ਇਸ ਦੇ ਅਰਥ ਇਤਨੇ ਬਣਦੇ ਨੇ:-

ਬਾਬਾ ਹੋਰੁ ਖਾਣਾ ਖੁਸੀ ਖੁਆਰੁ॥

ਭੁੱਖ ਤੇ ਹੈ ਨਹੀਂ। ਭੁੱਖ ਦੀ ਤੇ ਸੀਮਾ ਹੈ। ਭੋਜਨ ਦੇ ਸੁਆਦ ਦੀ ਸੀਮਾ ਨਹੀਂ। ਮਨ ਕਹਿੰਦਾ ਹੈ, ਹੋਰ ਖਾ ਲਉ। ਇਹ ਇਕ ਇਕ ਬੁਰਕੀ ਰੋਗ ਹੈ। ਇਸ ਵਾਸਤੇ ਜਿਹੜਾ ਵੈਦ ਧਨੰਤਰ ਜੀ ਦਾ ਚਿਕਿਤਸਾ-ਸ਼ਾਸਤਰ ਹੈ, ਆਯੁਰਵੇਦਿਕ ਗ੍ਰੰਥ ਹੈ, ਉਹ ਕਹਿੰਦੇ ਨੇ:-

ਆਹਾਰ ਚਿਕਿਤਸਾ (ਇਲਾਜ), ਆਹਾਰ ਰੋਗ।

ਖਾਣਾ ਪੀਣਾ ਰੋਗ ਹੈ, ਖਾਣਾ ਪੀਣਾ ਔਸ਼ਧੀ ਹੈ।
ਖਾਣਾ ਪੀਣਾ ਜ਼ਹਿਰ ਹੈ, ਖਾਣਾ ਪੀਣਾ ਅੰਮ੍ਰਿਤ ਹੈ।

ਭੁੱਖ ਹੈ, ਇਕ ਇਕ ਬੁਰਕੀ ਅੰਮ੍ਰਿਤ ਹੈ। ਭੁੱਖ ਨਹੀਂ ਹੈ, ਇਕ ਇਕ ਬੁਰਕੀ ਰੋਗ ਹੈ। ਆਹਾਰ ਵਿਸ਼, ਆਹਾਰ ਅਮੀ (ਅੰਮ੍ਰਿਤ)। ਇਸ ਤਰ੍ਹਾਂ ਲਿਖਿਆ ਹੈ। ਆਹਾਰ ਰੋਗ ਹੈ, ਆਹਾਰ ਮਹਾਨ ਤੰਦਰੁਸਤੀ ਹੈ, ਰਸ ਹੈ।

ਬਾਬਾ ਹੋਰੁ ਖਾਣਾ ਖੁਸੀ ਖੁਆਰੁ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥(ਅੰਗ ੧੬)

ਮਾਤਾ ਜੀ ਨੇ ਕਿਹਾ, ਪਤਾ ਨਹੀਂ ਤੂੰ ਕਿਹੜੀ ਖ਼ੁਰਾਕ ਦੀ ਗੱਲ ਕਰਦਾ ਹੈਂ। ਪਰ ਤੇਰੇ ਕਪੜੇ ਪਾਟੇ ਹੋਏ ਨੇ। ਘਰ ਦੇ ਵਿਚ ਤੂੰ ਕਫ਼ਨੀ ਪਹਿਨ ਕੇ ਆ ਗਿਆ ਹੈਂ। ਪਾਤਸ਼ਾਹ ਨੇ ਕਫ਼ਨੀ ਪਹਿਨੀ ਹੋਈ ਸੀ। ਮਾਤਾ ਜੀ ਕਹਿੰਦੇ, ਜੇ ਤੂੰ ਘਰ ਦੇ ਵਿਚ ਰਹੇਂ, ਮੈਂ ਤਰ੍ਹਾਂ ੨ ਦੀਆਂ ਪੁਸ਼ਾਕਾਂ ਸਿਲਵਾ ਕੇ ਪਹਿਨਾਵਾਂ। ਲਾਲ ਰੰਗ ਦੇ ਕਪੜੇ, ਚਿੱਟੇ ਰੰਗ ਦੇ ਕਪੜੇ, ਵਖ ੨ ਰੰਗਾਂ ਦੇ ਕਪੜੇ ਪਹਿਨਾਵਾਂ। ਜਨਮ ਸਾਖੀ ਦੇ ਕਰਤਾ ਕਵੀ ਸੰਤੋਖ ਸਿੰਘ ਜੀ ਨੇ ਇਸ ਸ਼ਬਦ ਦੀ ਬੜੇ ਸੁੰਦਰ ਢੰਗ ਨਾਲ ਵਿਆਖਿਆ ਲਿਖੀ ਹੋਈ ਹੈ। ਹੁਣ ਮਹਾਰਾਜ ਕਹਿੰਦੇ ਨੇ, ਅਸੀਂ ਕਦੇ ਲਾਲ ਰੰਗ ਦੀ ਪੁਸ਼ਾਕ ਪਾਉਂਦੇ ਹਾਂ, ਕਦੇ ਚਿੱਟੇ ਰੰਗ ਦੀ, ਕਦੇ ਨੀਲੇ ਰੰਗ ਦੀ, ਕਦੇ ਕਾਲੇ ਰੰਗ ਦੀ। ਅਸੀਂ ਤੇ ਤਰ੍ਹਾਂ ੨ ਦੇ ਰੰਗਾਂ ਦੀਆਂ ਪੁਸ਼ਾਕਾਂ ਪਾਉਂਦੇ ਰਹਿੰਦੇ ਹਾਂ। ਹੁਣ ਜਿਸ ਢੰਗ ਨਾਲ ਮੇਰੇ ਪਾਤਸ਼ਾਹ ਕਹਿੰਦੇ ਨੇ ਧਿਆਨ ਨਾਲ ਪੜ੍ਹਨਾ:-

ਰਤਾ ਪੈਨਣੁ ਮਨੁ ਰਤਾ....॥(ਅੰਗ ੧੬)

ਮਨ ਜੋ ਪ੍ਰੇਮ ਦੇ ਵਿਚ ਰੰਗਿਆ ਗਿਆ ਹੈ, ਇਸ ਦੇ ਨਾਲ ਜੋ ਧਾਰੀ ਬਣੀ ਹੈ, ਅਸੀਂ ਉਹ ਲਾਲ ਰੰਗ ਦੀ ਪੁਸ਼ਾਕ ਪਹਿਨੀ ਹੋਈ ਹੈ। ਜਿਸਨੂੰ ਲਾਲ ਰੰਗ ਬਹੁਤਾ ਹੀ ਪਸੰਦ ਹੋਵੇ ਤੇ ਪ੍ਰਭਾਵਿਤ ਕਰੇ। ਇਹ ਸਰੀਰਕ ਜੀਵਨ ਦਾ ਵੀ ਰੰਗ ਹੈ ਅਤੇ ਅਧਿਆਤਮਕ ਜੀਵਨ ਦਾ ਰੰਗ ਵੀ ਹੈ।

ਖ਼ੂਨ ਦਾ ਰੰਗ ਲਾਲ ਹੈ, ਪ੍ਰੇਮ ਦਾ ਰੰਗ ਵੀ ਲਾਲ ਹੈ।
ਲਹੂ ਸਰੀਰਕ ਜੀਵਨ ਹੈ, ਪਿਆਰ ਅਧਿਆਤਮਕ ਜੀਵਨ ਹੈ।

ਇਹ ਜੋ ਸਰੀਰਕ ਜੀਵਨ ਹੈ ਇਸ ਦਾ ਰੰਗ ਵੀ ਲਾਲ ਹੈ, ਉਹ ਜੋ ਅਧਿਆਤਮਕ ਜੀਵਨ ਹੈ, ਪ੍ਰੇਮ:-

ਸਾਚੁ ਕਹੋਂ ਸੁਨ ਲੇਹੁ ਸਭੈ
ਜਿਨ ਪ੍ਰੇਮੁ ਕੀਉ ਤਿਨ ਹੀ ਪ੍ਰਭੁ ਪਾਇਓ॥੯॥
(ਤ੍ਵ ਪ੍ਰਸਾਦਿ ਸਵੱਯੇ ਪ:੧੦)

ਪ੍ਰੇਮ ਤੋਂ ਬਿਨਾਂ ਸਾਰੇ ਕਰਮ ਇੰਝ ਨੇ, ਜਿਵੇਂ ਲਾੜੇ ਤੋਂ ਬਿਨਾਂ ਬਰਾਤੀ । ਰਾਜ-ਯੋਗੀ ਭਰਥਰੀ ਕਹਿੰਦੇ ਨੇ:-

ਗੁਣ ਏਤਵ ਬ੍ਰਿਤ ਬਰਾਤ ਜਨਾਵਰ ਏਕ ਬੈਰਾਗ ਬਿਨਾ ਸਭ ਫੀਕੇ।

ਇਕ ਰੱਬੀ ਤੜਪ ਤੋਂ ਬਿਨਾਂ, ਪਿਆਰ ਤੋਂ ਬਿਨਾਂ ਸਾਰੇ ਕੀਤੇ ਹੋਏ ਕਰਮ ਇੰਝ ਨੇ

ਜਿਵੇਂ ਬਰਾਤੀ ਤੇ ਬਹੁਤ ਸਾਰੇ ਨੇ, ਲਾੜਾ ਤੇ ਹੈ ਕੋਈ ਨਹੀਂ। ਜੇ ਲਾੜਾ ਹੀ ਕੋਈ ਨਹੀਂ ਤੇ ਫਿਰ ਉਹਨਾਂ ਨੂੰ ਬਰਾਤੀ ਕਹਿਣ ਦੀ ਕੀ ਲੋੜ ਹੈ। ਪ੍ਰੇਮ ਹੀ ਨਹੀਂ ਹੈ ਤੇ ਇਹਨਾਂ ਕਰਮਾਂ ਨੂੰ ਧਾਰਮਿਕ ਕਰਮ ਆਖਣ ਦੀ ਕੀ ਲੋੜ ਹੈ। ਲਾੜੇ ਕਰਕੇ ਤੇ ਬਰਾਤੀ, ਬਰਾਤੀ ਨੇ। ਪ੍ਰੇਮ ਕਰਕੇ ਹੀ ਸਾਰੇ ਕਰਮ, ਧਾਰਮਿਕ ਕਰਮ ਬਣ ਜਾਂਦੇ ਨੇ, ਨਹੀਂ ਤੇ ਫੋਕਾ ਕਰਮ ਕਾਂਡ ਬਣ ਜਾਂਦਾ ਹੈ।

ਰਤਾ ਪੈਨਣੁ ਮਨੁ ਰਤਾ...॥

ਇਹ ਮਨ ਜੋ ਪ੍ਰਭੂ ਦੇ ਰੰਗ ਵਿਚ ਰੰਗਿਆ ਗਿਆ ਹੈ, ਇਹ ਜੋ ਰਤ ਚੜ੍ਹੀ ਹੈ। ਮਨ ਤੇ ਜੋ ਲਾਲ ਰੰਗ ਚੜ੍ਹਿਆ ਹੈ। ਅੰਦਰ ਜਿਹੜੀ ਲਾਲ ਰੰਗ ਦੀ ਧਾਰੀ ਬਣਦੀ ਹੈ। ਭਾਰਤ ਦਾ ਪੁਰਾਣਾ ਸਾਧੂ ਸਮਾਜ ਤੇ ਸਿੱਖ ਜਗਤ ਦੇ ਨਿਰਮਲੇ ਤੇ ਉਦਾਸੀ, ਜੇ ਇਹਨਾਂ ਸਾਰਿਆਂ ਨੇ ਲਾਲ ਰੰਗ, ਭਗਵਾ ਰੰਗ ਪਹਿਨ ਲਿਆ ਹੈ, ਤੇ ਐਵੇਂ ਨਹੀਂ ਸੀ। ਸ਼ੁਰੂ ੨ ਵਿਚ ਜਿੰਨ੍ਹਾਂ ੨ ਨੇ ਪਹਿਨਿਆਂ ਸੀ, ਉਹਨਾਂ ਨੂੰ ਲਾਲ ਰੰਗ ਨੇ ਪ੍ਰਭਾਵਿਤ ਕੀਤਾ ਸੀ। ਲਾਲ ਰੰਗ ਪ੍ਰੇਮ ਦਾ ਰੰਗ ਹੈ, ਪਿਆਰ ਦਾ ਰੰਗ ਹੈ।

ਕਵਨ ਬਨੀ ਰੀ ਤੇਰੀ ਲਾਲੀ॥{ਅੰਗ ੩੮੪}

-----

ਲਾਲੁ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ॥
ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ॥ {ਅੰਗ ੮੦੮}

ਬਾਹਰ ਦੇ ਜਿਤਨੇ ਰੰਗ ਨੇ, ਰੰਗੀਨ ਕਪੜੇ ਮੈਲੇ ਹੋ ਜਾਂਦੇ ਨੇ, ਦਾਗ਼ੀ ਵੀ ਹੁੰਦੇ ਨੇ, ਰੰਗ ਫਿਕੇ ਵੀ ਪੈ ਜਾਂਦੇ ਨੇ। ਪ੍ਰੇਮ ਦਾ ਰੰਗ ਦਿਨ ਦਿਨ ਵਧਦਾ ਹੈ, ਗੂੜ੍ਹਾ ਹੁੰਦਾ ਹੈ, ਫਿੱਕਾ ਨਹੀਂ ਹੁੰਦਾ, ਦਾਗ਼ੀ ਨਹੀਂ ਹੁੰਦਾ, ਮੈਲਾ ਵੀ ਨਹੀਂ ਹੁੰਦਾ। ਇਸਨੂੰ ਹੀ ਨੰਦ ਲਾਲ ਕਹਿੰਦੇ ਨੇ:-

ਗੁਲਾਲਿ ਅਫਸ਼ਾਨੀਇ ਦਸਤਿ ਮੁਬਾਰਿਕ।
ਜ਼ਮੀਨੋ ਆਸਮਾਂ ਰਾ ਸੁਰਖਰੂ ਕਰਦ। {ਗਜ਼ਲ ੩੩}

ਐਹ ਮੇਰੇ ਪਾਤਸ਼ਾਹ! ਤੁਸੀਂ ਹਰ ਛੋਟੇ ਵੱਡੇ ਨੂੰ ਲਾਲ ਰੰਗ ਨਾਲ ਰੰਗ ਦਿੱਤਾ ਹੈ। ਗੁਲਾਲ ਨਾਲ ਰੰਗ ਦਿੱਤਾ ਹੈ। ਸਭ ਤੇ ਰੱਬੀ ਰੰਗ ਚਾੜ੍ਹ ਦਿੱਤਾ ਹੈ। ਤੁਹਾਡੀ ਸੰਗਤ ਕਰਕੇ ਸਾਰਿਆਂ ਦੇ ਅੰਦਰ ਪ੍ਰਭੂ ਦਾ ਪਿਆਰ ਪੈਦਾ ਹੋ ਗਿਆ ਹੈ। ਸਾਰਿਆਂ ਨੂੰ ਰੱਬੀ ਜ਼ਿੰਦਗੀ ਨਸੀਬ ਹੋ ਗਈ ਹੈ। ਪਿਆਰ ਪਰਮਾਤਮਾ ਦਾ ਅਧਿਆਤਮਕ ਜੀਵਨ ਹੈ। ਈਸ਼ਵਰੀ ਜੀਵਨ ਹੈ।

ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨੁ॥{ਅੰਗ ੧੬}

ਸੰਤੋਖੀ ਬਿਰਤੀ, ਦਾਨੀ ਬਿਰਤੀ, ਪਰਉਪਕਾਰੀ ਬਿਰਤੀ, ਇਹ ਮਾਨੋ ਅਸੀਂ ਚਿੱਟੇ ਰੰਗ ਦੇ ਕਪੜੇ ਪਹਿਨੇ ਹੋਏ ਨੇ। ਜਿਸ ਦੇ ਅੰਦਰ ਵੀ ਨਾਮ ਦਾ ਰੰਗ ਚੜ੍ਹਦਾ ਹੈ, ਉਸਦੇ ਅੰਦਰ ਪਰਉਪਕਾਰੀ ਬਿਰਤੀਆਂ ਦਾ ਪਰਵਾਹ ਚਲ ਪੈਂਦਾ ਹੈ। ਉਹ ਬਿਰਤੀ ਜਿਸ ਵਕਤ ਪਰਗਾਣ ਰੂਪ ਵਿਚ ਹੁੰਦੀ ਹੈ ਫਿਰ ਪਰਉਪਕਾਰ ਕਰਨ ਨੂੰ ਜੀਅ ਕਰਦਾ ਹੈ। ਉਸ ਵਕਤ ਜਿਹੜੀ ਧਾਰੀ ਬਣਦੀ ਹੈ ਉਹ ਚਿੱਟੇ ਰੰਗ ਦੀ ਬਣਦੀ ਹੈ। ਸੁਪੇਦੀ (ਸਫ਼ੈਦ, ਚਿੱਟਾ)। ਭਾਰਤ ਦੇ ਸਾਧੂ ਸਮਾਜ ਨੇ ਅਗਰ ਚਿੱਟੇ ਕਪੜਿਆਂ ਨੂੰ ਅਪਨਾਇਆ ਹੈ ਤੇ ਐਵੇਂ ਨਹੀਂ ਅਪਨਾ ਲਿਆ। ਚਿੱਟੇ ਕਪੜੇ, ਚਿਟਿਆਈ ਉਹਨਾਂ ਨੂੰ ਪ੍ਰਭਾਵਿਤ ਕਰਦੀ ਰਹੀ ਹੈ।

ਭਲਾਈ ਕਰਨੀ ਇਹ ਬਿਰਤੀ ਬੜੀ ਪ੍ਰਬਲ। ਸ਼ਿਖਰ ਤੇ ਪਹੁੰਚੀ ਹੋਈ ਇਹ ਬਿਰਤੀ, ਚਿੱਟੇ ਰੰਗ ਦੀ ਇਹ ਧਾਰੀ ਬਣਾ ਦਿੰਦੀ ਹੈ। ਉਸ ਨੂੰ ਦੇ ਕੇ ਖੁਸ਼ੀ ਮਿਲਦੀ ਹੈ, ਜਦ ਕਿ ਸ਼ੂਮ ਨੂੰ ਖੋਹ ਕੇ ਖੁਸ਼ੀ ਮਿਲਦੀ ਹੈ। ਪਰਉਪਕਾਰੀ ਨੂੰ ਦੇ ਕੇ ਖੁਸ਼ੀ ਮਿਲਦੀ ਹੈ। ਜੇ ਦੇ ਕੇ ਖੁਸ਼ੀ ਨਹੀਂ ਮਿਲੀ ਤੇ ਇਹ ਦਾਨ ਨਹੀਂ ਹੈ। ਇਹ ਪਰਉਪਕਾਰ ਵੀ ਨਹੀਂ ਹੈ। ਇਹ ਬੰਧਾ ਚੱਟੀ ਹੋਵੇਗਾ।

ਦੁਪਹਿਰ ਦਾ ਵਕਤ ਸੀ, ਮਹਾਤਮਾ ਬੁੱਧ ਇਕ ਕਸਬੇ ਤੋਂ ਦੂਸਰੇ ਕਸਬੇ ਜਾ ਰਹੇ ਸਨ। ਨਾਲ ਉਹਨਾਂ ਦੇ ਸਿਸ਼, ਜੋ ਰਿਸ਼ਤੇ ਵਿਚ ਚਚੇਰ ਭਰਾ ਸੀ, ਅਨੰਦ। ਉਸ ਨੇ ਕਮੰਡਲ ਵਿਚ ਪਾਣੀ ਲੈ ਲਿਆ ਬਈ ਇਕ ਕੋਹ ਦੀ ਵਾਟ ਹੈ, ਦੋ ਮੀਲ ਦਾ ਰਸਤਾ ਹੈ। ਕੜਕਦੀ ਧੁੱਪ ਹੈ, ਪਿਆਸ ਲਗ ਸਕਦੀ ਹੈ। ਕੋਈ ਇਕ ਮੀਲ ਚਲੇ ਹੋਣਗੇ। ਅਜੇ ਅੱਧੀ ਵਾਟ ਰਹਿੰਦੀ ਸੀ, ਕੜਕਦੀ ਧੁੱਪ, ਲੂ, ਬਿਹਾਰ ਦੀ ਗਰਮੀ। ਮਹਾਤਮਾ ਬੁੱਧ ਨੇ ਅਨੰਦ ਨੂੰ ਕਿਹਾ ਪਾਣੀ ਦਾ ਕਮੰਡਲ ਦੇ। ਅਨੰਦ ਨੇ ਸੋਚਿਆ ਇਹਨਾਂ ਨੂੰ ਪਿਆਸ ਲਗੀ ਹੋਣੀ ਹੈ, ਦੇ ਦਿੱਤਾ। ਸਾਹਮਣੇ ਜੰਗਲੀ ਬੂਟਾ ਸੀ, ਮਹਾਤਮਾ ਬੁੱਧ ਨੇ ਉਸ ਵਿਚ ਪਾ ਦਿੱਤਾ। ਅਨੰਦ ਕਹਿਣ ਲੱਗਾ ਇਹ ਕੀ ਕੀਤਾ ਤੁਸੀਂ, ਅਜੇ ਅੱਧੀ ਵਾਟ ਤੇ ਰਹਿੰਦੀ ਹੈ, ਕੜਕਦੀ ਲੂ ਚਲਦੀ ਪਈ ਹੈ। ਬੜੀ ਭਿਅੰਕਰ ਗਰਮੀ ਪੈ ਰਹੀ ਹੈ। ਜਿਸ ਪਿੰਡ ਅਸੀਂ ਜਾਣਾ ਹੈ ਅਜੇ ਇਕ ਮੀਲ ਰਹਿੰਦਾ ਹੈ। ਇਹੀ ਤੇ ਸਾਡੇ ਕੋਲ ਪਾਣੀ ਸੀ। ਪਿਆਸ ਸਾਨੂੰ ਲਗ ਸਕਦੀ ਹੈ। ਪਤਾ ਹੈ ਮਹਾਤਮਾ ਬੁੱਧ ਨੇ ਕੀ ਆਖਿਆ। ਸਾਨੂੰ ਪਿਆਸ ਲਗ ਸਕਦੀ ਹੈ, ਅਜੇ ਲਗੀ ਨਹੀਂ। ਇਹ ਪਿਆਸ ਕਰਕੇ ਮਰ ਰਿਹਾ ਸੀ। ਪਾਣੀ ਮੇਰੇ ਕੋਲ ਹੋਵੇ ਤੇ ਮੈਂ ਮਰਦਾ ਹੋਇਆ ਨਹੀਂ ਦੇਖ ਸਕਦਾ। ਹਾਂ ਨਾ ਹੁੰਦਾ, ਫਿਰ ਮੇਰੇ ਮਨ ਤੇ ਬੋਝ ਨਹੀਂ ਸੀ ਹੋਣਾ। ਇਸ ਨੂੰ ਪਿਆਸਾ ਮਰਦਿਆਂ ਹੋਇਆ ਦੇਖ ਕੇ ਤੇ ਕਮੰਡਲ ਦਾ ਪਾਣੀ ਲੈ ਕੇ ਮੈਂ ਚਲਾ ਜਾਵਾਂ, ਇਹ ਮੇਰੀ ਜ਼ਮੀਰ ਨੇ ਗਵਾਰਾ ਨਹੀਂ ਕੀਤਾ, ਇਸ ਵਾਸਤੇ ਪਾ ਦਿੱਤਾ। ਜਿਹੜਾ ਬੂਟੇ ਨੂੰ ਪਿਆਸਾ ਨਹੀਂ ਦੇਖ ਸਕਦਾ, ਉਹ ਬੰਦੇ ਨੂੰ ਪਿਆਸਾ ਦੇਖ ਸਕੇਗਾ? ਯਕੀਨ ਜਾਣੋ ਇਕ ਕਮੰਡਲ ਪਾਣੀ ਦਾ ਦਾਨ, ਇਹ ਇਕ ਪਰਉਪਕਾਰ ਦੀ ਬਿਰਤੀ ਹੁੰਦੀ ਹੈ। ਇਸ ਬਿਰਤੀ ਤੋਂ ਬਿਨਾਂ ਅਗਰ ਕੋਈ ਕਰੋੜਾਂ ਦਾ ਦਾਨ ਕਰ ਰਿਹਾ ਹੈ, ਉਸ ਨੂੰ ਖੁਸ਼ੀ ਨਹੀਂ ਮਿਲੇਗੀ ਬਲਕਿ ਉਸਦੇ ਅੰਦਰ ਹੰਕਾਰ ਦਾ ਵਾਧਾ ਹੋਵੇਗਾ। ਨਾਮ ਜਪਦਿਆਂ ੨ ਜੋ ਪਰਉਪਕਾਰ ਦੀ ਬਿਰਤੀ ਪੈਦਾ ਹੁੰਦੀ ਹੈ, ਐਸੇ ਮਨੁਖ ਦੇ ਅੰਦਰ ਸਫ਼ੇਦ ਰੰਗ ਦੀ ਧਾਰੀ ਬਣਦੀ ਹੈ। ਐਸਾ ਮਨੁਖ ਬਾਹਰ ਚਿੱਟੇ ਰੰਗ ਤੋਂ ਪ੍ਰਭਾਵਿਤ ਹੋਵੇਗਾ। ਵਿਦੇਸ਼ ਦੀ ਗੱਲ, ਮੈਂ ਉਸ ਬਨਸਪਤੀ ਨੂੰ ਦੇਖ ਕੇ ਹੈਰਾਨ ਹੋਇਆ, ਜਿਸ ਜੰਗਲ ਦੇ ਵਿਚ ਅਸੀਂ ਗਏ। ਦੁਧੀਆ ਰੰਗ ਦੇ ਵੀ ਪੱਤੇ, ਆਸਮਾਨੀ ਰੰਗ ਦੇ ਵੀ ਪੱਤੇ, ਗੂੜੇ ਨੀਲੇ ਰੰਗ ਦੇ ਵੀ ਪੱਤੇ, ਲਾਲ ਰੰਗ ਦੇ ਵੀ ਪੱਤੇ, ਮੈਨੂੰ ਹੈਰਾਨਗੀ ਹੋਈ। ਪ੍ਰਕਿਰਤੀ ਇਤਨੇ ਰੰਗ ਬਦਲਦੀ ਹੈ, ਬਨਸਪਤੀ ਇਤਨੇ ਰੰਗ ਬਦਲਦੀ ਹੈ। ਵਖ ੨ ਬਿਰਤੀਆਂ ਦੇ ਪ੍ਰਭਾਵ ਕਰਕੇ ਮਨੁਖ ਦੇ ਅੰਦਰ ਰੰਗ ਬਦਲਦੇ ਨੇ। ਅੰਦਰ ਜਿਸ ਵਕਤ ਜਿਹੜਾ ਰੰਗ ਬਣਿਆ ਹੁੰਦਾ ਹੈ, ਬਾਹਰੋਂ ਉਹੀ ਰੰਗ ਪ੍ਰਭਾਵਿਤ ਕਰਦਾ ਹੈ। ਇਸ ਦੇ ਨਾਲ ਅਜੋਕਾ ਮਨੋਵਿਗਿਆਨ ਸਹਿਮਤ ਹੋ ਗਿਆ ਹੈ। ਭਾਈ ਸਾਹਿਬ ਨੰਦ ਲਾਲ ਜੀ ਇੱਥੇ ਦੋ ਰੰਗਾਂ ਦਾ ਜ਼ਿਕਰ ਕਰਦੇ ਨੇ।

ਜਹੇ ਪਿਚਕਾਰੀਏ ਪੁਰ ਜ਼ਾਅਫ਼ਰਾਨੀ।
ਕਿ ਹਰ ਬੇਰੰਗ ਰਾ ਖ਼ੁਸ਼ਰੰਗੋ ਬੂ ਕਰਦ। {ਗ਼ਜ਼ਲ ੩੩}

ਐਹ ਮੇਰੇ ਪਾਤਸ਼ਾਹ ਤੁਹਾਡੇ ਹੱਥ ਵਿਚ ਇਹ ਕੇਸਰੀ ਰੰਗ ਦੀ ਪਿਚਕਾਰੀ ਕੀ ਹੈ, ਤੁਸੀਂ ਤੇ ਸਾਰਿਆਂ ਨੂੰ ਕੇਸਰੀ ਰੰਗ ਵਿਚ ਰੰਗ ਦਿੱਤਾ ਹੈ। ਸਭ ਨੂੰ ਰੰਗ ਦਿੱਤਾ ਹੈ।

ਗ਼ਰੀਬ ਤੇ ਅਮੀਰ ਨੂੰ, ਛੋਟੇ ਤੇ ਵੱਡੇ ਨੂੰ, ਜ਼ਮੀਨ ਤੇ ਆਸਮਾਨ ਨੂੰ, ਮੂਰਖ ਤੇ ਸਿਆਣੇ ਨੂੰ, ਇਸਤ੍ਰੀ ਤੇ ਪੁਰਸ਼ ਨੂੰ, ਸਭ ਨੂੰ ਤੁਸੀਂ ਰੰਗ ਦਿੱਤਾ ਹੈ। ਜੋ ਤੁਹਾਡੀ ਸੰਗਤ ਵਿਚ ਆਇਆ ਹੈ ਸਾਰਿਆਂ ਤੇ ਰੱਬੀ ਰੰਗ ਚਾੜ੍ਹ ਦਿੱਤਾ ਹੈ। ਜੋ ਤੁਹਾਡੇ ਕੋਲ ਬੈਠਾ ਹੈ, ਤੁਸੀਂ ਐਸਾ ਗ਼ੁਲਾਲ ਛਿੜਕਿਆ ਹੈ, ਸਾਰਿਆਂ ਤੇ ਲਾਲੀ ਚਾੜ੍ਹ ਦਿੱਤੀ ਹੈ।

ਅੱਗੇ ਸਤਿਗੁਰੁ ਕਹਿੰਦੇ ਨੇ, ਇਹ ਜਿਹੜੀ ਅੰਦਰ ਹਰ ਵਕਤ ਪਰਉਪਕਾਰੀ ਬਿਰਤੀ ਬਣੀ ਰਹਿੰਦੀ ਹੈ, ਇਸ ਪਰਉਪਕਾਰੀ ਬਿਰਤੀ ਨੇ ਇਕ ਇਕ ਉਦਾਸੀ, ਬਾਰਾਂ ੨ ਸਾਲ ਦੀ ਕੀਤੀ ਹੈ, ਘਰ ਵਿਚ ਨਹੀਂ ਰਹਿਣ ਦਿੱਤਾ। ਇਹ ਪਰਉਪਕਾਰੀ ਬਿਰਤੀ, ਇਕ ਮੁਲਕ ਤੋਂ ਦੂਸਰੇ ਮੁਲਕ, ਇਕ ਸ਼ਹਿਰ ਤੋਂ ਦੂਜੇ ਸ਼ਹਿਰ, ਇਕ ਕਸਬੇ ਤੋਂ ਦੂਜੇ ਕਸਬੇ, ਜ਼ਮੀਨ ਤੋਂ ਪਹਾੜਾਂ ਤਕ, ਪਹਾੜਾਂ ਤੋਂ ਸਾਗਰਾਂ ਨੂੰ ਅਬੂਰ ਕਰਨਾ। ਇਹ ਸਾਰਾ ਭਰਮਣ ਪਰਉਪਕਾਰ ਵਸ ਹੁੰਦਾ ਰਿਹਾ ਹੈ। ਉਸਨੂੰ ਵੀ ਰੰਗ ਚਾੜ੍ਹਨਾ ਹੈ, ਉਸਨੂੰ ਵੀ ਰੰਗਣਾ ਹੈ। ਮੱਕੇ ਦੇ ਹਾਜ਼ੀਆਂ ਨੂੰ ਵੀ ਰੰਗ ਚਾੜ੍ਹਨਾ ਹੈ, ਸੁਮੇਰ ਦੇ ਜੋਗੀਆਂ ਨੂੰ ਵੀ ਰੰਗ ਚਾੜ੍ਹਨਾ ਹੈ। ਬਨਾਰਸ ਦੇ ਬ੍ਰਾਹਮਣਾਂ ਨੂੰ ਵੀ ਰੰਗਣਾ ਹੈ। ਹਰਿਦੁਆਰ ਦੇ ਕਰਮ-ਕਾਂਡੀਆਂ ਨੂੰ ਵੀ ਰਬ ਦਾ ਰੰਗ ਦੇਣਾ ਹੈ।

ਵੰਡਣਾ ਹੈ, ਦੇ ਕੇ ਖੁਸ਼ੀ ਮਿਲੇਗੀ। ਸਮਝ ਲਉ ਉਸਦੇ ਅੰਦਰ ਚਿੱਟੇ ਰੰਗ ਦੀ ਧਾਰੀ ਬਣੀ ਹੋਈ ਹੈ। ਲੁਟੇਰੇ ਨੂੰ ਕੁਛ ਖੋਹ ਕੇ ਖੁਸ਼ੀ ਮਿਲਦੀ ਹੈ। ਜਿਸ ਦਿਨ ਕੋਈ ਚੰਗੀ ਲੁੱਟ ਹੋ ਜਾਏ, ਡਾਕੂ ਇਕੱਠੇ ਹੋ ਕੇ ਲੱਡੂ ਵੰਡਦੇ ਨੇ। ਨੱਚਦੇ ਨੇ, ਟੱਪਦੇ ਨੇ, ਖੁਸ਼ ਹੁੰਦੇ ਨੇ। ਅੱਜ ਕਾਮਯਾਬ ਡਾਕਾ ਮਾਰਿਆ ਹੈ। ਬੜਾ ਕੁਛ ਹੱਥ ਆਇਆ ਹੈ, ਖੁਸ਼ ਹੁੰਦੇ ਨੇ। ਖੋਹ ਕੇ ਖੁਸ਼ੀ ਮਿਲੀ ਹੈ, ਕਿਸੇ ਨੂੰ ਲੁੱਟ ਕੇ ਖੁਸ਼ੀ ਮਿਲੀ ਹੈ। ਪਰਉਪਕਾਰੀ ਨੂੰ ਦੇ ਕੇ ਖੁਸ਼ੀ ਮਿਲਦੀ ਹੈ:-

ਹਥੋਂ ਦੇ ਕੇ ਭਲਾ ਮਨਾਏ॥

-----

ਨੀਲੀ ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ (ਅੰਗ ੧੬)

ਨੀਲਾ ਰੰਗ ਇਹ ਸੂਰਬੀਰਤਾ ਦਾ ਰੰਗ ਹੈ, ਕਰੋਧ ਦਾ ਨਹੀਂ। ਬਾਬਰ ਨੂੰ ਮੂੰਹ ਦੇ ਉਤੇ ਜਾਬਰ ਕਹਿ ਦੇਣਾ, ਇਹ ਇਕ ਸੂਰਬੀਰਤਾ ਦਾ ਰੰਗ ਹੈ। ਜਿਸ ਦੇ ਹੱਥ ਵਿਚ ਨੰਗੀ ਤਲਵਾਰ ਹੈ। ਕਦਮ ੨ ਤੇ ਖ਼ੂਨ-ਖ਼ਰਾਬਾ ਕਰਨਾ ਅਤੇ ਗਰਦਨਾਂ ਕੱਟਣਾ ਜਿਸਦਾ ਸੁਭਾਉ ਹੈ। ਉਸ ਦੇ ਮੂੰਹ ਤੇ ਕਹਿ ਦੇਣਾ ਕਿ ਤੂੰ ਬਾਬਰ ਨਹੀਂ, ਜਾਬਰ ਹੈਂ:-

ਪਾਪ ਕੀ ਜੰਞ ਲੈ ਕਾਬਲਹੁ ਧਾਇਆ
ਜੋਰੀ ਮੰਗੈ ਦਾਨੁ ਵੇ ਲਾਲੋ॥ (ਅੰਗ ੭੨੨)

ਇਹ ਪਾਪੀ ਇਕੱਠੇ ਕਰਕੇ ਲੈ ਆਇਆ ਹੈਂ। ਹਿੰਦੋਸਤਾਨ ਨੂੰ ਪੇਤਾ ਘਰ ਸਮਝ ਲਿਆ ਹੈ, ਲੁੱਟ ਰਿਹਾ ਹੈਂ। ਇਹ ਕੋਈ ਸੂਰਬੀਰ ਹੀ ਕਹਿ ਸਕਦਾ ਹੈ। ਜਿਸ ਵਕਤ ਇਸ ਤਰ੍ਹਾਂ ਦੀ ਬਿਰਤੀ ਕਿਸੇ ਸੰਤ ਦੇ ਅੰਦਰ, ਮਹਾਂ ਪੁਰਸ਼ ਦੇ ਅੰਦਰ, ਅਵਤਾਰ ਦੇ ਅੰਦਰ ਪ੍ਰਬਲ ਹੁੰਦੀ ਹੈ, ਉਸ ਵਕਤ ਉਸ ਦੇ ਅੰਦਰ ਨੀਲੇ ਰੰਗ ਦੀ ਧਾਰੀ ਬਣਦੀ ਹੈ। ਇਹ ਅੰਦਰ ਰੰਗ ਬਦਲਦੇ ਰਹਿੰਦੇ ਨੇ। *ਸੂਰਬੀਰਤਾ*, ਇਸਦੇ; ਕਦਮਾਂ ਨੂੰ ਰੋਕਣਾ ਹੈ।

ਇਸਨੂੰ ਅਹਿਸਾਸ ਕਰਾਉਣਾ ਹੈ ਕਿ ਤੂੰ ਗ਼ਲਤ ਕਰ ਰਿਹਾ ਹੈਂ। ਕਮਜ਼ੋਰ ਮਨੁਖ ਇਹ ਨਹੀਂ ਕਹਿ ਸਕਦਾ। ਜਿਸ ਦੇ ਅੰਦਰ ਸੂਰਬੀਰਤਾ ਨਹੀਂ, ਉਹ ਨਹੀਂ ਕਹਿ ਸਕਦਾ।

ਫਿਰ ਮਹਾਰਾਜ ਕਹਿੰਦੇ ਨੇ ਅਸੀਂ ਕਾਲੇ ਰੰਗ ਦੀ ਪੁਸ਼ਾਕ ਪਾਈ ਹੋਈ ਹੈ। ਕਾਲੇ ਰੰਗ ਨੂੰ ਯੂਰਪ ਦੇ ਅੰਦਰ ਮੌਤ ਦਾ ਰੰਗ ਮੰਨਦੇ ਨੇ, (ਜਦ ਕਿ ਇੱਥੇ ਇਸ ਤਰਾਂ ਦੀ ਖੇਡ ਨਹੀਂ ਜੋ ਕਵੀ ਸੰਤੋਖ ਸਿੰਘ ਜੀ ਨੇ ਬਿਆਨ ਕੀਤੀ ਹੈ)। ਮੁਰਦੇ ਨੂੰ, ਲਾਸ਼ ਨੂੰ ਉਹ ਲੋਗ ਕਾਲੇ ਰੰਗ ਦੀ ਗੱਡੀ ਵਿਚ ਲੈ ਜਾਂਦੇ ਨੇ ਔਰ ਜਿਹੜੇ ਲੈ ਜਾਂਦੇ ਨੇ ਉਹ ਵੀ ਕਾਲੇ ਰੰਗ ਦੇ ਕਪੜੇ ਪਹਿਨਦੇ ਨੇ। ਜਿਹੜੇ ਉਥੇ ਦਫ਼ਨ ਕਰਦੇ ਨੇ, ਜਿੰਨ੍ਹਾਂ ਦੀ ਡਿਊਟੀ ਹੁੰਦੀ ਹੈ, ਉਹ ਸਾਰੇ ਕਾਲੇ ਰੰਗ ਦੇ ਕਪੜੇ ਪਹਿਨਦੇ ਨੇ। ਇਧਰ ਗੁਜਰਾਤ ਵਿਚ ਮੈਂ ਦੇਖਿਆ ਹੈ ਕਿ ਜਿਸ ਘਰ ਮਰਗ ਹੋ ਜਾਏ, ਤਮਾਮ ਬੀਬੀਆਂ ਕਾਲੇ ਰੰਗ ਦੀਆਂ ਸਾੜੀਆਂ ਪਾ ਕੇ ਜਾਂਦੀਆਂ ਨੇ। ਕਿਸੇ ਇਕ ਘਰ ਵਿਚੋਂ ਸੈਂਕੜਿਆਂ ਦੀ ਤਦਾਦ ਵਿਚ ਕਾਲੇ ਕਪੜੇ, ਸਾੜੀਆਂ ਆਦਿ ਪਾ ਕੇ ਬੀਬੀਆਂ ਬਾਹਰ ਨਿਕਲ ਰਹੀਆਂ ਸਨ, ਮੇਰੇ ਨਾਲ ਜੋ ਸੱਜਣ ਸੀ ਉਹ ਗੁਜਰਾਤ ਦਾ ਰਹਿਣ ਵਾਲਾ ਸੀ। ਉਸ ਤੋਂ ਮੈਂ ਪੁੱਛਿਆ, ਇਹ ਕਾਲਾ ਰੰਗ ਗੁਜਰਾਤੀਆਂ ਨੂੰ ਬੜਾ ਪਸੰਦ ਹੈ। ਪਤਾ ਹੈ ਉਸ ਨੇ ਕੀ ਆਖਿਆ, ਕਹਿੰਦਾ ਗਿਆਨੀ ਜੀ ਇੱਥੇ ਮੌਤ ਹੋ ਗਈ ਹੈ। ਇਸ ਕਰਕੇ ਇਹ ਕਾਲੇ ਰੰਗ ਦੇ ਕਪੜੇ ਪਾ ਕੇ ਜਾ ਰਹੀਆਂ ਨੇ। ਇਹ ਮੌਤ ਦਾ ਰੰਗ ਮੰਨਦੇ ਨੇ, ਦੁੱਖ ਦਾ ਰੰਗ ਮੰਨਦੇ ਨੇ। ਕਵੀ ਸੰਤੋਖ ਸਿੰਘ ਜੀ ਨੇ ਜਿਸ ਤਰਹ ਲਿਖਿਆ ਹੈ, ਉਹ ਰੋਸ ਦਾ ਰੰਗ ਹੈ। ਭਾਵ, ਮੈਨੂੰ ਕਬੂਲ ਨਹੀਂ। ਤੂੰ ਮੈਨੂੰ ਕਬੂਲ ਨਹੀਂ, ਮੈਂ ਰੋਸ ਪਰਗਟ ਕਰਦਾ ਹਾਂ। ਤੂੰ ਮੈਨੂੰ ਪਰਵਾਨ ਨਹੀਂ, ਮੈਂ ਰੋਸ ਪ੍ਰਗਟ ਕਰਦਾ ਹਾਂ। ਤੁਸੀਂ ਇੱਥੇ ਆਖੋਗੇ ਕਿ ਸੰਤਾਂ ਤੇ ਭਗਤਾਂ ਦਾ ਕਿਸ ਪ੍ਰਤੀ ਰੋਸ ਪ੍ਰਗਟ ਹੁੰਦਾ ਹੈ। ਉਹਨਾਂ ਦੇ ਮਨ ਦੇ ਅੰਦਰ ਲੋਭ ਦੇ ਪ੍ਰਤੀ, ਹੰਕਾਰ ਦੇ ਪ੍ਰਤੀ, ਕਰੋਧ ਦੇ ਪ੍ਰਤੀ ਰੋਸ ਹੁੰਦਾ ਹੈ, ਤੂੰ ਸਾਨੂੰ ਕਬੂਲ ਨਹੀਂ। ਅਸੀਂ ਤੈਨੂੰ ਆਪਣੇ ਹਿਰਦੇ ਘਰ ਵਿਚ ਨਹੀਂ ਰਖ ਸਕਦੇ। ਤੂੰ ਜਬਰਨ ਆ ਕੇ ਵੜਿਆ ਹੈਂ, ਅਸੀਂ ਰੋਸ ਪ੍ਰਗਟ ਕਰਦੇ ਹਾਂ। ਜਿਸ ਵਕ਼ਤ ਵਿਕਾਰਾਂ ਪ੍ਰਤੀ ਰੋਸਮਈ ਬਿਰਤੀ ਅੰਦਰ ਪੈਦਾ ਹੁੰਦੀ ਹੈ, ਕਹਿੰਦੇ ਨੇ ਉਦੋਂ ਅੰਦਰ ਕਾਲੇ ਰੰਗ ਦੀ ਧਾਰੀ ਬਣਦੀ ਹੈ। ਬਾਹਰ ਕਾਲਾ ਰੰਗ ਪ੍ਰਭਾਵਿਤ ਕਰਨ ਲਗ ਪੈਂਦਾ ਹੈ। ਇਸਲਾਮ ਦੇ ਸੂਫ਼ੀ ਫ਼ਕੀਰ ਕਰੀਬਨ ੨ ਕਾਲੇ ਰੰਗ ਦੇ ਕਪੜੇ ਪਹਿਨਦੇ ਸਨ। ਬਾਬਾ ਫਰੀਦ ਕਹਿੰਦੇ ਨੇ:-

ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ॥
ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ॥੬੧॥ {ਅੰਗ ੧੩੮੧}

ਮੈਂ ਗੁਨਾਹਾਂ ਨਾਲ ਭਰਿਆ ਹੋਇਆ ਹਾਂ। ਵਿਕਾਰਾਂ ਨਾਲ ਭਰਿਆ ਹੋਇਆ ਹਾਂ, ਲੋਕੀਂ ਮੈਨੂੰ ਦਰਵੇਸ਼ ਕਹਿੰਦੇ ਨੇ, ਫ਼ਕੀਰ ਕਹਿੰਦੇ ਨੇ, ਸੰਤ ਕਹਿੰਦੇ ਨੇ। ਵਿਕਾਰਾਂ ਦੇ ਪ੍ਰਤੀ ਰੋਸ ਹੈ। ਇਹ ਨਹੀਂ ਚਾਹੀਦੇ, ਇਹਨਾਂ ਨੂੰ ਮੈਂ ਕਢਣਾ ਹੈ। ਲੜੇਗਾ ਤੇ ਉਹੀ, ਜਿਸ ਦੇ ਅੰਦਰ ਸੂਰਬੀਰਤਾ ਹੈ। ਪਰ ਸੂਰਬੀਰਤਾ ਤੋਂ ਪਹਿਲੇ ਰੋਸ ਤੇ ਚਾਹੀਦਾ ਹੈ, ਕਬੂਲ ਨਹੀਂ। ਅੱਜ ਵੀ ਕਿਧਰੇ ਕਿਸੇ ਨੇ ਰੋਸ ਪਰਗਟ ਕਰਨਾ ਹੁੰਦਾ ਹੈ। ਜਲੂਸ ਕਢਦੇ ਨੇ, ਕਾਲੇ ਬਿੱਲੇ ਬੰਨ੍ਹਦੇ ਨੇ। ਕਾਲੇ ਬਿੱਲੇ ਬੰਨ੍ਹਣ ਦਾ ਮਤਲਬ ਕੀ? ਸਾਨੂੰ ਰੋਸ ਹੈ। ਅਸੀਂ ਰੋਸ ਪ੍ਰਗਟ ਕਰਦੇ ਹਾਂ। ਕਾਲਾ ਰੰਗ ਰੋਸ ਦਾ ਰੰਗ ਹੈ, ਮੌਤ ਦਾ ਰੰਗ ਨਹੀਂ। ਪਰ ਫਿਰ ਭੀ ਕਈ ਦਾਰਸ਼ਨਿਕ, ਕੁਛ ਸਾਇੰਟਿਸਟ, ਵਿਗਿਆਨਕ ਵੀ ਮੌਤ ਦਾ ਰੰਗ ਕਾਲਾ ਹੀ ਮੰਨਦੇ ਨੇ। ਮਹਾਰਾਜ ਕਹਿੰਦੇ ਨੇ ਵਿਕਾਰਾਂ ਦੇ ਪ੍ਰਤੀ ਜੋ ਅੰਦਰ ਹਰ ਵਕਤ ਰੋਸ ਦੀ ਬਿਰਤੀ ਰਹਿੰਦੀ ਹੈ, ਇਹ ਅਸੀਂ ਕਾਲੇ ਰੰਗ ਦੀ ਪੁਸ਼ਾਕ ਪਾਈ ਹੋਈ ਹੈ। ਜੋ ਹਰ ਵਕਤ ਅੰਦਰ ਸੂਰਬੀਰਤਾ ਬਣੀ ਰ੍ਹਹਿੰਦੀ ਹੈ, ਇਹ ਨੀਲੇ ਰੰਗ ਦੀ ਪੁਸ਼ਾਕ ਪਹਿਨੀ ਹੋਈ ਹੈ। ਹਰ ਵਕਤ

ਜੋ ਅੰਦਰ ਪਰਉਪਕਾਰੀ ਬਿਰਤੀ ਬਣੀ ਰਹਿੰਦੀ ਹੈ, ਮਾਂ ਜੀ ਇਹ ਅਸੀਂ ਚਿੱਟੇ ਰੰਗ ਦੇ ਕਪੜੇ ਪਾਏ ਹੋਏ ਨੇ। ਮਨ ਜੋ ਹਰ ਵਕਤ ਪ੍ਰਭੂ ਰੰਗ ਵਿਚ ਰੰਗਿਆ ਰਹਿੰਦਾ ਹੈ, ਇਹ ਲਾਲ ਰੰਗ ਦੇ ਕਪੜੇ ਪਹਿਨਦੇ ਰਹਿੰਦੇ ਹਾਂ। ਤੂੰ ਗ਼ਮ ਨਾ ਕਰ ਅਸੀਂ ਵਖ ੨ ਰੰਗ ਦੇ ਕਪੜੇ ਪਹਿਨਦੇ ਰਹਿੰਦੇ ਹਾਂ। ਛੱਤੀ ਪ੍ਰਕਾਰ ਦਾ ਭੋਜਨ ਜੋ ਛਕਦੇ ਰਹਿੰਦੇ ਹਾਂ, ਮਾਂ ਤੂੰ ਖੁਸ਼ ਹੋ। ਪ੍ਰਸੰਨ ਹੋ ਅਸੀਂ ਭੁੱਖੇ ਨਹੀਂ ਰਹਿੰਦੇ ਬਲਕਿ ਹਰ ਵਕਤ ਰੱਜੇ ਰਹਿੰਦੇ ਹਾਂ। ਨੰਗੇ ਨਹੀਂ ਰਹਿੰਦੇ, ਸੋਹਣੇ ੨ ਕਪੜੇ ਪਹਿਨਦੇ ਰਹਿੰਦੇ ਹਾਂ।

ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨੁ॥
ਨੀਲੀ ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ॥
ਕਮਰਬੰਦੁ ਸੰਤੋਖ ਕਾ ਧਨੁ ਜੋਬਨੁ ਤੇਰਾ ਨਾਮੁ॥੨॥ {ਅੰਗ ੧੬}

ਸਾਡੇ ਕੋਲ ਧਨ ਕੀ ਹੈ। ਧਨ ਦੀ ਵੀ ਆਪਣੀ ਖੁਸ਼ੀ ਹੈ। ਜਵਾਨੀ ਦੀ ਵੀ ਆਪਣੀ ਖੁਸ਼ੀ ਹੈ। ਖ਼ੂਬਸੂਰਤੀ ਦੀ ਵੀ ਆਪਣੀ ਇਕ ਖੁਸ਼ੀ ਹੁੰਦੀ ਹੈ ਕਿ ਮੈਂ ਖ਼ੂਬਸੂਰਤ ਹਾਂ। ਜਵਾਨ ਹਾਂ, ਮੇਰੇ ਕੋਲ ਧਨ ਹੈ। ਹੇ ਪ੍ਰਭੂ ਸਾਡੇ ਕੋਲ ਇਹ ਜਿਹੜਾ ਤੇਰਾ ਨਾਮ ਹੈ, ਇਹੋ ਦੌਲਤ ਹੈ। ਇਹੀ ਸਾਰਾ ਸੁਹੱਪਣ ਹੈ।

ਬਾਬਾ ਹੋਰੁ ਪੈਨਣੁ ਖੁਸੀ ਖੁਆਰੁ॥
ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥੪॥ {ਅੰਗ ੧੬}

ਜੋ ਜ਼ਰੂਰਤ ਤੋਂ ਜ਼ਿਆਦਾ ਖਾਧਾ ਹੋਇਆ ਤਨ ਵਿਚ ਰੋਗ ਪੈਦਾ ਕਰਦਾ ਹੈ। ਮਨ ਵਿਚ ਵਿਕਾਰ ਪੈਦਾ ਕਰਦਾ ਹੈ। ਇਸ ਤਰਾਂ ਦੇ ਵੀ ਕੁਝ ਕਪੜੇ ਹਨ, ਜੋ ਮਨ ਨੂੰ ਵਿਕਾਰੀ ਬਣਾਉਂਦੇ ਨੇ। ਸਾਰਿਆਂ ਦੀਆਂ ਨਿਗਾਹਾਂ ਨੂੰ ਆਪਣੀ ਤਰਫ਼ ਖਿਚਣ। ਇਸੇ ਵਾਸਤੇ ਕਹਿੰਦੇ ਨੇ ਸੰਗਤ ਵਿਚ ਜੋ ਐਸੇ ਕਪੜੇ ਪਹਿਨ ਕੇ ਆਵੇ, ਉਹ ਗੁਨਾਹ ਕਰੇਗਾ, ਪਾਪ ਕਰੇਗਾ। ਸਾਦੇ ਕਪੜੇ ਪਾਉਣੇ ਚਾਹੀਦੇ ਹਨ।

ਕਹਿੰਦੇ ਨੇ ਸਿਕੰਦਰ ਲੋਧੀ ਦੀ ਬੇਗ਼ਮ ਬਨਾਰਸ ਵਿਚ ਗੰਗਾ ਦੇ ਤਟ ਤੇ ਆਈ। ਵਕਤ ਦੇ ਸ਼ਹਿਨਸ਼ਾਹ ਦੀ ਰਾਣੀ, ਹਿੰਦੂ ਯਾਤਰੀਆਂ ਨੂੰ ਦੇਖਣ ਵਾਸਤੇ ਆਈ, ਬਣੀ ਇਹ ਗੰਗਾ ਤੇ ਆ ਕੇ ਕੀ ਕਰਦੇ ਨੇ। ਸੋਹਣਾ ਸਜਿਆ ਹੋਇਆ ਰਥ ਹੈ, ਬੜੇ ਕੀਮਤੀ ਜ਼ਰੀਦਾਰ ਬਸਤਰ, ਉਸ ਦੇ ਉੱਪਰ ਬੜੀ ਸੋਹਣੀ ਘੜਾਈ, ਮੋਤੀ ਹੀਰੇ ਜੜੇ ਹੋਏ। ਓਧਰੋਂ ਕਬੀਰ ਜੀ ਸਿਸ਼ਾਂ ਦੇ ਨਾਲ ਟਹਿਲਦੇ ਹੋਏ ਆ ਰਹੇ ਨੇ। ਜਿਸ ਡੇਰੇ ਪਹੁੰਚੇ ਨੇ, ਜਿਹੜੇ ਉਹਨਾਂ ਦੇ ਨਾਲ ਸ਼ਗਿਰਦ ਸਨ, ਚੇਲੇ ਸਨ, ਸਤਿਸੰਗੀਆਂ ਨੇ ਕਬੀਰ ਜੀ ਤੇ ਪ੍ਰਸ਼ਨ ਕਰ ਦਿੱਤਾ। ਇਹ ਜਿਹੜੀ ਸਾਰਾ ਦਿਨ ਡੇਰੇ ਵਿਚ ਪਾਣੀ ਪਿਲਾਉਂਦੀ ਹੈ, ਇਸ ਦੇ ਕਪੜੇ ਲੀਰ ਲੀਰ ਨੇ। ਟਾਕੀਆਂ ਲੱਗੀਆਂ ਹੋਈਆਂ ਨੇ। ਸਾਰਾ ਦਿਨ ਵਿਚਾਰੀ ਸੇਵਾ ਕਰਦੀ ਹੈ, ਪਾਣੀ ਪਿਲਾਉਂਦੀ ਹੈ, ਸਤਿਨਾਮ, ਸਤਿਨਾਮ ਜਪਦੀ ਹੈ। ਇਸ ਦੇ ਕਪੜੇ ਪਾਟੇ ਹੋਏ ਨੇ। ਪਰ ਉਹ ਬੇਗ਼ਮ ਪਤਾ ਨਹੀਂ ਕਿ ਰਬ ਦਾ ਨਾਮ ਲੈਂਦੀ ਵੀ ਹੈ ਕਿ ਨਹੀਂ, ਖ਼ੁਦਾ ਖ਼ੁਦਾ ਕਰਦੀ ਵੀ ਹੈ ਕਿ ਨਹੀਂ। ਉਸਦਾ ਤੌਰ ਤਰੀਕਾ, ਉਸਦਾ ਚਿਹਰਾ ਦਸਦਾ ਸੀ, ਨਹੀਂ ਲੈਂਦੀ। ਹੰਕਾਰ ਨਾਲ ਭਰੀ ਹੋਈ। ਕਬੀਰ ਜੀ ਨੇ ਇਸੇ ਘਟਨਾ ਪ੍ਰਤੀ ਦੋ ਸਲੋਕ ਉਚਾਰਨ ਕੀਤੇ:-

ਕਬੀਰ ਹੈ ਗੈ ਬਾਹਨ ਸਘਨ ਘਨ ਛਤ੍ਰਪਤੀ ਕੀ ਨਾਰਿ॥
ਤਾਸ ਪਟੰਤਰ ਨਾ ਪੁਜੈ ਹਰਿ ਜਨ ਕੀ ਪਨਿਹਾਰਿ॥੫੯॥

{ਅੰਗ ੧੩੭੨-੭੩}

ਇਹ ਹਰੀ ਜਨ ਦੀ ਜਿਹੜੀ ਪਨਿਹਾਰੀ ਹੈ, ਪਾਣੀ ਪਿਲਾਉਣ ਵਾਲੀ, ਇਸ ਦੇ ਕਪੜਿਆਂ ਦਾ ਮੁਕਾਬਲਾ ਉਸ ਰਾਜੇ ਦੀ, ਉਸ ਸ਼ਹਿਨਸ਼ਾਹ ਦੀ ਬੇਗਮ ਨਹੀਂ ਕਰ ਸਕਦੀ। ਭਾਵੇਂ ਉਸਦੇ ਘਰ ਹਾਥੀ ਤੇ ਘੋੜੇ ਨੇ। *ਹੈ ਗੈ ਬਾਹਨ ਸਘਨ ਘਨ ਛਤ੍ਰਪਤੀ ਕੀ ਨਾਰਿ॥* ਭਾਵੇਂ ਛਤ੍ਰਪਤੀ ਦੀ ਇਸਤ੍ਰੀ ਹੈ, ਭਾਵੇਂ ਬੜੇ ੨ ਮਹਿਲ ਨੇ, ਸੋਨਾ ਚਾਂਦੀ ਹੈ, ਹਾਥੀ ਘੋੜੇ ਨੇ, ਪਰ ਇਹ ਜਿਹੜੀ ਪਨਿਹਾਰੀ ਹੈ, ਇਸ ਦੇ ਕਪੜਿਆਂ ਦੇ ਸਾਹਮਣੇ ਉਸਦੇ ਕਪੜਿਆਂ ਦਾ ਕੌਡੀ ਮੁੱਲ ਨਹੀਂ, ਕੌਡੀਉਂ ਖੋਟੇ ਨੇ। ਸਤਿਸੰਗੀ ਕਹਿਣ ਲੱਗੇ ਮਹਾਰਾਜ ਤੁਹਾਨੂੰ ਪਤਾ ਨਹੀਂ, ਉਸਦੇ ਕਪੜਿਆਂ ਤੇ ਹੀਰੇ ਮੋਤੀ ਜੜਤ ਸਨ। ਉਹ ਮਖਮਲੀ ਕਪੜੇ ਸਨ, ਉਹ ਤੇ ਬੇਸ਼ਕੀਮਤੀ ਸਨ। ਇਹ ਤੇ ਖੱਦਰ ਦੇ ਕਪੜੇ ਪਾਏ ਬੈਠੀ ਹੈ, ਉਹ ਵੀ ਲੀਰ ਲੀਰ ਪਰ ਸਾਰਾ ਦਿਨ ਸਤਿਨਾਮ, ਸਤਿਨਾਮ ਕਰਦੀ ਰਹਿੰਦੀ ਹੈ। ਛੱਤੀਸ ਗੜ੍ਹ ਦੇ ਜਿਤਨੇ ਮੰਦਰ ਹਨ, ਉਹਨਾਂ ਨੂੰ ਸਤਿਨਾਮੀ ਮੰਦਰ ਕਹਿੰਦੇ ਨੇ। ਹੁਣ ਕਬੀਰ ਜੀ ਦੂਸਰੇ ਸਲੋਕ ਵਿਚ ਦਸਦੇ ਨੇ:-

ਕਬੀਰ ਨ੍ਰਿਪ ਨਾਰੀ ਕਿਉ ਨਿੰਦੀਐ ਕਿਉ ਹਰਿ ਚੇਰੀ ਕਉ ਮਾਨੁ॥
ਓਹੁ ਮਾਂਗ ਸਵਾਰੈ ਬਿਖੈ ਕਉ ਓਹੁ ਸਿਮਰੈ ਹਰਿ ਨਾਮੁ॥੧੬੦॥
{ਅੰਗ ੧੩੭੩}

ਮੈਂ ਇਸ ਰਾਜੇ ਦੀ ਇਸਤ੍ਰੀ ਨੂੰ ਕਿਉਂ ਭੰਡਿਆ ਹੈ। ਉਹ ਕੁਛ ਵੀ ਨਹੀਂ। ਉਸ ਦੇ ਕਪੜੇ ਕੁਛ ਵੀ ਨਹੀਂ।

ਉਸਦੇ ਕਪੜਿਆਂ ਨੂੰ ਵੇਖ ਕੇ ਕਾਮ ਚੇਤੇ ਆਉਂਦਾ ਹੈ।
ਇਸਦੇ ਕਪੜਿਆਂ ਨੂੰ ਦੇਖ ਕੇ ਰਾਮ ਚੇਤੇ ਆਉਂਦਾ ਹੈ।

ਇਸ ਦੇ ਕਪੜਿਆਂ ਵਿਚੋਂ ਰਾਮ ਦੀ ਝਲਕ ਮਿਲਦੀ ਹੈ, ਪ੍ਰਭੂ ਦੀ ਝਲਕ ਮਿਲਦੀ ਹੈ। ਉਸਦੇ ਕਪੜਿਆਂ ਵਿਚੋਂ ਕਾਮ ਦੀ ਝਲਕ ਮਿਲਦੀ ਹੈ। ਸੰਗਤ ਵਿਚ ਉਹ ਲਿਬਾਸ ਪਹਿਨ ਕੇ ਆਉ ਕਿ ਕਿਸੇ ਦੀ ਬਿਰਤੀ ਨਾ ਖਿੰਡੇ। ਅਕਸਰ ਬੀਬੀਆਂ ਫਿਰ ਇਕ ਦੂਜੇ ਦੇ ਕਪੜੇ ਹੀ ਦੇਖਦੀਆਂ ਰਹਿ ਜਾਂਦੀਆਂ ਨੇ। ਅਗੋਂ ਪਿੱਛੋਂ ਜੋ ਪਹਿਨਣਾ ਹੈ, ਪਹਿਨ ਲਉ, ਕਮ-ਸੇ-ਕਮ ਸਤਿਸੰਗ ਵਿਚ ਤਾਂ ਸਾਦੇ ਕਪੜੇ ਪਾਉ।

ਕਾਲਾ ਰੰਗ ਰੋਸ ਦਾ ਰੰਗ ਹੈ।
ਨੀਲਾ ਰੰਗ ਬੀਰ ਰਸ ਦਾ ਰੰਗ ਹੈ।
ਲਾਲ ਰੰਗ ਪ੍ਰੇਮ ਦਾ ਰੰਗ ਹੈ।
ਚਿੱਟਾ ਰੰਗ ਪਰਉਪਕਾਰ ਦਾ ਰੰਗ ਹੈ।
ਕੇਸਰੀ ਰੰਗ ਵੈਰਾਗ ਦਾ ਰੰਗ ਹੈ।

ਹਿਰਦਾ ਜਦੋਂ ਬੈਰਾਗ ਨਾਲ ਭਰ ਗਿਆ ਹੈ, ਹਰ ਵਕਤ ਰੁਦਨ ਹੈ, ਉਸ ਸਮੇਂ ਜਿਹੜੀ ਧਾਰੀ ਬਣਦੀ ਹੈ ਉਹ ਪੀਲੇ ਰੰਗ ਦੀ, ਕੇਸਰੀ ਰੰਗ ਦੀ ਬਣਦੀ ਹੈ।

ਜ਼ਹੇ ਪਿਚਕਾਰੀਏ ਪੁਰ ਜ਼ਾਅਫ਼ਰਾਨੀ।

ਭਾਈ ਸਾਹਿਬ ਭਾਈ ਨੰਦ ਲਾਲ ਤੇ ਇੱਥੋਂ ਤਕ ਕਹਿੰਦੇ ਨੇ:-

ਚੂੰ ਸ਼ਾਹਮ ਜਾਮਾ ਰੰਗੀਨ ਦਰ ਗੁਲੂ ਕਰਦ।

# ਗੁਰੂ ਤੇ ਸਮਝ

ਵਡਹੰਸੁ ਮਹਲਾ ੪

ਹਰਿ ਸਤਿਗੁਰ ਹਰਿ ਸਤਿਗੁਰ ਮੇਲਿ ਹਰਿ ਸਤਿਗੁਰ ਚਰਣ ਹਮ ਭਾਇਆ ਰਾਮ॥ ਤਿਮਰ ਅਗਿਆਨੁ ਗਵਾਇਆ ਗੁਰ ਗਿਆਨੁ ਅੰਜਨੁ ਗੁਰ ਪਾਇਆ ਰਾਮ॥ ਗੁਰ ਗਿਆਨ ਅੰਜਨੁ ਸਤਿਗੁਰੂ ਪਾਇਆ ਅਗਿਆਨ ਅੰਧੇਰ ਬਿਨਾਸੇ॥ ਸਤਿਗੁਰ ਸੇਵਿ ਪਰਮ ਪਦੁ ਪਾਇਆ ਹਰਿ ਜਪਿਆ ਸਾਸ ਗਿਰਾਸੇ॥ ਜਿਨ ਕੰਉ ਹਰਿ ਪ੍ਰਭਿ ਕਿਰਪਾ ਧਾਰੀ ਤੇ ਸਤਿਗੁਰ ਸੇਵਾ ਲਾਇਆ ॥ ਹਰਿ ਸਤਿਗੁਰ ਹਰਿ ਸਤਿਗੁਰ ਮੇਲਿ ਹਰਿ ਸਤਿਗੁਰ ਚਰਣ ਹਮ ਭਾਇਆ ॥੧॥ ਮੇਰਾ ਸਤਿਗੁਰੁ ਮੇਰਾ ਸਤਿਗੁਰੁ ਪਿਆਰਾ ਮੈ ਗੁਰ ਬਿਨੁ ਰਹਣੁ ਨ ਜਾਈ ਰਾਮ॥ ਹਰਿ ਨਾਮੋ ਹਰਿ ਨਾਮੁ ਦੇਵੈ ਮੇਰਾ ਅੰਤਿ ਸਖਾਈ ਰਾਮ॥ ਹਰਿ ਹਰਿ ਨਾਮੁ ਮੇਰਾ ਅੰਤਿ ਸਖਾਈ ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ॥ ਜਿਥੈ ਪੁਤੁ ਕਲਤ੍ਰੁ ਕੋਈ ਬੇਲੀ ਨਾਹੀ ਤਿਥੈ ਹਰਿ ਹਰਿ ਨਾਮਿ ਛਡਾਇਆ॥ ਧਨੁ ਧਨੁ ਸਤਿਗੁਰੁ ਪੁਰਖੁ ਨਿਰੰਜਨੁ ਜਿਤੁ ਮਿਲਿ ਹਰਿ ਨਾਮੁ ਧਿਆਈ॥ ਮੇਰਾ ਸਤਿਗੁਰੁ ਮੇਰਾ ਸਤਿਗੁਰੁ ਪਿਆਰਾ ਮੈ ਗੁਰ ਬਿਨੁ ਰਹਣੁ ਨ ਜਾਈ ॥੨॥ ਜਿਨੀ ਦਰਸਨੁ ਜਿਨੀ ਦਰਸਨੁ ਸਤਿਗੁਰ ਪੁਰਖ ਨ ਪਾਇਆ ਰਾਮ॥ ਤਿਨ ਨਿਹਫਲੁ ਤਿਨ ਨਿਹਫਲੁ ਜਨਮੁ ਸਭੁ ਬ੍ਰਿਥਾ ਗਵਾਇਆ ਰਾਮ॥ ਨਿਹਫਲੁ ਜਨਮੁ ਤਿਨ ਬ੍ਰਿਥਾ ਗਵਾਇਆ ਤੇ ਸਾਕਤ ਮੁਏ ਮਰਿ ਝੂਰੇ॥ ਘਰਿ ਹੋਦੈ ਰਤਨਿ ਪਦਾਰਥਿ ਭੂਖੇ ਭਾਗਹੀਣ ਹਰਿ ਦੂਰੇ॥ ਹਰਿ ਹਰਿ ਤਿਨ ਕਾ ਦਰਸੁ ਨ ਕਰੀਅਹੁ ਜਿਨੀ ਹਰਿ ਹਰਿ ਨਾਮੁ ਨ ਧਿਆਇਆ॥ ਜਿਨੀ ਦਰਸਨੁ ਜਿਨੀ ਦਰਸਨੁ ਸਤਿਗੁਰ ਪੁਰਖ ਨ ਪਾਇਆ ॥੩॥ ਹਮ ਚਾਤ੍ਰਿਕ ਹਮ ਚਾਤ੍ਰਿਕ ਦੀਨ ਹਰਿ ਪਾਸਿ ਬੇਨੰਤੀ ਰਾਮ॥ ਗੁਰ ਮਿਲਿ ਗੁਰ ਮੇਲਿ ਮੇਰਾ ਪਿਆਰਾ ਹਮ ਸਤਿਗੁਰ ਕਰਹ ਭਗਤੀ ਰਾਮ॥ ਹਰਿ ਹਰਿ ਸਤਿਗੁਰ ਕਰਹ ਭਗਤੀ ਜਾਂ ਹਰਿ ਪ੍ਰਭੁ ਕਿਰਪਾ ਧਾਰੇ॥ ਮੈ ਗੁਰ ਬਿਨੁ ਅਵਰੁ ਨ ਕੋਈ ਬੇਲੀ ਗੁਰੁ ਸਤਿਗੁਰੁ ਪ੍ਰਾਣ ਹਮ੍ਾਰੇ॥ ਕਹੁ ਨਾਨਕ ਗੁਰਿ ਨਾਮੁ ਦ੍ਰਿੜਾਇਆ ਹਰਿ ਹਰਿ ਨਾਮੁ ਹਰਿ ਸਤੀ॥ ਹਮ ਚਾਤ੍ਰਿਕ ਹਮ ਚਾਤ੍ਰਿਕ ਦੀਨ ਹਰਿ ਪਾਸਿ ਬੇਨੰਤੀ॥੪॥੩॥ (ਅੰਗ ੫੭੩)

ਵਡਹੰਸ ਰਾਗ ਦੇ ਵਿਚ ਚੌਥੇ ਪਾਤਸ਼ਾਹ ਦਾ ਇਹ ਚਉਪਦਾ ਹੈ ਅਤੇ ਚਾਰੇ ਪਦਿਆਂ ਵਿਚ ਗੁਰੂ ਦੀ ਮਹਿਮਾ, ਗੁਰੂ ਦੀ ਵਡਿਆਈ, ਗੁਰੂ ਦੀ ਖ਼ਾਸੀਅਤ, ਗੁਰੂ ਦੀ ਉਪਲਬਦੀ, ਇਹਨਾਂ ਸਾਰਿਆਂ ਦਾ ਜ਼ਿਕਰ ਹੈ। ਇਸ ਨੂੰ ਮੈਂ ਥੋੜਾ ਜਿਹਾ ਇੰਝ ਬਿਆਨ ਕਰਾਂ। ਸੂਰਜ ਦੀ ਮਹਿਮਾ ਇਸ ਕਰਕੇ ਹੈ ਕਿ ਰੋਸ਼ਨੀ ਹੈ, ਪ੍ਰਕਾਸ਼ ਹੈ। ਜਲਦਾ ਹੋਇਆ ਦੀਵਾ

ਅੰਧਕਾਰ ਨੂੰ ਨਾਸ ਕਰਦਾ ਹੈ। ਉਹ ਜੋ ਜੋਤੀ ਹੈ, ਉਸ ਨੇ ਅੰਧੇਰੇ ਨੂੰ ਮਿਟਾਇਆ ਹੈ। ਦੀਵੇ ਨੇ ਅੰਧੇਰੇ ਨੂੰ ਨਹੀਂ ਮਿਟਾਇਆ। ਅਗਰ ਬੁਝਿਆ ਹੋਇਆ ਦੀਵਾ ਹੋਵੇ, ਇਸ ਨੂੰ ਦੀਪਕ ਵੀ ਕਹਿੰਦੇ ਨੇ, ਫਿਰ ਤੇ ਅੰਧੇਰਾ ਨਹੀਂ ਮਿਟੇਗਾ। ਜਦ ਅੰਧੇਰਾ ਨਹੀਂ ਮਿਟਿਆ ਤੇ ਫਿਰ ਦੀਪਕ ਕਿਸ ਤਰ੍ਹਾਂ ਹੋਇਆ। ਇਸ ਨੁਕਤੇ ਨੂੰ ਸਮਝਣਾ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਰੋਸ਼ਨੀ ਜੋਤ ਕਰਕੇ ਹੈ ਯਾ ਦੀਪਕ ਕਰਕੇ ਹੈ। ਹਨੇਰਾ ਨਾਸ ਹੋਇਆ ਹੈ, ਉਸ ਜੋਤ ਕਰਕੇ, ਕਿ ਦੀਵੇ ਕਰਕੇ। ਜਲਦੀ ਹੋਈ ਜੋਤ ਤੇ ਹੈ ਨਹੀਂ, ਅਤੇ ਕਾਇਆ ਨੂੰ ਗੁਰੂ ਕਹਿਣਾ ਔਰ ਕਾਇਆ ਨੂੰ ਗੁਰੂ ਸਮਝਣਾ, ਇਹ ਦੋਵੇਂ ਪਾਸੇ ਅੰਧੇਰੇ ਵਿਚ ਟਕਰਾਉਣਾ ਹੀ ਹੈ, ਹੋਰ ਕੁਝ ਵੀ ਨਹੀਂ। ਪਰਮਾਤਮਾ ਪਰਮ ਪ੍ਰਕਾਸ਼ ਹੈ। ਇਸ ਵਾਸਤੇ ਗੁਰਬਾਣੀ ਕਹਿ ਰਹੀ ਹੈ ਗੁਰੂ ਤੇ ਪਰਮਾਤਮਾ ਵਿਚ ਕੋਈ ਅੰਤਰ ਨਹੀਂ ਹੈ:-

ਨਾਨਕ ਸੋਧੇ ਸਿੰਮ੍ਰਿਤਿ ਬੇਦ॥
ਪਾਰਬ੍ਰਹਮ ਗੁਰ ਨਾਹੀ ਭੇਦ॥ {ਅੰਗ ੧੧੪੨}

ਉਹ ਵੀ ਦੀਵੇ ਨੇ ਜਿਨ੍ਹਾਂ ਦੇ ਅੰਦਰ ਇਹ ਜੋਤ ਨਹੀਂ ਹੈ। ਮਨੁਖ ਦੀਵੇ ਦੀ ਤਰ੍ਹਾਂ ਹੈ। ਸਭ ਦੀਵੇ ਨੇ ਪਰ ਬੁਝੇ ਹੋਏ। ਜੋਤ ਸਾਰੀ ਦੀ ਸਾਰੀ ਸੂਰਜ ਤੋਂ ਆਉਂਦੀ ਹੈ। ਅੱਜ ਤੇ ਸਾਇੰਸ ਇਸ ਗੱਲ ਨਾਲ ਸਹਿਮਤ ਹੈ। ਰੋਸ਼ਨੀ ਕਿਧਰੇ ਵੀ ਹੈ, ਚਾਹੇ ਬਿਜਲੀ ਦੇ ਰਾਹੀਂ ਪ੍ਰਗਟ ਹੋ ਰਹੀ ਹੈ, ਚਾਹੇ ਦੀਵੇ ਦੇ ਰਾਹੀਂ ਪ੍ਰਗਟ ਹੋ ਰਹੀ ਹੈ, ਸਭ ਸੂਰਜ ਦੀ ਹੈ। ਪਾਣੀ ਕਿਧਰੇ ਵੀ ਹੈ, ਚਾਹੇ ਸਰੋਵਰ ਦੇ ਵਿਚ ਹੈ, ਚਾਹੇ ਘੜੇ ਦੇ ਵਿਚ ਹੈ, ਦਰਿਆ ਦੇ ਵਿਚ ਹੈ, ਝੀਲ ਦੇ ਵਿਚ ਹੈ, ਝਰਨੇ ਦੇ ਵਿਚ ਹੈ, ਪਾਣੀ ਸਾਰੇ ਦਾ ਸਾਰਾ ਸਾਗਰ ਦਾ ਹੈ। ਇਸੇ ਤਰ੍ਹਾਂ ਰੋਸ਼ਨੀ ਸਾਰੇ ਦੀ ਸਾਰੀ ਸੂਰਜ ਦੀ ਹੈ।

ਪਰਮਾਤਮਾ ਪ੍ਰਕਾਸ਼ ਹੈ।
ਗੁਰੂ ਪ੍ਰਕਾਸ਼ ਹੈ।

ਪਰਮਾਤਮਾ ਪਰਮ ਪ੍ਰਕਾਸ਼ ਹੈ, ਗੁਰੂ ਉਸ ਪ੍ਰਕਾਸ਼ ਨੂੰ ਵੰਡਣ ਵਾਲਾ ਹੈ। ਫੈਲਾਉਣ ਵਾਲਾ ਹੈ। ਉਹ ਐਸਾ ਦੀਪਕ ਹੈ ਉਸ ਜੋਤੀ ਨੂੰ ਵੰਡਦਾ ਹੈ। ਉਸ ਚਾਨਣੇ ਨੂੰ ਵੰਡਦਾ ਹੈ। ਇਹ ਜੋਤ ਨਾ ਹੋਵੇ, ਇਹ ਚਾਨਣਾ ਨਾ ਹੋਵੇ, ਕਿਆ ਫਿਰ ਐਸਾ ਦੀਵਾ ਅੰਧਕਾਰ ਨੂੰ ਨਾਸ ਕਰ ਸਕੇਗਾ। ਇਹ ਜਲਦਾ ਹੋਇਆ ਦੀਵਾ ਨਹੀਂ ਹੈ, ਆਮ ਲੋਕਾਂ ਨੂੰ ਸਮਝ ਕਿਉਂ ਨਹੀਂ ਪੈਂਦੀ, ਕਾਰਣ?

ਅੰਧੀ ਕੰਮੀ ਅੰਧੁ ਮਨੁ ਮਨਿ ਅੰਧੈ ਤਨੁ ਅੰਧੁ॥
ਚਿਕੜਿ ਲਾਇਐ ਕਿਆ ਥੀਐ ਜਾਂ ਤੁਟੈ ਪਥਰ ਬੰਧੁ॥{ਅੰਗ ੧੨੮੭}

ਅੰਧਾਪਨ ਹੈ। ਹੁਣ ਅੰਧੇਪਨ ਵਿਚ ਕਿਸ ਤਰ੍ਹਾਂ ਪਤਾ ਚਲੇ ਕਿ ਦੀਵਾ ਬਲਦਾ ਪਿਆ ਹੈ ਕਿ ਬੁਝਿਆ ਹੋਇਆ ਹੈ। ਕਿਸ ਤਰਾਂ ਪਹਿਚਾਨ ਹੋਵੇਗੀ। ਇਹ ਬੋਧ ਕਿਸ ਤਰਾਂ ਹੋਵੇ।

ਸਿੱਖ ਜਗਤ ਦੇ ਵਿਚ ਖ਼ਾਸ ਕਰਕੇ ਇਸ ਸਬੰਧੀ ਬਹੁਤ ਵੱਡਾ ਭੁਲੇਖਾ ਹੈ। ਇਹੀ ਕਾਰਣ ਹੈ ਕਿ ਕੋਈ ਤੇ ਦੇਹ ਧਾਰੀਆਂ ਦੇ ਪਿੱਛੇ ਲਗਾ ਹੋਇਆ ਹੈ ਕਿ ਇਹੀ ਗੁਰੂ ਨੇ। ਕੁਛ ਕਬਰਾਂ ਦੇ ਪਿੱਛੇ ਪੈ ਗਏ, ਮੜੀਆਂ ਦੇ ਪਿੱਛੇ ਪੈ ਗਏ। ਸਭ ਤੋਂ ਜ਼ਿਆਦਾ ਸਿਲਸਿਲਾ ਇਹ ਪੰਜਾਬ ਦੇ ਵਿਚ ਹੈ। ਗ਼ਜਬ ਦੀ ਗੱਲ ਇਹ ਸਿੱਖ ਜਗਤ ਦੇ ਵਿਚ ਖ਼ਾਸ ਕਰਕੇ। ਐਸਾ ਕਿਉਂ? ਉਸ ਦਾ ਕਾਰਣ ਹੈ। ਨਾ ਪਰਮਾਤਮਾ ਦੀ ਸਮਝ ਹੈ, ਨਾ ਗੁਰੂ ਦੀ ਸਮਝ ਹੈ।

ਨਾਨਕ ਸੋਧੇ ਸਿੰਮ੍ਰਿਤਿ ਬੇਦ॥
ਪਾਰਬ੍ਰਹਮ ਗੁਰ ਨਾਹੀ ਭੇਦ॥ {ਅੰਗ ੧੧੪੨}

ਪਾਰਬ੍ਰਹਮ ਤੇ ਗੁਰੂ ਵਿਚ ਕੋਈ ਭੇਦ ਨਹੀਂ ਹੈ। ਜੇਕਰ ਭੇਦ ਨਹੀਂ ਹੈ ਤੋ ਫਿਰ ਨਾਮ ਦੋ ਕਿਉਂ ਨੇ। ਇਕ ਨੂੰ ਪਰਮਾਤਮਾ ਕਹਿੰਦੇ ਨੇ, ਇਕ ਨੂੰ ਗੁਰੂ ਕਹਿੰਦੇ ਨੇ। ਇਹਨਾਂ ਦੋ ਨਾਵਾਂ ਕਰਕੇ ਵਖ ੨ ਬੋਧ ਹੁੰਦਾ ਹੈ। ਅੰਦਰ ਵਖ ੨ ਵਿਚਾਰ ਬਣਦੇ ਨੇ। ਗੁਰੂ ਸ਼ਬਦ ਨਾਲ, ਪਰਮਾਤਮਾ ਸ਼ਬਦ ਨਾਲ। ਅਕਾਲ ਪੁਰਖ ਦੇ ਨਾਲ, ਗੁਰੂ ਦੇ ਨਾਲ। ਇਹਨਾਂ ਦੋ ਸ਼ਬਦਾਂ ਕਰਕੇ ਵਖ ੨ ਅਨੁਭਵ ਹੁੰਦਾ ਹੈ। ਅਗਰ ਇਹ ਇਕ ਨੇ ਤੋ ਫਿਰ ਦੋ ਬਿਆਨ ਕਰਨ ਦੀ ਕੀ ਲੋੜ ਸੀ। ਹੁਣ ਇਸ ਨੂੰ ਗੁਰਬਾਣੀ ਇਸ ਤਰ੍ਹਾਂ ਖੋਲ੍ਹਦੀ ਹੈ। ਜੋ ਪਰਮਾਤਮਾ ਹੈ, ਉਹ ਤੇ ਘਰ ਹੈ, ਜੋ ਗੁਰੂ ਹੈ ਉਹ ਦਰ (ਦਰਵਾਜ਼ਾ) ਹੈ। ਗੁਰੂ, ਘਰ ਦਾ ਪਰਵੇਸ਼ ਦਵਾਰ ਹੈ। ਜਿਸ ਨੇ ਘਰ ਵਿਚ ਜਾਣਾ ਹੋਵੇ ਪਹਿਲੇ ਦਰ ਤੇ ਹੀ ਪਹੁੰਚਣਾ ਪਵੇਗਾ। ਦਰ ਦੇ ਰਾਹੀਂ ਹੀ ਪਰਵੇਸ਼ ਮਿਲੇਗਾ, ਉਸ ਤਰ੍ਹਾਂ ਨਹੀਂ।

| | |
|---|---|
| ਘਰ ਕੀ ਹੈ ? | ਪਰਮਾਤਮਾ |
| ਪਰਮਾਤਮਾ ਕੀ ਹੈ? | ਪ੍ਰਕਾਸ਼ |
| ਗੁਰੂ ਕੀ ਹੈ? | ਦਰ (ਦਰਵਾਜ਼ਾ |

ਇਸੇ ਕਰਕੇ ਹੀ ਅਸੀਂ ਕਹਿੰਦੇ ਹਾਂ, ਗੁਰਦਵਾਰਾ।
ਗੁਰੂ--ਦੁਆਰਾ, ਗੁਰੂ--ਦਵਾਰ,
ਗੁਰੂ ਦਰਵਾਜ਼ਾ ਹੈ।

ਜੋ ਪ੍ਰਕਾਸ਼ ਦੇ ਰੂਪ ਵਿਚ ਪਰਮਾਤਮਾ ਹੈ ਉਹੀ ਸ਼ਬਦ ਦੇ ਰੂਪ ਵਿਚ ਗੁਰੂ ਹੈ। ਪ੍ਰਕਾਸ਼ ਦੇ ਰੂਪ ਵਿਚ ਉਹ ਘਰ ਹੈ, ਸ਼ਬਦ ਦੇ ਰੂਪ ਵਿਚ ਉਹ ਦਰ ਹੈ। ਦਰ--ਘਰ ਦੇ ਨਾਲ ਜੁੜਿਆ ਹੋਇਆ ਹੈ। ਅਲਗ ਨਹੀਂ ਹੈ। ਪਰ ਚੂੰਕਿ ਦਰ ਜੁੜਿਆ ਹੋਇਆ ਹੈ। ਦਰ ਦੇ ਰਾਹੀਂ ਘਰ ਦੇ ਵਿਚ ਪਰਵੇਸ਼ ਹੈ।

ਦਰ ਦੀ ਆਪਣੀ ਮਹਿਮਾ ਹੈ।
ਘਰ ਦੀ ਆਪਣੀ ਮਹਿਮਾ ਹੈ।

ਗੁਰਬਾਣੀ ਕਹਿੰਦੀ ਹੈ, ਪਾਰਬ੍ਰਹਮ ਤੇ ਗੁਰੂ ਦੇ ਵਿਚ ਕੋਈ ਭੇਦ ਨਹੀਂ। ਦਰ ਹੀ ਨਾ ਹੋਵੇ, ਪਰਵੇਸ਼ ਦਵਾਰ ਹੀ ਨਾ ਹੋਵੇ ਤੇ ਫਿਰ ਘਰ ਦੀ ਕੀ ਮਹਿਮਾ। ਯਾ ਇੰਝ ਕਹਿ ਲਉ ਜੇ ਉਸ ਪਰਮਾਤਮਾ ਨੇ ਆਪਣਾ ਘਰ ਬਣਾਇਆ ਹੈ, ਉਸਨੇ ਆਪਣੇ ਘਰ ਦਾ ਦਰ ਵੀ ਬਣਾਇਆ ਹੈ। ਘਰ ਉਸ ਦਾ ਆਪਣਾ ਹੈ:-

ਆਪੀਨੈ ਆਪੁ ਸਾਜਿਓ॥(ਆਸਾ ਜੀ ਦੀ ਵਾਰ)

ਉਸ ਦੇ ਘਰ ਦੀ ਸਾਜਨਾ ਕਿਸੇ ਹੋਰ ਨੇ ਨਹੀਂ ਕੀਤੀ। ਤੇ ਜੇ ਘਰ ਦੀ ਸਾਜਨਾ ਉਸ ਨੇ ਆਪ ਕੀਤੀ ਹੈ, ਤੇ ਫਿਰ ਦਰ ਦੀ ਸਾਜਨਾ ਵੀ ਉਸ ਨੇ ਆਪ ਕੀਤੀ ਹੈ, ਕਿਸੇ ਹੋਰ ਨੇ ਨਹੀਂ ਕੀਤੀ। ਇਸ ਨੂੰ ਇਸ ਤਰ੍ਹਾਂ ਲੈਣਾ ਹੈ।

ਘਰ ਉਸੇ ਦਾ ਬਣਾਇਆ ਹੋਇਆ ਹੈ।
ਦਰ ਉਸੇ ਦਾ ਬਣਾਇਆ ਹੋਇਆ ਹੈ।

ਤੇ ਜੀਵਾਂ ਨੂੰ ਕਹਿ ਦਿੱਤਾ ਹੈ, ਇਸ ਦਰ ਦੇ ਰਾਹੀਂ ਪਰਵੇਸ਼ ਕਰੋ। ਇਸ ਦਰਵਾਜ਼ੇ ਦੇ ਰਾਹੀਂ ਮੇਰੇ ਕੋਲ ਆ ਜਾਉ। ਸ਼ਬਦ ਦੇ ਰਾਹੀਂ ਪ੍ਰਕਾਸ਼ ਤਕ ਪਹੁੰਚ ਜਾਉ। ਸੁਰਤ ਨੂੰ ਕੇਵਲ ਸ਼ਬਦ ਤਕ ਪਹੁੰਚਾਉਣਾ ਹੈ। ਸ਼ਬਦ ਹੀ ਚਾਨਣਾ ਕਰ ਦਿੰਦਾ ਹੈ, ਪ੍ਰਕਾਸ਼ ਕਰ ਦਿੰਦਾ ਹੈ, ਘਰ ਨੂੰ ਪਰਗਟ ਕਰ ਦਿੰਦਾ ਹੈ। ਇਸ ਵਾਸਤੇ ਇੰਝ ਕਹਿ ਲਉ, ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਬਾਣੀ, ਦਰ ਦੀ ਵਿਆਖਿਆ ਹੈ, ਘਰ ਦੀ ਵਿਆਖਿਆ ਹੈ।

ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥{ਜਪੁ ਜੀ ਸਾਹਿਬ}

ਹੁਣ ਗੁਰੂ ਦੇ ਰਾਹੀਂ ਘਰ ਤਕ ਪੁਜਣਾ ਹੈ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਬਾਣੀ ਰਾਹੀਂ ਗੁਰੂ ਬਾਰੇ ਦਸਦੇ ਨੇ ਕਿ ਉਹਨਾਂ ਦਾ ਗੁਰੂ ਕਿਹੜਾ ਹੈ:-

ਅਪਰੰਪਰ ਪਾਰਬ੍ਰਹਮੁ ਪਰਮੇਸਰੁ
ਨਾਨਕ ਗੁਰ ਮਿਲਿਆ ਸੋਈ ਜੀਉ॥ {ਅੰਗ ੫੯੯}

ਭਗਤ ਕਬੀਰ ਜੀ ਆਪਣੀ ਬਾਣੀ ਵਿਚ ਜੋ ਗੁਰੂ ਦਾ ਨਾਮ ਪਏ ਦਸਦੇ ਨੇ, ਉਹ ਕਹਿੰਦੇ ਨੇ ਮੇਰੇ ਗੁਰੂ ਦਾ ਨਾਮ ਹੈ ਗਿਆਨ। ਹੋਰ ਮੇਰਾ ਕੋਈ ਗੁਰੂ ਨਹੀਂ। ਕਿਉਂ ਕਿਹ ਜਿਵੇਂ ਸਾਰਾ ਚਾਨਣਾ ਸੂਰਜ ਤੋਂ ਆਉਂਦਾ ਹੈ, ਭਾਵੇਂ ਦੀਵੇ ਵਿਚ ਹੋਵੇ। ਸਾਰਾ ਗਿਆਨ ਪਰਮਾਤਮਾ ਤੋਂ ਆਉਂਦਾ ਹੈ ਭਾਵੇਂ ਵਿਅਕਤੀ ਵਿਚ ਪ੍ਰਗਟ ਹੋਵੇ। ਗਿਆਨ ਕਿਸੇ ਮਨੁਖ ਦੀ ਨਿਜੀ ਜਾਇਦਾਦ ਨਹੀਂ ਹੈ ਇਸੇ ਲਈ ਤਾਂ ਕਹਿੰਦੇ ਨੇ:-

ਕਹੁ ਕਬੀਰ ਮੈ ਸੋ ਗੁਰੁ ਪਾਇਆ
ਜਾ ਕਾ ਨਾਉ ਬਿਬੇਕੋ॥ {ਅੰਗ ੭੯੩}

ਕਲਗੀਧਰ ਪਾਤਸ਼ਾਹ ਦੇ ਬਚਨ ਨੇ:-

ਆਦਿ ਅੰਤਿ ਏਕੈ ਅਵਤਾਰਾ॥
ਸੋਈ ਗੁਰੂ ਸਮਝਿਯਹੁ ਹਮਾਰਾ॥ {ਚੌਪਈ ਪਾ:੧੦}

ਆਦਿ ਤੋਂ ਲੈ ਕੇ ਜੋ ਅੰਤ ਤਕ ਹੈ, ਕਦੀ ਨਾਸ ਨਹੀਂ ਹੁੰਦਾ। ਪਰਮਾਤਮਾ ਸਤ ਹੈ, ਸਦੀਵੀ ਹੈ। ਗੁਰੂ ਸਤ ਹੈ, ਸਦੀਵੀ ਹੈ। ਹੁਣ ਜੋ ਸ਼ਬਦ ਦੇ ਰੂਪ ਵਿਚ ਗੁਰੂ ਹੈ (ਦਰ ਹੈ) ਉਸੇ ਨੇ ਜੋ ਪ੍ਰਕਾਸ਼ ਦੇ ਰੂਪ ਵਿਚ ਪਰਮਾਤਮਾ ਹੈ (ਘਰ ਹੈ) ਉਸ ਤਕ ਪਹੁੰਚਾਣਾ ਹੈ। ਇਸ ਲਈ ਪਹਿਲੇ ਸ਼ਬਦ ਨਾਲ ਜੁੜਨਾ ਪਵੇਗਾ, ਉਂਝ ਖੇਡ ਨਹੀਂ ਬਣੇਗੀ। ਅੱਖਾਂ ਦੇ ਨਾਲ ਕਿਸੇ ਦੀ ਦੇਹੀ ਨੂੰ ਵੇਖ ਲੈਣਾ, ਇਹ ਤੇ ਬੜਾ ਸੌਖਾ ਹੈ। ਅੱਖਾਂ ਦੇ ਸਾਹਮਣੇ ਜੋ ਕੁਝ ਵੀ ਹੈ ਦਿਖਾਈ ਦੇਵੇਗਾ, ਪਰ ਜਿਤਨੀ ਗਹਿਰਾਈ ਤੋਂ ਸ਼ਬਦ ਪਰਮਾਤਮਾ ਤੋਂ ਆਇਆ ਹੈ ਉਤਨੀ ਗਹਿਰਾਈ ਨਾਲ ਉਸਨੂੰ ਸੁਣਨਾ ਇਹ ਕਠਨ ਹੈ। ਪਰ ਸਿੱਖ ਜਗਤ ਦੇ ਵਿਚ, ਗੁਰਮਤਿ ਦੇ ਵਿਚ ਇਹ ਧਰਮ ਦੀ ਸਾਧਨਾ, ਸ਼ਬਦ ਦੀ ਸਾਧਨਾ ਹੈ। ਹੋਰ ਕਿਸੇ ਕਰਮ ਕਾਂਡ ਨੂੰ ਇਤਨੀ ਅਹਿਮੀਅਤ ਨਹੀਂ ਦਿੱਤੀ, ਇਹ ਤੇ:-

ਸਬਦੁ ਗੁਰੂ ਸੁਰਤਿ ਧੁਨਿ ਚੇਲਾ{ਅੰਗ ੯੪੩}

ਇਹ ਤੇ ਆਪਣੀ ਸੁਰਤ ਨੂੰ ਚੇਲਾ ਬਣਾਉ, ਸਿੱਖ ਬਣਾਉ, ਸ਼ਬਦ ਨੂੰ ਗੁਰੂ ਬਣਾਉ। ਸ਼ਬਦ ਨੇ ਪ੍ਰਕਾਸ਼ ਕਰ ਦੇਣਾ ਹੈ, ਚਾਨਣਾ ਕਰ ਦੇਣਾ ਹੈ। ਗੱਲ ਸਿਰਫ਼ ਇਤਨੀ ਹੈ। ਨਾ ਇਹ ਪਕੜ ਵਿਚ ਆਉਂਦੀ ਹੈ ਨਾ ਸਮਝ ਦੇ ਵਿਚ। ਉਸ ਦੇ ਕੁਛ ਕਾਰਣ ਨੇ।

ਗੁਰੂ ਜੋਤੀ ਹੈ। ਰਾਮਦਾਸ ਦੇ ਅੰਦਰ ਜਦ ਉਹ ਜੋਤ ਪਰਵੇਸ਼ ਕਰ ਗਈ, ਗੁਰੂ ਰਾਮਦਾਸ। ਗੁਰੂ ਜੋਤੀ ਹੈ। ਅਮਰਦਾਸ ਦੇ ਅੰਦਰ ਜਦ ਉਹ ਜੋਤ ਪਰਵੇਸ਼ ਕਰ ਗਈ, ਗੁਰੂ ਅਮਰਦਾਸ। ਗੁਸਤਾਖ਼ੀ ਮੁਆਫ਼, ਜੋਤ ਨੂੰ ਇਕ ਪਾਸੇ ਕਰ ਦਿਉ, ਬਾਕੀ ਕੀ ਰਹਿ ਗਿਆ, ਅਮਰਦਾਸ। ਇਕ ਜੁਲਾਹੀ ਵੀ ਕਹਿੰਦੀ ਸੀ ਇਹ ਅਮਰੂ ਨਿਥਾਵਾਂ ਹੈ। ਜੋਤ ਪਰਵੇਸ਼ ਕਰ ਗਈ ਫਿਰ ਕੀ ਹੋਇਆ।

ਨਿਥਾਵਿਆਂ ਦੇ ਥਾਂ ਗੁਰੂ ਅਮਰਦਾਸ।
ਨਿਮਾਣਿਆਂ ਦੇ ਮਾਣ ਗੁਰੂ ਅਮਰਦਾਸ।
ਨਿਓਟਿਆਂ ਦੀ ਓਟ ਗੁਰੂ ਅਮਰਦਾਸ।

ਇਹ ਜੋਤ ਕਾਇਆ ਬਦਲਦੀ ਰਹੀ। ਇਹ ਜੋਤ ਮਕਾਨ ਬਦਲਦੀ ਰਹੀ। ਕਿਉਂ? ਮਕਾਨ ਪੁਰਾਣੇ ਹੋ ਜਾਂਦੇ ਨੇ। ਭਾਵੇਂ ਕਿਤਨੇ ਵੀ ਪੱਕੇ ਕਿਉਂ ਨਾ ਹੋਵਣ, ਮਕਾਨ ਢਹਿ ਢੇਰੀ ਹੋ ਜਾਂਦੇ ਨੇ। ਤਾਜ ਮਹਿਲ ਦੀ ਮੁਰੰਮਤ (Maintenance) ਜਾਰੀ ਹੈ। ਕਹਿੰਦੇ ਨੇ ਬਿਲਡਿੰਗ (Building) ਬਿਰਧ ਹੋ ਗਈ ਹੈ। ਲਾਲ ਕਿਲਾ ਵੀ ਖ਼ੁਰਦਾ ਜਾ ਰਿਹਾ ਹੈ।ਪੁਰਾਣੇ ਪੱਥਰਾਂ ਦੀ ਜਗ੍ਹਾ ਨਵੇਂ ਪੱਥਰ ਲਾਏ ਜਾ ਰਹੇ ਨੇ। ਆਖ਼ਿਰ ਸਮੇਂ ਅਨੁਸਾਰ ਸਭ ਕੁਛ ਢਹਿ ਢੇਰੀ ਹੋ ਜਾਂਦਾ ਹੈ। ਪੱਥਰ ਵੀ ਢੇਰੀ ਹੋ ਜਾਂਦੇ ਨੇ। ਇਹ ਤਾਂ ਰੱਬੀ ਨਿਯਮ ਹੈ। ਇਹ ਕਾਇਆ ਢਹਿ ਢੇਰੀ ਹੋ ਜਾਂਦੀ ਹੈ, ਮਿੱਟੀ ਹੋ ਜਾਂਦੀ ਹੈ। ਬਣੀ ਜੋ ਮਿੱਟੀ ਤੋਂ ਹੈ। ਤੇ ਉਹ ਜੋਤ ਮਕਾਨ ਬਦਲਦੀ ਰਹੀ, ਕਿਉਂ? ਇਸ ਜੋਤ ਨੇ ਲੰਬੇ ਸਮੇਂ ਤਕ ਕੰਮ ਕਰਨਾ ਸੀ। ਸਿੱਖ ਨੂੰ ਸਿੰਘ ਬਣਾਉਣਾ ਸੀ। ਕਠਨ ਕੰਮ ਸੀ, ਅਗਲੇ ਨੂੰ ਰਾਜ਼ੀ ਕਰਨਾ ਹੈ। ਮੈਂ ਕੁਛ ਨਹੀਂ ਜਾਣਦਾ ਔਰ ਮੈਂ ਸਿਖਣਾ ਚਾਹੁੰਦਾ ਹਾਂ। ਇਤਨੀ ਨਿਰਮਾਣਤਾ ਚਾਹੀਦੀ ਹੈ। ਠੀਕ ਹੈ ਧਾਰਮਿਕ ਜਗਤ ਦੇ ਵਿਚ ਅਵਤਾਰੀ ਪੁਰਸ਼ਾਂ ਨੇ ਬੜੇ ੨ ਨਿਰਮਾਣ ਸ਼ਬਦ ਦਿੱਤੇ ਨੇ। ਜੈਸੇ ਮਹਾਤਮਾ ਬੁੱਧ ਨੇ ਆਪਣੇ ਚੇਲਿਆਂ ਨੂੰ ਆਪਣੇ ਪੰਥ ਨੂੰ, ਨਾਮ ਦਿੱਤਾ 'ਭਿਖਸ਼ੂ'। ਇਸਦਾ ਮਤਲਬ ਹੈ ਮੰਗਣ ਵਾਲਾ ਭਿਖਾਰੀ। ਹੁਣ ਭਿਖਾਰੀ ਕਿਹੜੀ ਗੱਲ ਦਾ ਮਾਣ ਕਰੇਗਾ, ਹੈ ਹੀ ਮੰਗਤਾ। ਭਿਖਸ਼ਾ ਪਿਆ ਮੰਗਦਾ ਹੈ। ਭਿਖਸ਼ਾ ਮੰਗਣ ਵਾਲੇ ਕੋਲ ਕੀ ਮਾਣ। ਇਹ ਨਿਰਮਾਣ ਸ਼ਬਦ ਦਿੱਤਾ। ਇਸ ਦੇ ਵਿਚ ਹੀਣ ਭਾਵਨਾ ਸੀ, ਇਹ ਗੁਰੂ ਨਾਨਕ ਦੇਵ ਜੀ ਨੂੰ ਕਬੂਲ ਨਾ ਹੋਇਆ।

*ਮੰਗਣ ਗਿਆ ਸੋ ਮਰ ਰਿਹਾ ਮੰਗਣ ਮੂਲ ਨ ਜਾਹ।*

ਗੁਰੂ ਸਾਹਿਬ ਕਹਿੰਦੇ ਨੇ ਜ਼ਮੀਰ ਨੂੰ ਮਾਰੇ ਬਿਨਾਂ ਮੰਗ ਨਹੀਂ ਸਕਦਾ। ਮੰਗਣ ਵਾਲਾ ਸਭ ਤੋਂ ਥੱਲੇ ਹੁੰਦਾ ਹੈ। ਜਿਵੇਂ ਉਸਦਾ ਹੱਥ ਥੱਲੇ ਹੈ, ਉਸਦੀ ਜ਼ਮੀਰ ਵੀ ਥੱਲੇ ਹੈ। ਉਸ ਦਾ ਹੱਥ ਥੱਲੇ ਹੈ, ਉਸਦੀ ਅਣਖ ਵੀ ਥੱਲੇ ਹੈ। ਕਿਹੜੀ ਗੱਲ ਦੀ ਅਣਖ ਕਰੇਗਾ। ਆਪਣੀ ਜ਼ਮੀਰ ਨੂੰ ਕਿਸ ਤਰਾਂ ਉੱਚਾ ਕਰੇਗਾ। ਇਸ ਦਾ ਹੱਥ ਹੀ ਉੱਚਾ ਨਹੀਂ। ਇਸ ਦਾ ਹੱਥ ਹੀ ਨੀਵਾਂ ਹੈ। ਇਸ ਵਾਸਤੇ ਧੰਨ ਗੁਰੂ ਨਾਨਕ ਦੇਵ ਜੀ ਨੇ ਸ਼ਬਦ ਚੁਣਿਆ ਹੈ ਸਿੱਖ। ਮੈਂ ਸਿੱਖਣਾ ਚਾਹੁੰਦਾ ਹਾਂ ਔਰ ਮੈਂ ਕੁਛ ਨਹੀਂ ਜਾਣਦਾ, ਮੈਂ ਜਾਣਨਾ ਚਾਹੁੰਦਾ ਹਾਂ। ਇਸ ਦੇ ਨਾਲ ਜ਼ਮੀਰ ਨੂੰ ਚੋਟ ਨਹੀਂ ਪਹੁੰਚਦੀ। ਇਸ ਦੇ ਨਾਲ ਮਨੁਖ ਦੀ ਖ਼ੁਦਦਾਰੀ ਨੂੰ ਚੋਟ ਨਹੀਂ ਪਹੁੰਚਦੀ। ਇਸ ਦੇ ਨਾਲ ਮਨੁਖ ਦੀ ਅਣਖ ਨੂੰ ਚੋਟ ਨਹੀਂ ਪਹੁੰਚਦੀ। ਨੌਂ ਘਰਾਂ ਦੇ ਵਿਚ

ਇਸ ਜੋਤ ਨੇ ਮਿਹਨਤ ਕੀਤੀ। ਜਦ ਵਾਕਈ ਸਿੱਖ ਬਣ ਗਿਆ ਫਿਰ ਦਸਵੇਂ ਗੁਰੂ ਨਾਨਕ ਨੇ ਉਸ ਨੂੰ ਸਿੰਘ ਬਣਾਇਆ। ਦਸਵੇਂ ਘਰ ਦੇ ਵਿਚ। ਸਿੱਖ ਸੰਤ ਹੈ, ਸਿੱਖ ਸਿਪਾਹੀ ਹੈ। ਆਪਣੀ ਰਖਿਆ ਤੇ ਕਰ ਸਕੇ।

ਦਸਮ ਗ੍ਰੰਥ ਵਿਚ ਇਕ ਲੰਬੀ ਚੌੜੀ ਗਾਥਾ ਹੈ, ਉਸ ਦਾ ਸਾਰੰਸ਼। ਕਹਿੰਦੇ ਨੇ ਜਦ ਵਸ਼ਿਸ਼ਟ ਜੀ ਯੱਗ ਕਰਦੇ ਸਨ, ਦੈਂਤ ਆ ਕੇ ਹਵਨ ਦੇ ਵਿਚ ਗਊ ਦਾ ਮਾਸ ਪਾ ਜਾਂਦੇ ਸਨ। ਇਸ ਤਰਾਂ ਉਹਨਾਂ ਦਾ ਯੱਗ ਸੰਪੰਨ ਨਹੀਂ ਸੀ ਹੁੰਦਾ ਅਤੇ ਮਿਹਨਤ ਬੇਕਾਰ ਚਲੀ ਜਾਂਦੀ ਸੀ। ਆਖ਼ਿਰ ਵਸ਼ਿਸ਼ਟ ਜੀ ਦਸਰਥ ਦੇ ਦਰਬਾਰ ਵਿਚ ਗਏ। ਉਹਨਾਂ ਨੇ ਸਨਮਾਨ ਕੀਤਾ ਤੇ ਸਿੰਘਾਸਨ ਤੇ ਬਿਠਾਇਆ। ਪੁੱਛਿਆ ਰਿਸ਼ੀ ਜੀ ਕਿਸ ਤਰਾਂ ਆਏ, ਹੁਕਮ ਭੇਜ ਦਿੰਦੇ। ਉਹਨਾਂ ਨੇ ਸਾਰੀ ਵਾਰਤਾ ਕਹਿ ਸੁਣਾਈ। ਇਹ ਦੈਂਤ ਮੇਰਾ ਯੱਗ ਸੰਪੂਰਨ ਨਹੀਂ ਹੋਣ ਦਿੰਦੇ। ਮੈਂ ਧਿਆਨ ਸਾਧਨਾ ਵਿਚ ਬੈਠਦਾ ਹਾਂ ਇਹ ਰੌਲਾ ਪਾਉਂਦੇ ਨੇ। ਮੈਂ ਦੁਖੀ ਹਾਂ, ਤੁਸੀਂ ਮੇਰੀ ਕੁਟੀਆ ਦੇ ਆਲੇ ਦੁਆਲੇ ਪਹਿਰਾ ਬੈਠਾ ਦਿਉ। ਮੈਂ ਕੁਛ ਦਿਨ ਧਿਆਨ ਸਾਧਨਾ ਕਰਨੀ ਹੈ ਅਤੇ ਹਵਨ ਕਰਨਾ ਹੈ। ਦਸਰਥ ਨੇ ਕਿਹਾ, ਠੀਕ ਹੈ ਅਸੀਂ ਪੰਜਾਹ ਸਿਪਾਹੀ ਭੇਜ ਦਿੰਦੇ ਹਾਂ। ਵਸ਼ਿਸ਼ਟ ਜੀ ਕਹਿਣ ਲਗੇ, ਮੈਂ ਇਸ ਤਰਾਂ ਚਾਹੁੰਦਾ ਹਾਂ ਕਿ ਉਹਨਾਂ ਦੇ ਸਿਪਾਹਸਲਾਰ ਸ਼੍ਰੀ ਰਾਮ ਹੋਵਣ। ਇਸੇ ਤਰ੍ਹਾਂ ਹੋਇਆ, ਸ਼੍ਰੀ ਰਾਮ, ਲਛਮਣ ਤੇ ਸਿਪਾਹੀ ਰਖਿਆ ਕਰਦੇ ਰਹੇ ਅਤੇ ਵਸ਼ਿਸ਼ਟ ਜੀ ਯੱਗ ਕਰਦੇ ਰਹੇ।

ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਨੂੰ ਲਲਕਾਰਦਿਆਂ ਹੋਇਆ ਕਹਿਆ, ਅਸੀਂ ਐਸਾ ਕੋਈ ਯੱਗ ਨਹੀਂ ਕਰਨਾ, ਜਿਸ ਦੀ ਰਖਿਆ ਵਾਸੇ ਹੱਥ ਦੂਜੇ ਅੱਗੇ ਫੈਲਾਉਣੇ ਪੈਣ। ਅਸੀਂ ਐਸੀ ਕੋਈ ਧਿਆਨ ਸਾਧਨਾ ਨਹੀਂ ਕਰਨੀ ਕਿ ਜਣਾ-ਖਣਾ ਸਾਡੇ ਹੱਥੋਂ ਗੁਟਕਾ ਹੀ ਖੋਹ ਕੇ ਲੈ ਜਾਏ, ਮਾਲਾ ਖੋਹ ਕੇ ਲੈ ਜਾਏ। ਨਹੀਂ, ਮੈਂ ਇਸ ਨੂੰ ਸੰਤ ਸਿਪਾਹੀ ਬਣਾਉਣਾ ਹੈ। ਜਿਹੜਾ ਮਾਲਾ ਖੋਹਣ ਵਾਸਤੇ ਆਏਗਾ ਉਸ ਦੇ ਹੱਥ ਤੋੜ ਦਿੱਤੇ ਜਾਣਗੇ। ਇਹ ਕੀ ਹੈ ਜਣੇ-ਖਣੇ ਅੱਗੇ ਆਪਣੀ ਰਖਿਆ ਵਾਸਤੇ ਫ਼ਰਿਆਦ ਕਰੋ। ਸਾਹਿਬ ਕਹਿੰਦੇ ਨੇ:-

ਚੂੰ ਕਾਰ ਅਜ਼ ਮਹ ਹੀਲਤੇ ਦਰ ਗੁਜ਼ਸ਼ਤ।
ਹਲਾਲ ਅਸਤੁ ਬਰਦਮ ਬ ਸ਼ਮਸ਼ੀਰ ਦਸਤ॥੨੨॥

{ਜ਼ਫ਼ਰਨਾਮਾ}

ਇਸ ਤਰ੍ਹਾਂ ਸਿੱਖ ਨੂੰ ਸਿਪਾਹੀ ਬਣਾਇਆ। ਸੰਤ ਨੂੰ ਸਿਪਾਹੀ ਬਣਾਇਆ। ਜੋ ਆਪਣੀ ਰਖਿਆ ਆਪ ਨਹੀਂ ਕਰ ਸਕਦਾ, ਉਹ ਕੌਮ ਦੀ, ਦੇਸ਼ ਦੀ ਕੀ ਰਖਿਆ ਕਰੇਗਾ। ਪਹਿਲੇ ਅਪਣੱਤ ਹੈ। ਇਹ ਸੂਰਬੀਰਤਾ ਉਸ ਜੋਤ ਨੇ ਪਾਈ। ਕੰਮ ਬਹੁਤ ਸੀ, ਸਮਾਂ (Period) ਬਹੁਤ ਲੰਬਾ ਸੀ, ਇਸ ਕਰਕੇ ਉਹ ਜੋਤ ਬਾਰ ੨ ਕਾਇਆ ਬਦਲਦੀ ਰਹੀ।

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥{ਅੰਗ ੯੬੬}

ਜੋਤ ਹੀ ਗੁਰੂ ਹੈ, ਜੋਤ ਹੀ ਪਰਮਾਤਮਾ ਹੈ। ਪ੍ਰਕਾਸ਼ ਹੀ ਪਰਮਾਤਮਾ ਹੈ ਅਤੇ ਪਰਮਾਤਮਾ ਦੇ ਅੱਖਰੀ ਅਰਥ ਨੇ ਪਰਮ-ਪ੍ਰਕਾਸ਼, ਪਰਮ-ਚਾਨਣਾ।

ਗੁਰੂ ਜਿਸ ਦੇ ਰਾਹੀਂ ਪ੍ਰਕਾਸ਼ ਹੁੰਦਾ ਹੈ। ਪਰਮਾਤਮਾ ਘਰ ਹੈ, ਜਿਸ ਦੇ ਰਾਹੀਂ ਘਰ ਵਿਚ ਪਰਵੇਸ਼ ਮਿਲਦਾ ਹੈ ਉਹ ਦਰ ਹੈ। ਗੁਰੂ ਦਰ ਹੈ, ਸ਼ਬਦ ਦਰ ਹੈ। ਗੁਰਦਵਾਰਾ। ਪਰਮਾਤਮਾ ਘਰ ਹੈ, ਗੁਰੂ ਦਰ ਹੈ। ਸੋ ਦਰ ਦੀ ਅਤੇ ਸੋ ਘਰ ਦੀ ਬੜੀ ਵੱਡੀ ਮਹਿਮਾ

ਹੈ। ਇਕ ਜਗ੍ਹਾ ਨਹੀਂ, ਧੰਨ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਹੁਤ ਜਗ੍ਹਾ ਹੈ। ਰਾਮਕਲੀ ਰਾਗ ਵਿਚ ਵੀ ਪਾਤਸ਼ਾਹ ਕਹਿੰਦੇ ਨੇ:-

ਜਿਤੁ ਦਰਿ ਵਸਹਿ ਕਵਨੁ ਦਰੁ ਕਹੀਐ ਦਰਾ ਭੀਤਰਿ ਦਰੁ ਕਵਨੁ ਲਹੈ॥
ਜਿਸੁ ਦਰ ਕਾਰਣਿ ਫਿਰਾ ਉਦਾਸੀ ਸੋ ਦਰੁ ਕੋਈ ਆਇ ਕਹੈ॥(ਅੰਗ ੮੭੭)

ਕੋਈ ਮੈਨੂੰ ਉਸ ਦਰ ਬਾਰੇ ਦੱਸੇ, ਜਿਸ ਵਿਚ ਪਰਵੇਸ਼ ਕਰਦਿਆਂ ਮਨੁਖ ਪਰਮਾਤਮਾ ਵਿਚ ਪਰਵੇਸ਼ ਕਰ ਜਾਂਦਾ ਹੈ। ਜਿੱਥੇ ਤਕ ਪਹੁੰਚਦਿਆਂ ਮਨੁਖ ਪ੍ਰਭੂ ਦੇ ਦਰ ਤਕ ਪਹੁੰਚ ਜਾਂਦਾ ਹੈ ਔਰ ਉਸ ਦਰ ਦੇ ਰਾਹੀਂ ਪਰਵੇਸ਼ ਮਿਲ ਜਾਂਦਾ ਹੈ। ਪਰਮਾਤਮਾ ਨਿਰਾਕਾਰ ਹੈ ਤੇ ਉਹ ਦਰ ਵੀ ਨਿਰਾਕਾਰ ਹੈ। ਇਸ ਨੂੰ ਵੀ ਜ਼ਰਾ ਗਹਿਰਾਈ ਨਾਲ ਲੈਣਾ। ਇਹ ਸਾਰਾ ਆਕਾਰ ਉਸ ਤੋਂ ਆਉਂਦਾ ਹੈ, ਜਿਸ ਦਾ ਕੋਈ ਆਕਾਰ ਨਹੀਂ। ਸਾਰੇ ਰੂਪ ਉਸ ਤੋਂ ਆਉਂਦੇ ਹਨ, ਕਿਸ ਤੋਂ?

ਅਰੂਪ ਹੈਂ॥ ਅਨੂਪ ਹੈਂ॥ (ਜਾਪੁ ਸਾਹਿਬ)

ਇਹ ਸਾਰੇ ਰੂਪ ਉਸ ਤੋਂ ਆਉਂਦੇ ਹਨ ਜਿਸ ਦਾ ਕੋਈ ਰੂਪ ਨਹੀਂ। ਇਹ ਸਾਰੇ ਰੰਗ ਉਸ ਤੋਂ ਆਉਂਦੇ ਹਨ ਜਿਸਦਾ ਕੋਈ ਰੰਗ ਨਹੀਂ। ਇਹ ਸਾਰਾ ਆਕਾਰ ਉਸਤੋਂ ਆਉਂਦਾ ਹੈ, ਜਿਸਦਾ ਕੋਈ ਆਕਾਰ ਨਹੀਂ। ਪਰ ਮਨੁਖ ਆਕਾਰ ਤੋਂ ਪ੍ਰਭਾਵਿਤ ਹੈ। ਇਸ ਵਾਸਤੇ ਪਰਮਾਤਮਾ ਵੀ ਆਕਾਰ ਵਾਲਾ ਚਾਹੀਦਾ ਹੈ। ਨਹੀਂ ਸਮਝ ਤੇ ਚਲੋ ਮੂਰਤੀ ਸਹੀ, ਕਬਰ ਸਹੀ, ਕੋਈ ਦੇਹੀ ਸਹੀ। ਫਿਰ ਗੁਰੂ ਵੀ ਆਕਾਰ ਵਾਲੀ ਦੇਹੀ ਦਾ ਚਾਹੀਦਾ ਹੈ। ਆਕਾਰ ਬਣਦਾ ਹੈ ਤੇ ਮਿਟਦਾ ਹੈ। ਆਕਾਰ ਸਥਿਰ ਨਹੀਂ ਹੈ। ਤੁਸੀਂ ਕੁਛ ਵੀ ਦੇਖੋਗੇ:-

ਨੈਨਹ ਦੇਖਤ ਇਹੁ ਜਗੁ ਜਾਈ॥(ਅੰਗ ੩੨੫)

ਆਕਾਰ ਕੁਛ ਵੀ ਦਿਖਾਈ ਦੇ ਰਿਹਾ ਹੈ, ਨਾਸਵੰਤ ਹੈ। ਆਕਾਰ, ਸਾਗਰ ਵਿਚ ਬਣੀ ਹੋਈ ਲਹਿਰ ਦੀ ਤਰ੍ਹਾਂ ਹੈ। ਲਹਿਰ ਭਾਵੇਂ ਕਿਤਨੀ ਵੀ ਵੱਡੀ ਕਿਉਂ ਨਾ ਹੋਵੇ, ਮਿਟੇਗੀ। ਸੰਸਾਰ ਬਣਦਾ ਹੈ, ਮਿਟਦਾ ਹੈ। ਅਗਰ ਦੇਹੀ ਨੂੰ ਗੁਰੂ ਮੰਨ ਲਿਆ ਹੈ ਤੇ ਫਿਰ ਕਬੂਲ ਕਰੋ ਇਕ ਦਿਨ ਗੁਰੂ ਮਰ ਜਾਏਗਾ, ਖ਼ਤਮ ਹੋ ਜਾਏਗਾ। ਹੁਣ ਕੋਈ ਹੋਰ ਗੁਰੂ ਲੱਭੋ। ਦੇਹੀ ਗੁਰੂ ਨਹੀਂ ਹੈ:-

ਸਬਦ ਗੁਰੂ ਸੁਰਤਿ ਧੁਨਿ ਚੇਲਾ॥(ਅੰਗ ੯੪੩)

ਠੀਕ ਹੈ ਰਸਮੀ ਤੌਰ ਤੇ ਗੁਰਗਦੀ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਨੇ ਦਿੱਤੀ ਪਰ ਇਹ ਸ਼ਬਦ ਤੇ ਪਹਿਲੇ ਦੇ ਮੌਜੂਦ ਨੇ, ਪਹਿਲੇ ਪਾਤਸ਼ਾਹ ਦੇ ਨੇ। ਪਹਿਲੀ ਜੋਤ ਦੇ ਨੇ। ਇਹ ਜੋਤ ਪਹਿਲੇ ਘਰ ਵਿਚ ਬੋਲੀ ਹੈ:-

ਪਵਨ ਅਰੰਭੁ ਸਤਿਗੁਰ ਮਤਿ ਵੇਲਾ॥
ਸਬਦ ਗੁਰੂ ਸੁਰਤਿ ਧੁਨਿ ਚੇਲਾ॥ (ਅੰਗ ੯੪੩)

-----

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥

-----

ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ॥
{ਅੰਗ ੧੩੧੦}

ਇਹ ਤੇ ਬਚਨ ਹੀ ਗੁਰੂ ਹੈ। ਇਕ ਜਗ੍ਹਾ ਨਹੀਂ, ਬਹੁਤ ਸਾਰੀਆਂ ਜਗ੍ਹਾ ਤੇ ਆਇਆ ਹੈ। ਕਬੀਰ ਸਾਹਿਬ ਇਸ ਨੂੰ ਇੰਝ ਬਿਆਨ ਕਰਦੇ ਨੇ:-

ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾ ਕਾ ਨਾਉ ਬਿਬੇਕੁ॥
{ਅੰਗ ੭੯੩}

ਜਿਸ ਨੂੰ ਗਿਆਨ ਕਹਿੰਦੇ ਨੇ, ਇਹ ਮੇਰਾ ਗੁਰੂ ਹੈ, ਹੋਰ ਮੇਰਾ ਕੋਈ ਗੁਰੂ ਨਹੀਂ। ਬਲਕਿ ਹੋਰ ਵੀ ਆਖਿਆ ਹੈ:-

ਹਮਰੋ ਭਰਤਾ ਬਡੋ ਬਿਬੇਕੀ ਆਪੇ ਸੰਤੁ ਕਹਾਵੈ।
ਓਹੁ ਹਮਾਰੈ ਮਾਥੈ ਕਾਇਮੁ ਅਉਰੁ ਹਮਰੈ ਨਿਕਟਿ ਨਾ ਆਵੈ॥
{ਅੰਗ ੪੭੬}

ਉਹ ਜਿਹੜਾ ਮੇਰਾ ਭਰਤਾ ਪਰਮਾਤਮਾ ਹੈ, ਉਸ ਨੂੰ ਸੰਤ ਆਖਿਆ ਜਾਂਦਾ ਹੈ। ਹੁਣ ਜਿਸ ਦਿਨ ਦਾ ਇਹ ਸੰਤ ਮਿਲਿਆ ਹੈ, ਕਿਸੇ ਹੋਰ ਸੰਤ ਦੀ ਲੋੜ ਹੀ ਨਹੀਂ। ਕਬੀਰ ਸਾਹਿਬ ਤੇ ਕਹਿੰਦੇ ਨੇ, ਮੇਰੇ ਨੇੜੇ ਵੀ ਕੋਈ ਨਾ ਆਵੇ। ਇਹ ਤੇ ਬੜੀ ਹਿੰਮਤ ਦੀ ਗੱਲ ਹੈ, ਬੜੀ ਜੁਰਅਤ ਦੀ ਗੱਲ ਹੈ। ਖੇਡ ਸਾਰੀ ਜੋਤ ਦੀ ਹੈ ਪਰ ਉਸਦੇ ਵਾਸਤੇ ਸਮਝ ਚਾਹੀਦੀ ਹੈ। ਇਸ ਸਮਝ ਦੇ ਸੰਬੰਧ ਵਿਚ ਕੁਝ ਹੋਰ ਵਿਚਾਰਾਂ ਅੱਖਰੀ ਅਰਥਾਂ ਦੇ ਬਾਅਦ ਵਿਚ।

ਹਰਿ ਸਤਿਗੁਰ ਹਰਿ ਸਤਿਗੁਰ ਮੇਲਿ
ਹਰਿ ਸਤਿਗੁਰ ਚਰਣ ਹਮ ਭਾਇਆ ਰਾਮ॥

ਹੇ ਪ੍ਰਭੂ! ਮਿਹਰ ਕਰੋ, ਬਖਸ਼ਿਸ਼ ਕਰੋ, ਗੁਰੂ ਦਾ ਮਿਲਾਪ ਕਰਵਾਉ। ਉਸਦੇ ਚਰਨ ਕਮਲਾਂ ਵਿਚ ਥਾਂ ਦਿਉ, ਉਸਦੇ ਦਰਸ਼ਨ ਕਰ ਸਕਾਂ।

ਤਿਮਰ ਅਗਿਆਨੁ ਗਵਾਇਆ
ਗੁਰ ਗਿਆਨੁ ਅੰਜਨੁ ਗੁਰ ਪਾਇਆ ਰਾਮ॥

ਜਿੰਨ੍ਹਾਂ ਨੂੰ ਗੁਰੂ ਮਿਲ ਪੈਂਦਾ ਹੈ ਉਹਨਾਂ ਦੇ ਅੰਦਰ ਇਹ ਘਟਨਾ ਘਟਦੀ ਹੈ ਕਿ ਜੋ ਅਗਿਆਨਤਾ ਦਾ ਅੰਧਕਾਰ ਹੈ, ਤਿਮਰ (ਅੰਧੇਰਾ) ਉਹ ਸਾਰੇ ਦਾ ਸਾਰਾ ਨਾਸ ਹੋ ਜਾਂਦਾ ਹੈ ਜਦੋਂ ਗੁਰੂ ਦਾ ਮਿਲਾਪ ਹੋ ਜਾਂਦਾ ਹੈ।

ਗੁਰ ਗਿਆਨ ਅੰਜਨੁ ਸਤਿਗੁਰੂ ਪਾਇਆ
ਅਗਿਆਨ ਅੰਧੇਰ ਬਿਨਾਸੇ॥

ਐਸਾ ਗਿਆਨ ਦਾ ਅੰਜਨ ਉਸ ਗੁਰੂ ਦੁਆਰਾ ਪ੍ਰਾਪਤ ਹੁੰਦਾ ਹੈ, ਸਾਰੇ ਦਾ ਸਾਰਾ ਅਗਿਆਨਤਾ ਦਾ ਅੰਧਕਾਰ ਨਾਸ ਹੋ ਜਾਂਦਾ ਹੈ।

ਸਤਿਗੁਰ ਸੇਵਿ ਪਰਮ ਪਦੁ ਪਾਇਆ
ਹਰਿ ਜਪਿਆ ਸਾਸ ਗਿਰਾਸੇ॥

ਸਤਿਗੁਰ ਦੀ ਸੇਵਾ ਕਰਕੇ ਪਰਮ ਪਦ ਦੀ ਪ੍ਰਾਪਤੀ ਹੋਈ। ਸਤਿਗੁਰ ਦੀ ਸੇਵਾ ਕੀ

ਹੈ? ਸਾਸ ਗਿਰਾਸ ਸ਼ਬਦ ਨੂੰ ਜਪਣਾ। ਸ਼ਬਦ ਦਾ ਜਪ ਕੀਤਾ, ਇਸ ਤਰ੍ਹਾਂ ਪਰਮ ਪਦ ਦੀ ਪ੍ਰਾਪਤੀ ਹੋ ਗਈ, ਜੀਵਨ ਸਫਲ ਹੋ ਗਿਆ।

ਜਿਨ ਕੰਉ ਹਰਿ ਪ੍ਰਭਿ ਕਿਰਪਾ ਧਾਰੀ
ਤੇ ਸਤਿਗੁਰ ਸੇਵਾ ਲਾਇਆ॥੧॥

ਜਿੰਨ੍ਹਾਂ ਤੇ ਹਰੀ ਪ੍ਰਭੂ ਦੀ ਕਿਰਪਾ ਹੋ ਗਈ, ਉਹ ਫਿਰ ਸਤਿਗੁਰ ਦੀ ਚਰਨੀ ਲੱਗੇ, ਸਤਿਗੁਰ ਦੇ ਨੇੜੇ ਆਏ।

ਹਰਿ ਸਤਿਗੁਰ ਹਰਿ ਸਤਿਗੁਰ ਮੇਲਿ
ਹਰਿ ਸਤਿਗੁਰ ਚਰਣ ਹਮ ਭਾਇਆ ਰਾਮ॥

ਹੇ ਪ੍ਰਭੂ! ਬਖ਼ਸ਼ਿਸ਼ ਕਰ, ਸਤਿਗੁਰ ਦਾ ਮਿਲਾਪ ਕਰਾ, ਉਸ ਦੀ ਸ਼ਰਨ ਵਿਚ ਬੈਠਣਾ ਮੈਨੂੰ ਚੰਗਾ ਲਗਦਾ ਹੈ।

ਮੇਰਾ ਸਤਿਗੁਰ ਮੇਰਾ ਸਤਿਗੁਰ ਪਿਆਰਾ
ਮੈ ਗੁਰ ਬਿਨੁ ਰਹਣੁ ਨ ਜਾਈ ਰਾਮ॥

ਮੇਰਾ ਪਿਆਰ ਔਰ ਮੇਰਾ ਪਿਆਰਾ ਕੇਵਲ ਸਤਿਗੁਰੂ ਹੈ, ਗੁਰੂ ਦੇ ਬਿਨਾਂ ਮੈਂ ਰਹਿ ਨਹੀਂ ਸਕਦਾ, ਪਰਮਾਤਮਾ ਤੋਂ ਬਿਨਾਂ ਮੈਂ ਰਹਿ ਨਹੀਂ ਸਕਦਾ।

ਹਰਿ ਨਾਮੋ ਹਰਿ ਨਾਮੁ ਦੇਵੈ ਮੇਰਾ ਅੰਤਿ ਸਖਾਈ ਰਾਮ॥

ਇਹ ਗੁਰੂ, ਹਰੀ ਨਾਮ ਜਪਣ ਦੀ ਪ੍ਰੇਰਨਾ ਦਿੰਦਾ ਹੈ ਔਰ ਅੰਤਮ ਸਮੇਂ ਸਹਾਇਕ ਹੈ। ਜ਼ਿੰਦਗੀ ਵਿਚ ਬਾਕੀ ਤਾਂ ਸਾਰੇ ਸਹਾਇਕ ਬਣ ਜਾਂਦੇ ਨੇ, ਅੰਤਮ ਸਮੇਂ ਰਖਿਆ ਤਾਂ ਓਹੀ ਕਰਦਾ ਹੈ।

ਹਰਿ ਹਰਿ ਨਾਮੁ ਮੇਰਾ ਅੰਤਿ ਸਖਾਈ
ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ॥

ਗੁਰਦੇਵ ਨੇ ਨਾਮ ਵਿਚ ਐਸੀ ਦ੍ਰਿੜਤਾ ਕਰ ਦਿੱਤੀ ਹੈ, ਇਹੀ ਨਾਮ ਹੁਣ ਅੰਤਮ ਸਮੇਂ ਮੇਰਾ ਸਹਾਇਕ ਹੈ ਅਤੇ ਜੀਵਨ ਦੇ ਵਿਚ ਮਦਦਗਾਰ ਹੈ।

ਜਿਥੈ ਪੁਤੁ ਕਲਤ੍ਰੁ ਕੋਈ ਬੇਲੀ ਨਾਹੀ
ਤਿਥੈ ਹਰਿ ਹਰਿ ਨਾਮਿ ਛਡਾਇਆ॥

ਜਿੱਥੇ ਪੁੱਤਰ ਵੀ ਸਾਥ ਨਹੀਂ ਦੇ ਸਕਦਾ, ਮਿੱਤਰ ਵੀ ਸਾਥ ਨਹੀਂ ਦੇ ਸਕਦਾ, ਸਾਕ ਸਨਬੰਧੀ ਵੀ ਜਿੱਥੇ ਤਕ ਅਪੜ ਨਹੀਂ ਸਕਦੇ, ਉਥੇ ਗੁਰੂ ਸਾਥ ਦਿੰਦਾ ਹੈ ਔਰ ਟਿਕਾਣੇ ਪਹੁੰਚਾ ਦਿੰਦਾ ਹੈ।

ਧਨੁ ਧਨੁ ਸਤਿਗੁਰੁ ਪੁਰਖੁ ਨਿਰੰਜਨੁ
ਜਿਤੁ ਮਿਲਿ ਹਰਿ ਨਾਮੁ ਧਿਆਈ॥

ਉਹ ਗੁਰੂ ਪੂਰਨ ਹੈ, ਨਿਰੰਜਨ (ਮਾਇਆ ਤੋਂ ਰਹਿਤ ਹੈ), ਉਸਦੀ ਸੰਗਤ ਵਿਚ ਬੈਠ ਕੇ ਨਾਮ ਧਿਆਉਂਦਿਆਂ ਸੁਰਤ ਨਾਮ ਵਿਚ ਜੁੜਦੀ ਹੈ।

ਜਿਨੀ ਦਰਸਨੁ ਜਿਨੀ ਦਰਸਨੁ
ਸਤਿਗੁਰ ਪੁਰਖ ਨ ਪਾਇਆ ਰਾਮ॥

ਜਿੰਨ੍ਹਾਂ ਨੇ ਐਸਾ ਸਤਿਗੁਰ ਪ੍ਰਾਪਤ ਨਹੀਂ ਕੀਤਾ। ਇਸ ਤੋਂ ਭਾਵ ਇਹ ਲੈਣਾ ਹੈ,

ਜਿੰਨ੍ਹਾਂ ਨੇ ਆਪਣੀ ਸੁਰਤ ਨੂੰ ਸ਼ਬਦ ਨਾਲ ਨਹੀਂ ਜੋੜਿਆ, ਉਹ ਭਾਗਹੀਣ ਨੇ, ਉਹਨਾਂ ਦੀ ਕਿਸਮਤ ਖ਼ਰਾਬ ਹੈ, ਉਹਨਾਂ ਦੀ ਪ੍ਰਾਲਬਧ ਚੰਗੀ ਨਹੀਂ।

ਤਿਨ ਨਿਹਫਲੁ ਤਿਨ ਨਿਹਫਲੁ ਜਨਮੁ
ਸਭੁ ਬ੍ਰਿਥਾ ਗਵਾਇਆ ਰਾਮ॥

ਉਹਨਾਂ ਨੇ ਆਪਣਾ ਸਾਰੇ ਦਾ ਸਾਰਾ ਜੀਵਨ ਵਿਅਰਥ ਗਵਾ ਲਿਆ। ਵਿਅਰਥ ਆਏ ਤੇ ਵਿਅਰਥ ਚਲੇ ਗਏ, ਕੁਛ ਪ੍ਰਾਪਤ ਨਹੀਂ ਕੀਤਾ।

ਨਿਹਫਲੁ ਜਨਮ ਤਿਨ ਬ੍ਰਿਥਾ ਗਵਾਇਆ
ਤੇ ਸਾਕਤ ਮੁਏ ਮਰਿ ਝੂਰੇ॥

ਨਿਸਫਲ, ਫਲ ਲੱਗੇ ਹੀ ਨਾ। ਅੰਬ ਦਾ ਬੂਟਾ ਲਾਇਆ ਹੈ, ਫਲ ਲੱਗਣ ਹੀ ਨਾ, ਮਿਹਨਤ ਬੇਕਾਰ ਗਈ। ਅੰਗੂਰਾਂ ਦੀ ਵੇਲ ਲਾਈ ਹੈ, ਅੰਗੂਰ ਲੱਗਣ ਹੀ ਨਾ। ਮਿਹਨਤ ਐਵੇਂ ਚਲੀ ਗਈ। ਇਹ ਜੀਵਨ ਮਿਲਿਆ ਹੈ, ਪਰਮ-ਜੀਵਨ ਲਈ। ਪਰਮ-ਜੀਵਨ ਮਿਲਿਆ ਹੀ ਨਾ, ਜੀਵਨ ਅਜਾਈਂ ਚਲਾ ਗਿਆ। ਸਾਕਤ ਲੋਗ ਇਸ ਤਰ੍ਹਾਂ ਇਹ ਆਪਣਾ ਮਹਾਨ ਜੀਵਨ ਵਿਅਰਥ ਗੁਆ ਲੈਂਦੇ ਹਨ।

ਘਰਿ ਹੋਦੈ ਰਤਨਿ ਪਦਾਰਥਿ ਭੂਖੇ
ਭਾਗਹੀਣ ਹਰਿ ਦੂਰੇ॥

ਘਰ ਦੇ ਵਿਚ ਨੌਂ ਨਿਧੀਆਂ ਪਈਆਂ ਨੇ, ਉਹ ਅੰਮ੍ਰਿਤਮਈ ਭੋਜਨ ਪਇਆ ਹੈ ਲੇਕਿਨ ਇਹ ਭੁੱਖੇ ਰਹਿੰਦੇ ਨੇ, ਕੁਰਲਾਉਂਦੇ ਨੇ, ਦੁਖੀ ਰਹਿੰਦੇ ਨੇ। ਉਸ ਭੋਜਨ ਨੂੰ ਛਕਦੇ ਨਹੀਂ। ਮਹਾਰਾਜ ਕਹਿੰਦੇ ਨੇ:-

ਜੇ ਕੋ ਖਾਵੈ ਜੇ ਕੋ ਭੁੰਚੈ
ਤਿਸ ਕਾ ਹੋਇ ਉਧਾਰੋ॥ {ਅੰਗ ੧੪੨੯}

ਭੋਜਨ ਤੇ ਕੋਲ ਹੈ, ਬਣਾਉਣ ਦੀ ਲੋੜ ਨਹੀਂ। ਸ਼ਬਦ ਸਤਿਗੁਰੂ ਨੇ ਸਾਨੂੰ ਦਿੱਤਾ ਹੈ, ਵਾਹਿਗੁਰੂ, ਵਾਹਿਗੁਰੂ। ਇਸ ਦੇ ਜਪਦਿਆਂ ਹੀ ਅੰਦਰ ਨੌਂ ਨਿਧਾਨ ਪ੍ਰਗਟ ਹੋ ਜਾਂਦੇ ਨੇ। ਅੰਦਰ ਰਸ ਪ੍ਰਗਟ ਹੋ ਜਾਂਦੇ ਨੇ। ਭੋਜਨ ਤੇ ਅੰਦਰ ਪਿਆ ਹੈ ਪਰ ਮਹਾਰਾਜ ਕਹਿੰਦੇ ਨੇ ਕਿ ਖਾਂਦੇ ਨਹੀਂ। ਇਸ ਵਾਸਤੇ ਭੁੱਖੇ ਦੇ ਭੁੱਖੇ ਰਹਿ ਜਾਂਦੇ ਨੇ। ਪਰੋਸਿਆ ਹੋਇਆ ਥਾਲ ਕੋਲ ਹੈ, ਛੱਤੀ ਪ੍ਰਕਾਰ ਦੇ ਅੰਮ੍ਰਿਤ ਕੋਲ ਪਏ ਨੇ ਪਰ ਭੁੱਖੇ ਦੇ ਭੁੱਖੇ। ਘਰ ਵਿਚ ਪਦਾਰਥ ਹੁੰਦਿਆਂ ਹੋਇਆਂ ਕੰਗਾਲ ਬਣੇ ਹੋਏ ਨੇ।

ਹਰਿ ਹਰਿ ਤਿਨ ਕਾ ਦਰਸੁ ਨ ਕਰੀਅਹੁ
ਜਿਨੀ ਹਰਿ ਹਰਿ ਨਾਮੁ ਨ ਧਿਆਇਆ॥

ਜਿੰਨ੍ਹਾਂ ਨੇ ਹਰੀ ਦੇ ਨਾਮ ਵਿਚ ਧਿਆਨ ਨਹੀਂ ਜੋੜਿਆ, ਜਪ ਨਹੀਂ ਕੀਤਾ, ਇਹਨਾਂ ਦਾ ਤੇ ਦਰਸ਼ਨ ਹੀ ਨਹੀਂ ਕਰਨਾ ਚਾਹੀਦਾ। ਕਾਰਣ ਬਾਬਾ ਫ਼ਰੀਦ ਜੀ ਦਸਦੇ ਨੇ:-

ਫਰੀਦਾ ਤਿਨ੍ਹਾ ਮੁਖ ਡਰਾਵਣੇ
ਜਿਨਾ ਵਿਸਾਰਿਓਨੁ ਨਾਉ॥ {ਅੰਗ ੧੩੮੩}

ਡਰਾਉਣੇ ਨੇ, ਇਹਨਾਂ ਤੋਂ ਡਰ ਲਗਦਾ ਹੈ। ਸ਼ੇਖ ਸਾਅਦੀ ਕਿਹਾ ਕਰਦੇ ਸਨ, ਹੇ ਖ਼ੁਦਾ! ਇਕ ਤਾਂ ਮੈਂ ਤੇਰਾ ਡਰ ਮੰਨਦਾ ਹਾਂ, ਅਦਬ ਮੰਨਦਾ ਹਾਂ। ਤੂੰ ਸਰਬ ਕਲਾ

ਸਮਰੱਥ ਹੈਂ। ਫਿਰ ਮੈਂ ਦੂਜਾ ਉਹਨਾਂ ਤੋਂ ਡਰਦਾ ਹਾਂ, ਜਿਹੜੇ ਤੈਥੋਂ ਨਹੀਂ ਡਰਦੇ, ਬੜੇ ਦੁਸ਼ਟ ਹਨ, ਪਤਾ ਨਹੀਂ ਕੀ ਕਰ ਦੇਣ। ਇਹਨਾਂ ਦਾ ਕੀ ਭਰੋਸਾ। ਦੋ ਤਰ੍ਹਾਂ ਦੇ ਮਨੁਖ ਨੇ ਇਕ ਤੇ ਕਾਇਰ, ਡਰਦੇ ਨੇ, ਦੂਜੇ, ਦੁਸ਼ਟ, ਡਰਾਉਂਦੇ ਨੇ। ਜਿਹੜਾ ਡਰਾਵੇ ਮਹਾਂ ਦੁਸ਼ਟ ਹੈ ਪਰ ਬਾਬਾ ਫ਼ਰੀਦ ਜੀ ਕਹਿੰਦੇ ਨੇ, ਰਬ ਦਾ ਨਾਮ ਜਿੰਨ੍ਹਾਂ ਨੇ ਭੁਲਾਇਆ ਹੈ ਉਹ ਤੇ ਹੈਨ ਹੀ ਡਰਾਉਣੇ:-

ਕਹੁ ਕਬੀਰ ਜੈਸੇ ਸੁੰਦਰ ਸਰੂਪ॥
ਨਾਮ ਬਿਨਾ ਜੈਸੇ ਕੁਬਜ ਕੁਰੂਪ॥ (ਅੰਗ ੩੨੮)

ਬੜਾ ਚਿਕਨਾ-ਚੁਪੜਾ ਚਿਹਰਾ ਹੈ, ਬੜੇ ਸੁੰਦਰ ਬਸਤਰ ਨੇ, ਬੜਾ ਖ਼ੂਬਸੂਰਤ ਦਿਖਾਈ ਦੇ ਰਿਹਾ ਹੈ ਪਰ ਭਗਤ ਕਬੀਰ ਜੀ ਕਹਿੰਦੇ ਨੇ, ਨਾਮ ਦੇ ਬਿਨਾ ਕੁਬੜਾ ਹੈ, ਕੁਰੂਪ ਹੈ। ਦੇਖਣਾ ਹੀ ਨਹੀਂ ਚਾਹੀਦਾ। ਬਲਕਿ ਨਾਮ ਦੇਵ ਜੀ ਤਾਂ ਕਹਿੰਦੇ ਨੇ:-

ਜੋ ਨ ਭਜੰਤੇ ਨਾਰਾਇਣਾ॥
ਤਿਨ ਕਾ ਮੈ ਨ ਕਰਉ ਦਰਸਨਾ॥੧॥ (ਅੰਗ ੧੧੬੩)

ਹੇ ਪ੍ਰਭੂ! ਜੋ ਤੇਰਾ ਨਾਮ ਨਹੀਂ ਜਪਦੇ, ਮੈਂ ਇਹਨਾਂ ਦਾ ਦਰਸ਼ਨ ਹੀ ਨਹੀਂ ਕਰਨਾ ਚਾਹੁੰਦਾ। ਮੈਂ ਇਹਨਾਂ ਦੇ ਕੋਲ ਬੈਠਣਾ ਹੀ ਨਹੀਂ ਚਾਹੁੰਦਾ। ਮੈਂ ਇਹਨਾਂ ਨੂੰ ਦੇਖਣਾ ਹੀ ਨਹੀਂ ਚਾਹੁੰਦਾ। ਧੰਨ ਗੁਰੂ ਰਾਮਦਾਸ ਜੀ ਕਹਿੰਦੇ ਨੇ ਡਰਾਉਣੇ ਇਸ ਵਾਸਤੇ ਨੇ, ਜਿੰਨ੍ਹਾਂ ਨੇ ਸਤਿਗੁਰੂ ਦੀ ਸੇਵਾ ਨਹੀਂ ਕੀਤੀ, ਧਿਆਨ ਨਹੀਂ ਜੋੜਿਆ, ਇਹਨਾਂ ਦੀ ਸੰਗਤ ਵਿਚ ਨਹੀਂ ਜਾਣਾ ਚਾਹੀਦਾ, ਭਾਵ ਇਹਨਾਂ ਦੀ ਸੰਗਤ ਨਹੀਂ ਕਰਨੀ ਚਾਹੀਦੀ, ਇਹਨਾਂ ਦੇ ਕੋਲ ਨਹੀਂ ਬੈਠਣਾ ਚਾਹੀਦਾ।

ਜਿਨੀ ਦਰਸਨੁ ਜਿਨੀ ਦਰਸਨੁ
ਸਤਿਗੁਰ ਪੁਰਖ ਨ ਪਾਇਆ॥੩॥

ਜਿੰਨ੍ਹਾਂ ਨੇ ਐਸੇ ਸਤਿਗੁਰੂ ਦੀ ਪ੍ਰਾਪਤੀ ਨਹੀਂ ਕੀਤੀ, ਪਰਮ-ਪੁਰਖ ਨੂੰ ਨਹੀਂ ਪਾਇਆ, ਇਹਨਾਂ ਦੇ ਕੋਲ ਨਹੀਂ ਬੈਠਣਾ ਚਾਹੀਦਾ।

ਹਮ ਚਾਤ੍ਰਿਕ ਹਮ ਚਾਤ੍ਰਿਕ ਦੀਨ
ਹਰਿ ਪਾਸਿ ਬੇਨੰਤੀ ਰਾਮ॥

ਹੇ ਹਰੀ! ਤੂੰ ਤੇ ਅੰਮ੍ਰਿਤ ਜਲ ਹੈਂ ਔਰ ਅਸੀਂ ਚਾਤ੍ਰਿਕ ਦੀ ਤਰ੍ਹਾਂ ਪਿਆਸੇ ਹਾਂ। ਉਸ ਨਾਮ ਜਲ ਦੀ ਮੰਗ ਕਰਦੇ ਹਾਂ, ਉਸ ਬੂੰਦ ਵਾਸਤੇ ਤੜਪਦੇ ਹਾਂ, ਦੁਆ ਕਰਦੇ ਹਾਂ।

ਗੁਰ ਮਿਲਿ ਗੁਰ ਮੇਲਿ ਮੇਰਾ ਪਿਆਰਾ
ਹਮ ਸਤਿਗੁਰ ਕਰਹ ਭਗਤੀ ਰਾਮ॥

ਹੇ ਪ੍ਰਭੂ! ਗੁਰੂ ਦਾ ਮਿਲਾਪ ਕਰਾ ਦੇ, ਤਾਕਿ ਸਵਾਂਤੀ ਬੂੰਦ ਦੀ ਪ੍ਰਾਪਤੀ ਹੋਵੇ। ਅਸੀਂ ਭਗਤੀ ਕਰਕੇ ਇਸ ਮਹਾਨ ਅਨੰਦ ਨੂੰ ਪ੍ਰਾਪਤ ਕਰੀਏ, ਇਸ ਕਰਕੇ ਮਿਲਾਪ ਕਰਾ।

ਹਰਿ ਹਰਿ ਸਤਿਗੁਰ ਕਰਹ ਭਗਤੀ
ਜਾ ਹਰਿ ਪ੍ਰਭ ਕਿਰਪਾ ਧਾਰੇ॥

ਗੁਰੂ ਦੀ ਸੰਗਤ ਪ੍ਰਾਪਤ ਹੋਵੇ ਤੇ ਭਗਤੀ ਕਰੀਏ, ਇਹ ਤਾਂ ਹੀ ਹੋ ਸਕਦਾ ਹੈ, ਜੇ ਕਿਧਰੇ ਗੁਰੂ ਕਿਰਪਾ ਕਰੇ, ਗੁਰੂ ਮਿਹਰ ਕਰੇ।

ਮੈ ਗੁਰ ਬਿਨੁ ਅਵਰੁ ਨਾ ਕੋਈ ਬੇਲੀ
ਗੁਰੁ ਸਤਿਗੁਰੁ ਪ੍ਰਾਣ ਹਮ੍ਾਰੇ॥

ਗੁਰੂ ਤੋਂ ਬਿਨਾਂ ਮੇਰਾ ਕੋਈ ਸੰਗੀ ਸਾਥੀ ਨਹੀਂ, ਮਿੱਤਰ ਨਹੀਂ। ਮੇਰੇ ਪ੍ਰਾਣਾਂ ਦਾ ਆਸਰਾ ਇਹੋ ਹੀ ਹੈ। ਇਹੀ ਮੇਰੀ ਜਿੰਦ ਤੇ ਜਾਨ ਹੈ।

ਕਹੁ ਨਾਨਕ ਗੁਰਿ ਨਾਮੁ ਦ੍ਰਿੜ੍ਹਾਇਆ
ਹਰਿ ਹਰਿ ਨਾਮੁ ਹਰਿ ਸਤੀ॥

ਗੁਰਦੇਵ ਨੇ ਐਸੇ ਨਾਮ ਦੀ ਦ੍ਰਿੜਤਾ ਕਰਾ ਦਿੱਤੀ, ਉਹ ਜੋ ਹਰੀ ਦਾ ਨਾਮ ਸਤਿ ਹੈ। ਸਤਿ ਦੀ ਪਦਵੀ ਦੀ ਪ੍ਰਾਪਤੀ ਕਰਾ ਦਿੱਤੀ। ਜੋ ਹਰੀ ਦੇ ਨਾਮ ਵਿਚ ਪਰਉਪਕਾਰ ਹੈ, ਇਸ ਤਰ੍ਹਾਂ ਗੁਰਦੇਵ ਨੇ ਸਾਰਾ ਜੀਵਨ ਪਰਉਪਕਾਰੀ ਬਣਾ ਦਿੱਤਾ।

ਹਮ ਚਾਤ੍ਰਿਕ ਹਮ ਚਾਤ੍ਰਿਕ ਦੀਨ
ਹਰਿ ਪਾਸਿ ਬੇਨੰਤੀ॥੪॥੩॥

ਅਸੀਂ ਚਾਤ੍ਰਿਕ ਹਾਂ। ਹੇ ਪ੍ਰਭੂ! ਤੇਰੇ ਨਾਮ ਦੀ ਬੂੰਦ ਲਈ ਤੜਪਦੇ ਹਾਂ, ਉਸ ਦੀ ਮੰਗ ਕਰਦੇ ਹਾਂ। ਤੂੰ ਗੁਰੂ ਦਾ ਮਿਲਾਪ ਕਰਾ ਤਾਕਿ ਉਸ ਦੇ ਰਾਹੀਂ ਪਰਮਾਤਮਾ, ਪਰਮ-ਆਤਮਾ ਪ੍ਰਾਪਤ ਹੋਵੇ।

ਇਕ ਤਾਂ ਬਾਹਰ ਅੰਧੇਰਾ ਹੁੰਦਾ ਹੈ ਅਤੇ ਅੰਧੇਰਾ ਸਾਰਿਆਂ ਨੂੰ ਇਕੋ ਜੈਸਾ ਕਰ ਦਿੰਦਾ ਹੈ। ਅੰਧੇਰੇ ਵਿਚ ਫੁੱਲ ਤੇ ਕੰਡਾ ਇਕੋ ਹੀ ਹੋ ਜਾਂਦੇ ਨੇ। ਨਾ ਕੰਡਾ ਦਿਖਾਈ ਦਿੰਦਾ ਹੈ ਅਤੇ ਨਾ ਹੀ ਫੁੱਲ। ਅੰਧੇਰੇ ਵਿਚ ਸੋਨਾ ਤੇ ਲੋਹਾ ਇਕੋ ਹੋ ਜਾਂਦੇ ਨੇ। ਨਾ ਲੋਹਾ ਦਿਖਾਈ ਦਿੰਦਾ ਹੈ ਨਾ ਸੋਨਾ। ਨਾ ਦਰਖ਼ਤ ਦਿਖਾਈ ਦਿੰਦੇ ਨੇ ਅਤੇ ਨਾ ਪਹਾੜ। ਨਾ ਮਨੁਖ ਦਿਖਾਈ ਦਿੰਦੇ ਨੇ ਅਤੇ ਨਾ ਪਸ਼ੂ ਪੰਛੀ। ਨਾ ਹੀਰਾ ਦਿਖਾਈ ਦਿੰਦਾ ਹੈ ਅਤੇ ਨਾ ਪੱਥਰ। ਅੰਧੇਰੇ ਵਿਚ ਕੇਵਲ ਅੰਧੇਰਾ ਹੁੰਦਾ ਹੈ। ਅੰਧੇਰਾ ਦੂਜੇ ਨੂੰ ਬਰਦਾਸ਼ਤ ਹੀ ਨਹੀਂ ਕਰਦਾ। ਅੰਧਕਾਰ ਵਿਚ ਕੇਵਲ ਅੰਧਕਾਰ ਹੀ ਹੁੰਦਾ ਹੈ। ਸਭ ਕੁਛ ਨੂੰ ਓਹਲੇ ਕਰ ਦਿੰਦਾ ਹੈ। ਇਕ ਪਾਸੇ ਕਰ ਦਿੰਦਾ ਹੈ। ਬਾਹਰ ਦਾ ਅੰਧਕਾਰ ਐਸਾ ਸਮਰੱਥ ਹੈ।

ਲੇਕਿਨ ਮਨੁਖ ਨੇ ਇਸ ਬਾਹਰ ਦੇ ਅੰਧਕਾਰ ਨੂੰ ਮਿਟਾਉਣ ਵਾਸਤੇ ਬੜੇ ਵਸੀਲੇ ਤੇ ਸਾਧਨ ਜੁਟਾਏ ਨੇ। ਸ਼ੁਰੂ ੨ ਦੇ ਵਿਚ ਇਹ ਜੰਗਲਾਂ ਵਿਚ ਸਾਰੀ ੨ ਰਾਤ ਲਕੜਾਂ ਬਾਲ ਕੇ ਰੋਸ਼ਨੀ ਕਰਦਾ ਰਿਹਾ ਕਿਉਂਕਿ ਅੰਧੇਰਾ ਡਰਾਉਂਦਾ ਸੀ। ਅੰਧੇਰੇ ਵਿਚ ਨਾ ਸੱਪ ਦਿਖਾਈ ਦਿੰਦੇ ਸਨ, ਨਾ ਸ਼ੇਰ। ਅੰਧੇਰੇ ਵਿਚ ਨਾ ਆਪਣਾ ਦਿਖਾਈ ਦਿੰਦਾ ਸੀ, ਨਾ ਬੇਗਾਨਾ। ਅੰਧੇਰੇ ਵਿਚ ਤੇ ਕੁਝ ਵੀ ਦਿਖਾਈ ਨਹੀਂ ਸੀ ਦਿੰਦਾ। ਉਸ ਵਖਤ ਦੀ ਮਨੁੱਖਤਾ ਅੰਧੇਰੇ ਤੋਂ ਡਰੀ ਹੋਈ ਸੀ, ਕਿਉਂਕਿ ਸ਼ੇਰ ਆਦਿ ਹਮਲਾ ਕਰ ਦਿੰਦੇ ਸਨ। ਕੁਝ ਐਸੇ ਜਾਨਵਰ ਨੇ ਜਿੰਨ੍ਹਾਂ ਦੀਆਂ ਅੱਖਾਂ ਵਿਚ ਪ੍ਰਭੂ ਨੇ ਐਸੀ ਸਮਰਥਾ ਦਿੱਤੀ ਹੈ ਕਿ ਉਹ ਅੰਧੇਰੇ ਵਿਚ ਵੀ ਦੇਖ ਲੈਂਦੇ ਨੇ। ਬਿੱਲੀ, ਚਮਗਿਦੜ, ਉੱਲੂ ਵੀ ਦੇਖ ਲੈਂਦਾ ਹੈ। ਅੰਧੇਰੇ ਵਿਚ ਜਿਹੜੇ ਜੀਵ ਦੇਖ ਸਕਦੇ ਨੇ, ਸਾਰੇ ਹੀ ਹਿੰਸਕ ਨੇ। ਸਾਰੇ ਹੀ ਦਰਿੰਦੇ ਨੇ। ਉਹਨਾਂ ਦਾ ਅੰਧਕਾਰ ਦਾ ਜੀਵਨ ਹੈ, ਉਹ ਅੰਧੇਰੇ ਵਿਚ ਹੀ ਜ਼ਿਆਦਾ ਹਰਕਤ ਕਰਦੇ ਨੇ। ਰੋਸ਼ਨੀ ਵਿਚ ਨਹੀਂ ਕਰਦੇ। ਦਿਨ ਚੜ੍ਹਿਆ ਹੈ, ਉੱਲੂ ਸਾਰਾ ਦਿਨ ਛੁਪ ਕੇ ਬੈਠਾ ਰਹੇਗਾ। ਰਾਤ ਆਈ ਹੈ, ਅੰਧੇਰਾ ਹੋ ਗਿਆ ਹੈ, ਉਹ ਸਾਰੀ ਰਾਤ ਉਡਾਰੀਆਂ ਮਾਰੇਗਾ। ਆਲ੍ਹਣੇ ਵਿਚੋਂ ਪੰਛੀਆਂ ਦੇ ਅੰਡੇ ਚੁੱਕ ਲਿਆਏਗਾ। ਉਹਨਾਂ ਦੇ ਮਸੂਮ ਬੱਚੇ ਚੁੱਕ ਲਿਆਏਗਾ। ਉੱਲੂ ਇਹੋ ਕੁਝ ਕਰਦਾ ਹੈ। ਅੰਧੇਰੇ ਵਿਚ ਹੀ ਚਮਗਿਦੜ ਉਡਾਰੀਆਂ ਮਾਰਦੇ ਨੇ। ਅੰਧੇਰੇ ਵਿਚ ਹੀ ਖੁੱਡਾਂ ਵਿਚੋਂ ਸੱਪ ਨਿਕਲਦੇ ਨੇ। ਅੰਧੇਰੇ ਵਿਚ ਹੀ ਮੱਛਰ ਡੰਗ ਮਾਰਦੇ ਨੇ। ਡੰਗ ਮਾਰਨ ਵਾਲੇ,

ਖ਼ੂਨ ਪੀਣ ਵਾਲੇ ਇਹ ਦਰਿੰਦੇ, ਇਹ ਹਿੰਸਕ, ਇਹਨਾਂ ਦਾ ਜੀਵਨ ਕਰੀਬਨ ੨ ਰਾਤ ਦਾ ਜੀਵਨ ਹੈ।

ਮਨੁੱਖਤਾ ਵੀ ਦੋ ਹਿਸਿਆਂ ਵਿਚ ਵੰਡੀ ਹੋਈ ਹੈ। ਧਾਰਮਿਕ ਵਿਦਵਾਨ, ਅਨੁਭਵੀ ਪੁਰਸ਼ ਕਹਿੰਦੇ ਨੇ, ਪਸ਼ੂਆਂ ਵਿਚ ਤਾਂ ਪ੍ਰਕਿਰਤੀ ਨੇ ਬਾਕਾਇਦਾ ਵੰਡ ਕਰ ਦਿੱਤੀ ਹੈ। ਕੁਝ ਐਸੇ ਨੇ ਅੰਧਕਾਰ ਪੱਖ ਦੇ ਜੀਵ ਨੇ। ਕੁਝ ਚਾਨਣ ਪੱਖ ਦੇ ਜੀਵ ਨੇ। ਪਰ ਮਨੁਖ ਵੀ ਇਸ ਤਰ੍ਹਾਂ ਦੇ ਨੇ। ਮਨੁਖ ਬਹੁਤਾਤ ਵਿਚ ਅੰਧਕਾਰ ਪੱਖ ਦੇ ਵਿਚ ਨੇ। ਪਰ ਪਸ਼ੂਆਂ ਨਾਲੋਂ ਇਹਨਾਂ ਵਿਚ ਵਿਸ਼ੇਸ਼ਤਾ ਹੈ। ਇਹ ਆਪਣਾ ਅੰਧੇਰਾ ਦੂਰ ਕਰਨਾ ਚਾਹੁਣ ਤਾਂ ਕਰ ਸਕਦੇ ਨੇ। ਬਸ ਏਨੀ ਗੱਲ ਹੈ। ਪਸ਼ੂ ਦੂਰ ਕਰਨਾ ਵੀ ਚਾਹੇ ਤਾਂ ਨਹੀਂ ਕਰ ਸਕਦਾ। ਉਸ ਦੇ ਕੋਲ ਇਸ ਤਰਾਂ ਦੀ ਸਮਰਥਾ ਨਹੀਂ ਹੈ। ਇਤਨੀ ਸਮਝ ਨਹੀਂ ਹੈ। ਜਿਹੜੇ ਅੰਧੇਰੇ ਪੱਖ ਦੇ ਮਨੁਖ ਨੇ ਉਹਨਾਂ ਨੇ ਹੀ, ਕਲੱਬਾਂ(Clubs) ਨੂੰ, ਥੀਏਟਰਾਂ (Theatres) ਨੂੰ, ਵੇਸਵਾ-ਘਰਾਂ ਨੂੰ, ਸ਼ਰਾਬ ਖਾਨਿਆਂ ਨੂੰ ਜਨਮ ਦਿੱਤਾ। ਸ਼ਰਾਬ ਖ਼ਾਨਿਆਂ ਦੀ ਰੌਣਕ ਰਾਤ ਨੂੰ ਹੈ। ਵੇਸਵਾ-ਘਰਾਂ ਦੀ ਰੌਣਕ ਰਾਤ ਨੂੰ ਹੈ। ਕਲੱਬਾਂ, ਥੀਏਟਰਾਂ, ਨਾਚ-ਘਰਾਂ ਦੀ ਰੌਣਕ ਰਾਤ ਨੂੰ ਹੈ। ਸਾਰੀ ੨ ਰਾਤ ਇਹ ਫ਼ਾਹਿਸ਼, ਨਾਚ ਚਲਦੇ ਨੇ, ਗੰਦੇ ਗੀਤ ਚਲਦੇ ਨੇ। ਲੋਕੀਂ ਰੀੜ ਦੀ ਹੱਡੀ ਸਿੱਧੀ ਕਰਕੇ ਵੇਖਦੇ ਨੇ ਅਤੇ ਸੁਣਦੇ ਨੇ। ਅੰਦਰ ਰਾਤ ਹੈ, ਇਹਨਾਂ ਦਾ ਰਾਤ ਨਾਲ ਤਾਲਮੇਲ ਬੈਠਦਾ ਹੈ। ਦਿਨ ਵਿਚ ਇਹ ਮੁਰਝਾਏ ੨ ਰਹਿੰਦੇ ਨੇ। ਜਿੰਨ੍ਹਾਂ ਦੀ ਜ਼ਿੰਦਗੀ ਵਿਚ ਥੋੜੀ ਚਮਕ ਸੀ, ਰੋਸ਼ਨੀ ਸੀ, ਉਹਨਾਂ ਨੇ ਹੀ ਧਰਮ ਮੰਦਰਾਂ ਨੂੰ ਜਨਮ ਦਿੱਤਾ। ਉਹ ਅੰਮ੍ਰਿਤ ਵੇਲੇ ਉਠਦੇ ਨੇ, ਧਾਰਮਿਕ ਮੰਦਰਾਂ ਦੀ ਰੌਣਕ ਬਣਦੇ ਨੇ। ਕੀਰਤਨ ਸੁਣਦੇ ਨੇ, ਕਥਾ ਸੁਣਦੇ ਨੇ, ਪ੍ਰਭੂ ਦਾ ਨਾਮ ਜਪਦੇ ਨੇ। ਮਨੁੱਖਤਾ ਇਹਨਾਂ ਦੋ ਹਿਸਿਆਂ ਵਿਚ ਵੰਡੀ ਹੋਈ ਹੈ। ਅੰਧੇਰੇ ਪੱਖ ਵਿਚ ਅਤੇ ਚਾਨਣ ਪੱਖ ਵਿਚ। ਬਹੁਤਾਤ ਵਿਚ ਅੰਧੇਰਾ ਪੱਖ ਹੈ।

ਬਾਹਰ ਤਾਂ ਅੰਧੇਰਾ ਇਸ ਵਾਸਤੇ ਹੋ ਜਾਂਦਾ ਹੈ ਕਿਉਂਕਿ ਜ਼ਮੀਨ ਘੁੰਮਦੀ ਹੈ ਅਤੇ ਇਕ ਪਾਸੇ ਹੋ ਜਾਂਦੀ ਹੈ। ਇਹ ਆਪਣੇ ਮਹਿਵਰ ਤੇ ਵੀ ਘੁੰਮ ਰਹੀ ਹੈ ਤੇ ਚਾਰੋਂ ਪਾਸੇ ਵੀ ਘੁੰਮ ਰਹੀ ਹੈ। ਦੋ ਤਰ੍ਹਾਂ ਦੇ ਨਾਲ ਘੁੰਮ ਰਹੀ ਹੈ। ਇੱਥੇ ਰਾਤ ਬਣ ਜਾਂਦੀ ਹੈ।

ਮਨ ਦੇ ਤਲ ਤੇ ਅੰਧੇਰਾ ਇਸ ਵਾਸਤੇ ਹੈ, ਮਨ ਦੇ ਨੌਂ ਹਿੱਸੇ ਸੁਤੇ ਪਏ ਹਨ, ਸਿਰਫ ਇਕ ਹਿੱਸਾ ਜਾਗਿਆ ਹੋਇਆ ਹੈ। ਸੌਣ ਕਰਕੇ ਅੰਧੇਰਾ ਹੈ। ਉਹ ਜਿਹੜਾ ਇਕ ਹਿੱਸਾ ਹੈ ਉਹ ਸਤਿਸੰਗ ਕਰਦਾ ਹੈ ਅਤੇ ਨੌਂ ਹਿੱਸੇ ਕੁਸੰਗਤ ਕਰਦੇ ਨੇ। ਜਿੱਤ ਕੁਸੰਗਤ ਦੀ ਹੋ ਜਾਂਦੀ ਹੈ, ਸੰਗਤ ਦੀ ਨਹੀਂ। ਉਹ ਜਿਹੜਾ ਇਕ ਹਿੱਸਾ ਜਾਗਿਆ ਹੋਇਆ ਹੈ, ਉਹ ਦਾਨ ਕਰਦਾ ਹੈ। ਉਹ ਜਿਹੜੇ ਨੌਂ ਹਿੱਸੇ ਨੇ, ਉਹ ਬੇਈਮਾਨੀ ਕਰਦੇ ਨੇ। ਇਸ ਕਰਕੇ ਬੇਈਮਾਨੀ, ਉਸ ਨੌਂ ਹਿੱਸੇ ਦਾਨ ਤੇ ਹਾਵੀ ਹੋ ਜਾਂਦੀ ਹੈ। ਇਕ ਹਿੱਸੇ ਤੋਂ ਦਇਆ ਪੈਦਾ ਹੁੰਦੀ ਹੈ, ਨੌਂ ਹਿਸਿਆਂ ਤੋਂ ਕਰੋਧ ਪੈਦਾ ਹੁੰਦਾ ਹੈ। ਇਸ ਕਰਕੇ ਉਹ ਸਾਰੀ ਦਇਆ ਰੁੜ੍ਹ ਜਾਂਦੀ ਹੈ। ਮਨੁਖ ਪਰਉਪਕਾਰ ਕਰਦਾ ਹੈ ਇਕ ਹਿੱਸੇ ਦੇ ਰਾਹੀਂ, ਜੋ ਜਾਗਿਆ ਹੋਇਆ ਹੈ ਅਤੇ ਦੁਰਾਚਾਰ ਕਰਦੇ ਨੇ ਨੌਂ ਹਿੱਸੇ। ਲੰਘੀ ਸਦੀ ਦਾ ਮਹਾਨ ਮਨੋਚਿੰਤਕ ਫਰਾਈਡ ਇਸ ਵਾਸਤੇ ਹੀ ਐਲਾਨੀਆਂ ਕਹਿੰਦਾ ਸੀ, ਨਾ ਲੜੋ ਮਨ ਦੇ ਨਾਲ, ਹਾਰੋਗੇ। ਸਮਾਂ ਜ਼ਾਇਆ ਨਾ ਕਰੋ, ਆਪਣੀ ਸ਼ਕਤੀ ਜ਼ਾਇਆ ਨਾ ਕਰੋ। ਕਰੋਧ ਨਾਲ ਲੜੋਗੇ, ਕਾਮ ਨਾਲ ਲੜੋਗੇ, ਹੰਕਾਰ ਨਾਲ ਲੜੋਗੇ, ਹਾਰੋਗੇ। ਕਿਉਂਕਿ ਮਨ ਦੇ ਨੌਂ ਹਿੱਸੇ ਸੁੱਤੇ ਪਏ ਨੇ। ਭਾਵੇਂ ਉਹ ਨਾਸਤਕ ਸੀ ਪਰ ਉਹ ਵੀ ਇਤਨਾ ਤਸਲੀਮ ਕਰਦਾ ਸੀ, ਇਤਨਾ ਮੰਨਦਾ ਸੀ ਕਿ ਮਨ ਦੇ ਨੌਂ ਭਾਗ ਸੁਤੇ ਹੋਏ ਨੇ, ਸਿਰਫ ਇਕੋ ਹੀ ਜਾਗਿਆ ਹੋਇਆ ਹੈ। ਮਨੁਖ ਉਸ ਭਾਗ ਨਾਲ ਹੀ ਨੇਕੀ ਕਰਦਾ ਹੈ ਅਤੇ ਉਹਨਾਂ ਨੌਂ ਹਿਸਿਆਂ ਨਾਲ ਬਦੀ ਕਰਦਾ ਹੈ ।

ਇਸ ਕਰਕੇ ਨੇਕੀ ਨਾਲੋਂ ਬਦੀ ਜ਼ਿਆਦਾ ਹੋ ਜਾਂਦੀ ਹੈ। ਇਸ ਕਰਕੇ ਮਨ ਕੁਸੰਗਤ ਤੋਂ ਜਿਤਨਾ ਪ੍ਰਭਾਵਿਤ ਹੈ, ਦੁਰਾਚਾਰ ਤੋਂ ਜਿਤਨਾ ਪ੍ਰਭਾਵਿਤ ਹੈ, ਅਨਰਥ ਤੋਂ ਜਿਤਨਾ ਪ੍ਰਭਾਵਿਤ ਹੈ, ਉਤਨਾ ਪਰਮਾਤਮਾ ਤੋਂ ਪ੍ਰਭਾਵਿਤ ਨਹੀਂ ਹੈ। ਕਿਉਂਕਿ ਮਨੁਖ ਪੂਰਾ ਜਾਗਿਆ ਹੋਇਆ ਨਹੀਂ ਹੈ, ਇਸ ਦੇ ਮਨ ਦਾ ਇਕੋ ਭਾਗ ਜਾਗਿਆ ਹੋਇਆ ਹੈ। ਧੰਨ ਗੁਰੂ ਗ੍ਰੰਥ ਸਾਹਿਬ ਜੀ ਵਿਚ ਬੜੀ ਸੁੰਦਰ ਪੰਗਤੀ ਹੈ:-

ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ॥ ਸ੍ਰਵਣ ਸੋਏ ਸੁਣਿ ਨਿੰਦ ਵੀਚਾਰ॥
ਰਸਨਾ ਸੋਈ ਲੋਭਿ ਮੀਠੈ ਸਾਦਿ॥ ਮਨੁ ਸੋਇਆ ਮਾਇਆ ਬਿਸਮਾਦਿ॥

{ਅੰਗ ੧੮੨}

ਅਗਰ ਮਨ ਸੁੱਤਾ ਹੋਇਆ ਹੈ ਤੇ ਫਿਰ ਅੱਖਾਂ ਵੀ ਸੁੱਤੀਆ ਹੋਈਆਂ ਨੇ। ਕੰਨ ਵੀ ਸੁੱਤੇ ਹੋਏ ਨੇ, ਜ਼ਬਾਨ ਵੀ ਸੁੱਤੀ ਹੋਈ ਹੈ। ਕਿਉਂਕਿ ਮਨ ਦੇ ਜਾਗਨ ਨਾਲ ਹੀ ਮਨ ਦਾ ਜ਼ਾਇਕਾ ਵਧੇਗਾ। ਜਿਤਨਾ ਮਨ ਜਾਗੇਗਾ ਉਤਨਾ ਸੁਆਦ ਆਵੇਗਾ। ਜਿਤਨਾ ਮਨ ਜਾਗੇਗਾ ਉਤਨਾ ਅਨਾਹਦ ਨਾਦ ਇਹ ਸੁਣ ਸਕੇਗਾ। ਜਿਤਨਾ ਇਹ ਜਾਗੇਗਾ ਉਤਨਾ ਹੀ ਉਹ ਰੂਪ ਉਸ ਨੂੰ ਦਿਖਾਈ ਦੇਵੇਗਾ।

ਇਕ ਚਿਤਰਕਾਰ ਨੂੰ ਜੋ ਦਰਖ਼ਤ ਦਾ ਸੁਹੱਪਣ ਦਿਖਾਈ ਦਿੰਦਾ ਹੈ, ਉਹ ਇਕ ਆਮ ਮਨੁਖ ਨੂੰ ਦਿਖਾਈ ਨਹੀਂ ਦਿੰਦਾ। ਇਕ ਸਾਹਿਤਕਾਰ ਨੂੰ, ਇਕ ਕਵੀ ਹਿਰਦੇ ਨੂੰ, ਚੰਦਰਮਾ ਵਿਚ ਜੋ ਖ਼ੂਬਸੂਰਤੀ ਦਿਖਾਈ ਦਿੰਦੀ ਹੈ, ਉਹ ਇਕ ਆਮ ਮਨੁਖ ਨੂੰ ਦਿਖਾਈ ਨਹੀਂ ਦਿੰਦੀ। ਇਕ ਕਵੀ ਨੂੰ ਹਿਰਨ ਦੇ ਨੇਤਰ ਬੜੇ ਖ਼ੂਬਸੂਰਤ ਦਿਖਾਈ ਦਿੰਦੇ ਨੇ, ਪ੍ਰਭਾਵਿਤ ਕਰਦੇ ਨੇ, ਉਹ ਆਮ ਬੰਦਿਆਂ ਨੂੰ ਨਹੀਂ ਕਰਦੇ। ਇਸ ਤਰ੍ਹਾਂ ਦੇ ਸਹੁੱਪਣ ਦੇ ਜੋ ਗੀਤ ਕਵੀਆਂ ਨੇ ਗਾਏ ਨੇ ਯਾ ਰੱਬੀ ਸ਼ਾਇਰਾਂ ਨੇ ਗਾਏ ਨੇ, ਯਾ ਇਸ਼ਕ ਮਿਜ਼ਾਜ਼ੀਆਂ ਨੇ ਗਾਏ ਨੇ, ਯਾ ਇਸ਼ਕ ਹਕੀਕੀਆਂ ਨੇ ਗਾਏ ਨੇ। ਦੋਹਾਂ ਨੇ ਗਾਏ ਨੇ, ਪ੍ਰੇਮ ਦੇ ਗੀਤ, ਪਿਆਰ ਦੇ ਗੀਤ, ਸੁਹੱਪਣ ਦੇ ਗੀਤ ਇਹਨਾਂ ਨੇ ਗਾਏ ਨੇ ਔਰ ਸੁਹੱਪਣ ਤੇ ਪਿਆਰ ਨੂੰ ਨਾਲ ਜੋੜਿਆ ਹੈ। ਉਰਦੂ ਦੇ ਸ਼ਾਇਰ ਇੰਝ ਕਹਿੰਦੇ ਨੇ:-

*ਜਬ ਹੁਸਨ ਨਹੀਂ ਤੋ ਇਸ਼ਕ ਭੀ ਪੈਦਾ ਨਹੀਂ ਹੋਤਾ।*
*ਬੁਲਬੁਲ ਗਿਲੇ ਦੀਵਾਰ ਪਰ ਸ਼ੈਦਾ ਨਹੀਂ ਹੋਤਾ।*

ਬੁਲਬੁਲ, ਦੀਵਾਰ ਦੇ ਉਤੇ ਬਣੇ ਹੋਏ ਗੁਲਾਬ ਦੇ ਫੁੱਲ ਤੇ ਗੀਤ ਨਹੀਂ ਅਲਾਪਦੀ, ਜਿੰਨੀ ਦੇਰ ਤਕ ਬੂਟੇ ਤੇ ਖਿੜਿਆ ਹੋਇਆ ਗੁਲਾਬ ਦਾ ਫੁੱਲ ਨਾ ਹੋਵੇ, ਇਹ ਨਗ਼ਮੇ ਨਹੀਂ ਅਲਾਪਦੀ। ਇਹ ਪਿਆਰ ਤੇ ਸੁਹੱਪਣ ਇਕੱਠੇ ਹੀ ਰਹਿੰਦੇ ਨੇ। ਜਿਸ ਦਿਨ ਮਨੁਖ ਰਬ ਦਾ ਸੁਹੱਪਣ ਦੇਖ ਲੈਂਦਾ ਹੈ:-

ਐਸੋ ਸਮਰਥੁ ਵਰਨਿ ਨ ਸਾਕਉ
ਤਾ ਕੀ ਉਪਮਾ ਜਾਤ ਨ ਕਹਿਓ ਰੀ॥

{ਅੰਗ ੩੮੪}

ਗੁਰੂ ਅਰਜਨ ਦੇਵ ਜੀ ਮਹਾਰਾਜ ਕਹਿੰਦੇ ਨੇ, ਇਤਨਾ ਸੁੰਦਰ, ਇਤਨਾ ਸਮਰੱਥ, ਉਸਦੀ ਤੇ ਉਪਮਾ ਆਖੀ ਨਹੀਂ ਜਾ ਸਕਦੀ।

ਚੰਦ੍ ਬਦਨ ਚਿਤ ਚਾਰ॥

ਗੁਰੂ ਸਾਹਿਬ ਇਸ ਤਰ੍ਹਾਂ ਵੀ ਕਹਿੰਦੇ ਨੇ ਉਹ ਤੇ ਚੰਨ ਜੈਸਾ ਹੈ ਔਰ ਚਿਤ ਨੂੰ

ਚੁਰਾਉਣ ਵਾਲਾ ਹੈ। ਬੜੀ ਮਹਿਮਾ ਹੈ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ। ਅਗਰ ਪਰਮਾਤਮਾ ਬਦਸੂਰਤ ਹੁੰਦਾ, ਕੋਈ ਭਗਤ ਨਹੀਂ ਹੋਣਾ ਸੀ, ਪਿਆਰ ਨਹੀਂ ਹੋਣਾ ਸੀ। ਪਰਮਾਤਮਾ ਮਹਾਂ ਸੁਹੱਪਣ ਹੈ। ਜਗਤ ਦਾ ਸਾਰਾ ਸੁਹੱਪਣ ਉਸੇ ਤੋਂ ਆਉਂਦਾ ਹੈ। ਜਗਤ ਦਾ ਸਾਰਾ ਗਿਆਨ, ਵਿਗਿਆਨ, ਗੀਤ ਸੰਗੀਤ ਉਸੇ ਤੋਂ ਆਉਂਦਾ ਹੈ। ਜਿਸ ਵਿਚ ਭਗਵਾਨ ਦੀ ਝਲਕ ਹੋਵੇ, ਹਰ ਗੀਤ ਭਗਵਾਨ ਦਾ ਗੀਤ ਹੁੰਦਾ ਹੈ। ਭਾਗਵਤ ਗੀਤਾ ਹੁੰਦੀ ਹੈ। ਇਹ ਸਭ ਕੁਛ ਉਸ ਤੋਂ ਹੀ ਆਉਂਦਾ ਹੈ, ਹੋਰ ਕਿਸੇ ਤੋਂ ਨਹੀਂ ਆਉਂਦਾ।

ਬਾਹਰ ਜਿਹੜਾ ਅੰਧੇਰਾ ਹੈ, ਇਹ ਜ਼ਮੀਨ ਦੀ ਗਰਦਿਸ਼ ਕਰਕੇ ਹੈ। ਅੰਧਕਾਰ ਹੋ ਜਾਂਦਾ ਹੈ, ਰਾਤ ਪੈ ਜਾਂਦੀ ਹੈ। ਅਸੀਂ ਫਿਰ ਇਸ ਅੰਧੇਰੇ ਨੂੰ ਦੂਰ ਕਰਦੇ ਹਾਂ। ਸੈਂਕੜੇ ਸਾਧਨ ਇਸ ਨੂੰ ਦੂਰ ਕਰਨ ਵਾਸਤੇ ਅਸੀਂ ਜੁਟਾਏ ਨੇ। ਗਲੀ ਦੀਆਂ ਅਤੇ ਸੜਕਾਂ ਦੀਆਂ ਸਟ੍ਰੀਟ ਲਾਈਟਾਂ (Street lights) , ਰਾਤ ਨੂੰ ਦਿਨ ਦੇ ਵਿਚ ਬਦਲਦੀਆਂ ਨੇ। ਮਨੁਖ ਨੂੰ ਪਤਾ ਹੈ ਕਿ ਮੈਂ ਬੈਠ ਤੇ ਸਕਦਾ ਹਾਂ, ਕਰ ਕੁਛ ਨਹੀਂ ਸਕਦਾ। ਨਾ ਲਿਖ ਸਕਦਾ ਹਾਂ, ਨਾ ਪੜ੍ਹ ਸਕਦਾ ਹਾਂ। ਨਾ ਕੁਝ ਬਣ ਸਕਦਾ ਹਾਂ, ਨਾ ਕੁਝ ਬਣਾ ਸਕਦਾ ਹਾਂ। ਚਲਣ ਵਾਸਤੇ ਵੀ ਚਾਨਣਾ ਚਾਹੀਦਾ ਹੈ। ਅੰਧੇਰੇ ਵਿਚ ਯਾਤਰਾ ਨਹੀਂ ਹ ਸਕਦੀ। ਅੰਧੇਰੇ ਵਿਚ ਤਾਂ ਮੈਂ ਕੁਛ ਵੀ ਨਹੀਂ ਕਰ ਸਕਦਾ। ਅੰਧੇਰਾ ਤੇ ਮੇਰੀ ਸਾਰੀ ਜ਼ਿੰਦਗੀ ਨੂੰ ਰੋਕ ਕੇ ਰਖ ਦੇਵੇਗਾ। ਮਨ ਦੇ ਤਲ ਤੇ ਜਿਹੜਾ ਅੰਧੇਰਾ ਹੈ ਉਸ ਨੂੰ ਅਗਿਆਨ ਕਹਿੰਦੇ ਨੇ। ਉਹ ਇਸ ਕਰਕੇ ਹੈ ਕਿਉਂਕਿ ਮਨ ਨੌਂ ਹਿੱਸੇ ਸੁੱਤਾ ਪਿਆ ਹੈ ਕੇਵਲ ਇਸ ਦਾ ਇਕ ਹਿੱਸਾ ਜਾਗਿਆ ਹੋਇਆ ਹੈ। ਬਸ ਮਨੁਖ ਕੋਲ ਇਤਨਾ ਹੀ ਚਾਨਣਾ ਹੈ, ਹਲਕਾ ਹਲਕਾ। ਜਿਵੇਂ ਕਿਧਰੇ ਮਸਿਆ ਦੀ ਰਾਤ ਸੀ। ਸਵੇਰੇ ਕਿਧਰੇ ਹਲਕੀ ਜਿਹੀ ਪਹੁ ਫੁਟ ਗਈ। ਬਸ ਇਕ ਭਾਗ ਜਾਗਿਆ ਹੈ, ਬਾਕੀ ਅੰਧੇਰਾ ਹੈ। ਇਸ ਕਰਕੇ ਅੰਧੇਰੇ ਦੀ ਜਿੱਤ ਹੋ ਜਾਂਦੀ ਹੈ। ਰੋਸ਼ਨੀ ਦੀ ਰੋਜ਼ ਹਾਰ ਹੋ ਜਾਂਦੀ ਹੈ। ਮਨੁਖ ਰੋਜ਼ ਪ੍ਰਣ ਕਰਦਾ ਹੈ ਕਿ ਐਹ ਕੰਮ ਮੈਂ ਨਹੀਂ ਕਰਨਾ। ਪਤਾ ਨਹੀਂ ਕਿਤਨਿਆਂ ਨੇ ਮੈਨੂੰ ਕਿਹਾ ਗਿਆਨੀ ਜੀ ਅੱਜ ਪ੍ਰਣ ਕਰਦੇ ਹਾਂ, ਸ਼ਰਾਬ ਨਹੀਂ ਪੀਆਂਗੇ, ਪਰ ਜਿਸ ਨੇ ਮੇਰੇ ਨਾਲ ਪ੍ਰਣ ਕੀਤਾ, ਮੈਂ ਦੇਖ ਕੇ ਹੈਰਾਨ ਹੋ ਗਿਆ, ਉਸ ਦੇ ਘਰ ਹੀ ਬੋਤਲਾਂ ਸਜਾ ਕੇ ਰੱਖੀਆਂ ਹੋਈਆਂ ਸਨ। ਕਹਿਣ ਲੱਗਾ ਨਹੀਂ, ਇਹ ਤੇ ਸਜਾਵਟ ਵਾਸਤੇ ਰਖੀਆਂ ਨੇ। ਨੌਂ ਭਾਗ ਜਿੱਤ ਜਾਂਦੇ ਨੇ, ਇਕ ਭਾਗ ਨਾਲ ਪ੍ਰਣ ਕੀਤਾ ਬਈ ਨਹੀਂ ਪੀਆਂਗੇ। ਇਕ ਭਾਗ ਨਾਲ ਪ੍ਰਣ ਕੀਤਾ ਬਈ ਕੇਸ ਗੁਰੂ ਕੀ ਮੋਹਰ ਨੇ, ਗੁਰੂ ਨੇ ਆਪਣਾ ਰੂਪ ਦਿੱਤਾ ਹੈ। ਮੈਂ ਨਾਈ ਦੀ ਦੁਕਾਨ ਤੇ ਬੈਠ ਕੇ ਇਹ ਕਤਲ ਨਹੀਂ ਕਰਾਉਣੇ, ਪਰ ਆ ਗਿਆ ਹੈ ਨਾਈ ਦੀ ਦੁਕਾਨ ਤੇ।

ਜਦੋਂ ਰਾਮ ਲੀਲ੍ਹਾ ਹੁੰਦੀ ਹੈ ਉਦੋਂ ਰਾਮ ਦੇ ਸਿਰ ਉੱਪਰ ਜੂੜਾ ਵੀ ਦਿਖਾਉਣਾ ਪੈਂਦਾ ਹੈ, ਵਿਸ਼ਵਾਮਿਤਰ ਦੀ ਦਾੜ੍ਹੀ ਵੀ ਦਿਖਾਉਣੀ ਪੈਂਦੀ ਹੈ। ਇਹ ਨਕਲੀ ਜੂੜੇ ਤੇ ਦਾੜ੍ਹੀਆਂ ਮਦਰਾਸ ਅਤੇ ਜੈਪੁਰ ਵਿਚ ਜਿੱਥੇ ਬਣਦੀਆਂ ਹਨ, ਮੈਂ ਉਹ ਕਾਰਖਾਨੇ ਦੇਖੇ ਨੇ। ਉਥੇ ਬੰਦਿਆਂ ਦੇ ਵਾਲ, ਘੋੜੇ ਦੀ ਪੂਛ ਦੇ ਵਾਲ, ਗਊ ਦੀ ਪੂਛ ਦੇ ਵਾਲ ਇਕੱਠੇ ਕਰਕੇ ਉਹ ਇਹ ਸਭ ਕੁਝ ਬਣਾਉਂਦੇ ਨੇ। ਰਾਮ ਲੀਲ੍ਹਾ ਵਿਚ, ਜੂੜਾ ਹੈ ਰਾਮ ਦੇ ਸਿਰ ਤੇ, ਦਾੜ੍ਹੀ ਹੈ ਵਿਸ਼ਵਾਮਿਤਰ ਦੇ ਮੂੰਹ ਤੇ। ਰਾਮ ਦਾ ਬਚਪਨਾ ਦਿਖਾਉਂਦੇ ਨੇ, ਬਾਰਾਂ, ਤੇਰਾਂ ਸਾਲ ਦਾ, ਕਿਉਂ? ਪੁਰਸ਼ ਨੂੰ ਖ਼ੂਬਸੂਰਤੀ ਇਸਤ੍ਰੀ ਵਿਚ ਦਿਖਾਈ ਦਿੰਦੀ ਹੈ, ਉਸ ਨੂੰ ਦਾੜ੍ਹੀ ਨਹੀਂ ਆਉਂਦੀ ਅਤੇ ਇਸਤ੍ਰੀ ਨੂੰ ਖ਼ੂਬਸੂਰਤੀ ਪੁਰਸ਼ ਵਿਚ ਦਿਖਾਈ ਦਿੰਦੀ ਹੈ। ਵਿਪਰੀਤ ਦੀ ਕਸ਼ਿਸ਼ ਹੈ। ਇਸ ਵਾਸਤੇ ਅਵਤਾਰਾਂ ਦਾ ਚਿਹਰਾ ਇਸਤ੍ਰੀ ਵਰਗਾ ਦਿਖਾਉਂਦੇ ਨੇ। ਜਦ ਮੈਂ ਦੇਖਦਾ ਹਾਂ ਇਹ ਦਾੜ੍ਹੀਆਂ ਅਤੇ ਜੂੜੇ ਉਦੋਂ ਅੰਦਰੋਂ ਆਵਾਜ਼ ਆਉਂਦੀ ਹੈ, ਸਾਡੇ ਸਿਰ ਤੇ ਜੂੜਾ ਸ੍ਰੀ ਰਾਮ ਵਰਗਾ ਹੈ, ਸਾਡੇ ਮੁਖੜੇ ਤੇ ਦਾੜ੍ਹੀ ਵਿਸ਼ਵਾਮਿਤਰ ਵਰਗੀ ਹੈ।

ਤੁਸੀਂ ਨਕਲੀ ਰਾਮ ਬਣਾਏ ਨੇ, ਗੁਰੂ ਗੋਬਿੰਦ ਸਿੰਘ ਜੀ ਨੇ ਅਸਲੀ ਰਾਮ ਬਣਾਏ ਨੇ। ਇਕ ਭਾਗ ਜਾਗਿਆ ਹੋਇਆ ਹੈ, ਪ੍ਰਣ ਕਰ ਲੈਂਦਾ ਹੈ ਕਿ ਇਸ ਸਰੂਪ ਦੀ ਮੈਂ ਬੇਅਦਬੀ ਨਹੀਂ ਕਰਨੀ, ਪਰ ਕੀਤਾ ਕੀ ਜਾਏ, ਨੌਂ ਭਾਗ ਸੁੱਤੇ ਪਏ ਨੇ। ਐਸਾ ਰੋਜ਼ ਹੁੰਦਾ ਹੈ। ਕਥਾ ਸੁਣਦਾ ਹੈ, ਕੀਰਤਨ ਸੁਣਦਾ ਹੈ, ਪਰ ਆਪਣੇ ਮਨ ਦੇ ਕੋਲੋਂ ਮਨੁਖ ਹਾਰਦਾ ਹੈ। ਕਿਉਂ ਹਾਰਦਾ ਹੈ, ਮਨ ਸੁਤਾ ਪਿਆ ਹੈ, ਨੌਂ ਭਾਗ ਸੁੱਤੇ ਪਏ ਨੇ:-

ਮਨੁ ਸੋਇਆ ਮਾਇਆ ਬਿਸਮਾਦਿ॥

ਤੇ ਜਗਾਇਆ ਜਾ ਸਕਦਾ ਹੈ। ਜਗਾਉਣ ਦਾ ਢੰਗ। ਇਕ ਮਨੁਖ ਸੁੱਤਾ ਪਿਆ ਹੈ, ਆਵਾਜ਼ ਮਾਰੋਗੇ, ਉਸਦਾ ਨਾਮ ਲਵੋਗੇ, ਜਾਗ ਜਾਏਗਾ। ਇਕ ਤਾਂ ਇਹੋ ਤਰੀਕਾ ਹੈ ਉਠਾਉਣ ਦਾ। ਜੇ ਕਿਧਰੇ ਨਾ ਜਾਗੇ, ਘੂਕ ਸੁੱਤਾ ਹੋਵੇ ਤੇ ਫਿਰ ਹਿਲਾਉਣਾ ਪੈਂਦਾ ਹੈ। ਕਬੀਰ ਸਾਹਿਬ ਕਹਿੰਦੇ ਨੇ ਕੁਛ ਤੇ ਐਸੇ ਸੌਂਦੇ ਨੇ ਘੂਕ, ਡੰਡਾ ਸਿਰ ਤੇ ਖਿੱਚ ਕੇ ਮਾਰੋ ਫਿਰ ਜਾਗਦੇ ਨੇ, ਉਂਝ ਨਹੀਂ:-

ਕਹੁ ਕਬੀਰ ਤਬ ਹੀ ਨਰੁ ਜਾਗੈ॥
ਜਮ ਕਾ ਡੰਡੁ ਮੂੰਡ ਮਹਿ ਲਾਗੈ॥ {ਅੰਗ ੮੭੦}

ਮੌਤ ਸਿਰ ਤੇ ਆ ਜਾਂਦੀ ਹੈ, ਉਦੋਂ ਜਾਗਦੇ ਨੇ। ਜਾਗਰਿਤੀ ਦਾ ਕੁਛ ਲਾਭ ਲੈ ਸਕਣ, ਹੁਣ ਸਮਾਂ ਕੋਈ ਨਹੀਂ। ਹੁਣ ਜਾਗਨ ਦਾ ਲਾਭ ਕੋਈ ਨਹੀਂ।

*ਨਾ ਦੇਖਨੇ ਕੀ ਤਰ੍ਹਾਂ ਹਮ ਨੇ ਜ਼ਿੰਦਗੀ ਦੇਖੀ।*
*ਚਰਾਗ ਬੁਝਨੇ ਲਗਾ ਤੋ ਰੋਸ਼ਨੀ ਦੇਖੀ।*

ਹੁਣ ਕੀ ਹੋਣਾ ਹੈ। ਕਹਿੰਦੇ ਨੇ ਉਦੋਂ ਸਾਰੇ ਹੀ ਜਾਗਦੇ ਨੇ। ਨਾਸਤਕ ਤੋਂ ਨਾਸਤਕ ਵੀ ਜਾਗਦਾ ਹੈ। ਦੁਸ਼ਟ ਤੋਂ ਦੁਸ਼ਟ ਵੀ ਜਾਗਦਾ ਹੈ, ਪਰ ਉਦੋਂ ਸਮਾਂ ਨਹੀਂ ਹੁੰਦਾ ਕਿ ਕੁਛ ਕਰ ਸਕੇ। ਉਹ ਤੇ ਗਿਆ। ਇਹ ਇਤਨੀ ਜ਼ਬਰਦਸਤ ਚੋਟ ਕਿ ਜਾਗੇਗਾ ਹੀ, ਇਹ ਸੁੱਤਾ ਨਹੀਂ ਰਹਿ ਸਕਦਾ। ਜਦੋਂ ਅੰਤਮ ਸਮੇਂ ਮੌਤ ਦਾ ਡੰਡਾ ਲਗਦਾ ਹੈ, ਮਨੁਖ ਪੂਰਨ ਤੌਰ ਤੇ ਜਾਗਦਾ ਹੈ। ਯਕੀਨ ਜਾਣੋ ਅਗਰ ਜਿਊਂਦਿਆਂ ਇਹ ਜੀਵ, ਮੌਤ ਨੂੰ ਮੰਨ ਲਵੇ ਅਤੇ ਮਨ ਕਰਕੇ ਪ੍ਰਭੂ ਦਾ ਨਾਮ ਜਪੇ ਤੇ ਫਿਰ ਪੂਰਨ ਜਾਗ ਜਾਏਗਾ। ਪੂਰਨ ਜਾਗਰਿਤੀ ਆ ਜਾਏਗੀ। ਮਨ ਦਾ ਦੂਜਾ ਭਾਗ, ਤੀਜਾ ਭਾਗ ਜਾਗ ਗਿਆ ਹੈ, ਐਸੇ ਮਨੁਖ ਨੂੰ ਵਾਹਿਗੁਰੂ, ਵਾਹਿਗੁਰੂ ਆਖਣ ਵਿਚ ਸੁਆਦ ਆਉਣ ਲਗ ਪਵੇਗਾ। ਐਸਾ ਮਨੁਖ ਕਥਾ ਤੇ ਕੀਰਤਨ ਕੁਝ ਗਹਿਰਾਈ ਨਾਲ ਸੁਣੇਗਾ, ਕਿਉਂਕਿ ਜ਼ਿਆਦਾ ਜਾਗ ਗਿਆ ਹੈ। ਵਾਹਿਗੁਰੂ, ਵਾਹਿਗੁਰ ਦਾ ਜਪ ਆਪਣੇ ਆਪ ਨੂੰ ਜਗਾਉਣ ਵਾਸਤੇ ਹੈ:-

ਸਿਮਰਿ ਸਿਮਰਿ ਸਿਮਰਿ ਗੁਰੁ ਅਪਨਾ
ਸੋਇਆ ਮਨੁ ਜਾਗਾਈ॥ {ਅੰਗ ੨੫੮}

ਹਾਰ ਰੋਜ਼ ਹੁੰਦੀ ਹੈ, ਉਸ ਤੋਂ ਖ਼ੁਆਰੀ ਵੀ ਹੁੰਦੀ ਹੈ, ਪਸਚਾਤਾਪ ਵੀ ਹੁੰਦਾ ਹੈ। ਕਰੋਧ ਨਹੀਂ ਕਰਨਾ ਚਾਹੀਦਾ ਸੀ ਪਰ ਹੋ ਗਿਆ ਹੈ। ਬੇਈਮਾਨੀ ਨਹੀਂ ਕਰਨੀ ਚਾਹੀਦੀ ਸੀ ਪਰ ਹੋ ਗਈ। ਝੂਠ ਨਹੀਂ ਬੋਲਣਾ ਚਾਹੀਦਾ ਸੀ ਪਰ ਬੋਲਿਆ ਗਿਆ। ਅਨਰਥ ਨਹੀਂ ਕਰਨਾ ਚਾਹੀਦਾ ਸੀ ਪਰ ਹੋ ਗਿਆ। ਉਹ ਨੌਂ ਹਿੱਸੇ ਮਨ ਦੇ ਜਿੱਤ ਜਾਂਦੇ ਨੇ, ਇਕ ਹਿੱਸਾ ਹਾਰ ਜਾਂਦਾ ਹੈ। ਇਸ ਤਰ੍ਹਾਂ ਅਗਰ ਰੋਜ਼ ਹਾਰ ਹੋ ਰਹੀ ਹੋਵੇ, ਸਮਝ ਲੈਣਾ ਉਹ ਨੌਂ

ਹਿੱਸਿਆਂ ਦੀ ਜਿੱਤ ਹੋ ਰਹੀ ਹੈ, ਹੋਰ ਕੁਛ ਵੀ ਨਹੀਂ। ਇਹ ਜਿੱਤ ਕਿਉਂ ਹੋ ਰਹੀ ਹੈ, ਅਸੀਂ ਜਗਾਉਂਦੇ ਨਹੀਂ ਪਏ। ਜਗਾਉਣ ਦਾ ਇਕੋ ਹੀ ਤਰੀਕਾ ਹੈ:-

ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ
ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ॥ {ਅੰਗ ੭੩੪}

ਗੁਰੂ ਇਹੋ ਪ੍ਰੇਰਨਾ ਦੇ ਰਿਹਾ ਹੈ। ਗੁਰੂ ਸਾਹਿਬ ਕਹਿੰਦੇ ਨੇ ਜਪ ਕਰੋ। ਜੈਸੇ ਦੂਜਾ, ਤੀਜਾ, ਚੌਥਾ ਭਾਗ ਮਨੁਖ ਦਾ ਜਾਗਦਾ ਹੈ, ਐਸੇ ਮਨੁਖ ਨੂੰ ਵਾਹਿਗੁਰੂ,ਵਾਹਿਗੁਰੂ ਆਖਣ ਦਾ ਰਸ ਆਉਣ ਲਗ ਪੈਂਦਾ ਹੈ। ਐਸੇ ਮਨੁਖ ਨੂੰ ਕੀਰਤਨ ਸੁਣਨ ਵਿਚ ਅਨੰਦ ਮਿਲਦਾ ਹੈ। ਐਸਾ ਮਨੁਖ ਨਿਰਾ ਘਾਹ ਨਹੀਂ ਕਟੇਗਾ, ਕੁਝ ਰਸ ਨਾਲ ਪਾਠ ਕਰੇਗਾ। ਪੰਜ ਭਾਗ ਜਾਗ ਪਏ ਨੇ, ਮਨ ਅੱਧਾ ਜਾਗ ਪਿਆ ਹੈ। ਇਸ ਦੇ ਕੋਲ ਬੜੀ ਸਮਝ ਆ ਜਾਏਗੀ। ਚਾਨਣਾ ਜ਼ਿਆਦਾ ਹੋ ਜਾਏਗਾ। ਬਹੁਤ ਸੂਝ ਆ ਜਾਏਗੀ। ਸੱਤ ਅਸੱਤ ਦੀ ਸਮਝ ਆ ਜਾਏਗੀ। ਪਾਖੰਡ ਤੇ ਸੱਚ ਦੀ ਸਮਝ ਆ ਜਾਏਗੀ। ਜੋ ਪਾਖੰਡ ਨੂੰ ਪੂਜਦੇ ਨੇ, ਸਮਝ ਲਉ ਸੁੱਤੇ ਪਏ ਨੇ, ਹੋਰ ਕੁਝ ਵੀ ਨਹੀਂ। ਜੋ ਕਬਰਾਂ ਤੇ ਜਾ ਕੇ ਮੱਥੇ ਟੇਕਦੇ ਪਏ ਨੇ, ਸਮਝ ਲਉ, ਸੁੱਤੇ ਪਏ ਨੇ। ਵਾਹਿਗੁਰੂ,ਵਾਹਿਗੁਰੂ ਕਰਦਿਆਂ ਜਿਸ ਦਿਨ ਮਨ ਪੂਰਾ ਜਾਗ ਜਾਂਦਾ ਹੈ, ਮਨ ਹੀ ਜੋਤ ਸਰੂਪ ਹੋ ਜਾਂਦਾ ਹੈ। ਪ੍ਰਭੂ ਵਿਚ ਲੀਨ ਹੋ ਜਾਂਦਾ ਹੈ, ਇਸੇ ਨੂੰ ਕਹਿੰਦੇ ਨੇ:-

ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥{ਅੰਗ ੮੪੬}

ਅਧੂਰਾ ਸੀ ਇਕ ਭਾਗ ਜਾਗਿਆ ਹੋਇਆ ਸੀ। ਅਧੂਰਾ ਜੀਅ ਰਿਹਾ ਸੀ। ਪੂਰਾ ਜਾਗ ਗਿਆ ਹੈ, ਹੁਣ ਪੂਰਨ ਹੋ ਗਿਆ ਹੈ। ਪੂਰਨ ਵਿਚ ਲੀਨ ਹੋ ਕੇ, ਪੂਰਨ ਹੋ ਗਿਆ। ਗੁਰੂ ਸਾਹਿਬ ਸਾਨੂੰ ਇਹੋ ਸਿਖਿਆ ਦੇ ਰਹੇ ਨੇ ਕਿ ਆਪਣੇ ਆਪ ਨੂੰ ਜਗਾਉ। ਜਿਸ ਦਿਨ ਜਾਗੋਗੇ, ਪਰਮਾਤਮਾ ਹੈ। ਜਿਸ ਦਿਨ ਸੁੱਤੇ ਰਹਿ ਗਏ, ਸੁੱਤਾ ਮਨੁਖ ਸ਼ੈਤਾਨ ਜੈਸਾ ਹੁੰਦਾ ਹੈ ਅਤੇ ਜਾਗਿਆ ਮਨੁਖ ਭਗਵਾਨ ਜੈਸਾ ਹੁੰਦਾ ਹੈ। ਸੁੱਤੇ ਹੋਏ ਦੀ ਪਹਿਚਾਨ ਧੰਨ ਗੁਰੂ ਗ੍ਰੰਥ ਸਾਹਿਬ ਕਰਾਉਂਦੇ ਨੇ:-

ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ॥{ਅੰਗ ੧੮੨}

ਮਨ ਸੁੱਤਾ ਪਿਆ ਹੈ। ਵਾਸ਼ਨਾ ਕਰਕੇ ਅੱਖਾਂ ਪਰਾਇਆ ਰੂਪ ਦੇਖਦੀਆਂ ਨੇ, ਲੋਭ ਕਰਕੇ, ਪਰਾਇਆ ਧਨ ਵੇਖਦੀਆਂ ਨੇ। ਕੰਨਾਂ ਨੂੰ ਕੀਰਤਨ ਸੁਣ ਕੇ ਰਸ ਨਹੀਂ ਆ ਰਿਹਾ ਬਲਕਿ ਨਿੰਦਾ ਸੁਣ ਕੇ ਰਸ ਆ ਰਿਹਾ ਹੈ:-

ਸ੍ਰਵਣ ਸੋਏ ਸੁਣਿ ਨਿੰਦ ਵੀਚਾਰ॥

ਸੁੱਤਾ ਹੋਇਆ ਹੈ।

ਰਸਨਾ ਸੋਈ ਲੋਭਿ ਮੀਠੈ ਸਾਦਿ॥

ਭੋਜਨ ਦਾ ਸੁਆਦ ਆ ਰਿਹਾ ਹੈ, ਭਜਨ ਦਾ ਨਹੀਂ। ਵਾਹਿਗੁਰੂ ਵਾਹਿਗੁਰੂ ਆਖਣ ਦਾ ਨਹੀਂ। ਉਹ ਜਿਹੜਾ ਇਕ ਹਿੱਸਾ ਜਾਗਿਆ ਹੈ, ਉਸਨੂੰ ਭੋਜਨ ਦਾ ਸੁਆਦ ਆ

ਜਾਂਦਾ ਹੈ ਪਰ ਚਾਰ ਪੰਜ ਹਿੱਸੇ ਹੋਰ ਜਾਗਣ ਤਾਂ ਕਿਧਰੇ ਵਾਹਿਗੁਰੂ ਆਖਣ ਦਾ ਸੁਆਦ ਆਵੇਗਾ, ਐਵੇਂ ਥੋੜੀ ਆਵੇਗਾ। ਜਿਸ ਨੂੰ ਵੀ ਸੁਆਦ ਆਉਣ ਲਗ ਗਿਆ ਹੈ, ਇਸ ਤਰ੍ਹਾਂ ਕਬੂਲ ਕਰ ਲੈਣਾ, ਸਾਡੇ ਨਾਲੋਂ ਜ਼ਿਆਦਾ ਜਾਗ ਗਿਆ ਹੈ। ਜਿਸ ਦੇ ਅੰਦਰ ਜ਼ਿਆਦਾ ਗਿਆਨ ਪੈਦਾ ਹੋ ਗਿਆ ਹੈ, ਸਮਝ ਜ਼ਿਆਦਾ ਪੈਦਾ ਹੋ ਗਈ ਹੈ। ਜ਼ਿਆਦਾ ਜਾਗ ਗਿਆ ਹੈ। ਪੂਰਨ ਜਾਗਿਆ ਹੋਇਆ ਮਨੁਖ ਰਬ ਜੈਸਾ ਹੁੰਦਾ ਹੈ:-

ਰਾਮ ਸੰਤ ਮਹਿ ਭੇਦੁ ਕਿਛ ਨਾਹੀ
ਏਕ ਜਨੁ ਕਈ ਮਹਿ ਲਾਖ ਕਰੋਰੀ॥ {ਅੰਗ ੨੦੮}

ਸੰਤ ਤੇ ਰਾਮ ਜੈਸਾ ਹੀ ਹੁੰਦਾ ਹੈ। ਕਬੀਰ ਸਾਹਿਬ ਨੇ ਤੇ ਦਾਵਾ ਹੀ ਕਰ ਦਿੱਤਾ ਹੈ:-

ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ॥
ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥ {ਅੰਗ ੯੬੯}

ਧੰਨ ਗੁਰੂ ਰਾਮਦਾਸ ਜੀ ਮਹਾਰਾਜ ਮਿਹਰਾਮਤ ਕਰਨ, ਇਸ ਪਾਵਨ ਪਵਿੱਤਰ ਵਾਕ ਵਿਚ ਜੋ ਗੁਰੂ ਦੀ ਮਹਿਮਾ ਦਰਸਾਈ ਹੈ, ਸ਼ਬਦ ਦੀ ਮਹਿਮਾ ਬਿਆਨ ਕੀਤੀ ਹੈ ਉਸ ਦੇ ਰਾਹੀਂ ਅਸੀਂ ਆਪਣੀ ਸੁਰਤ ਨੂੰ ਪੂਰਨ ਤੌਰ ਤੇ ਜਗਾ ਸਕੀਏ, ਪੂਰਨ ਲਾਭ ਲੈ ਸਕੀਏ, ਐਸੀ ਕਿਰਪਾ ਪ੍ਰਭੂ ਸਾਰਿਆਂ ਤੇ ਕਰਨ ਤਾਕਿ ਸੰਸਾਰ ਤੇ ਆਇਆ ਸਾਡਾ ਸਫਲ ਹੋ ਸਕੇ, ਜੀਵਨ ਯਾਤਰਾ ਸੰਪੂਰਨ ਹੋ ਸਕੇ।

❋❋❋



ਪੰਥ ਰਤਨ
ਗਿਆਨੀ ਸੰਤ ਸਿੰਘ ਮਸਕੀਨ

## [illegible] ਵਿਚ ਕਿਤਾਬਾਂ

*[illegible] *[illegible] ਜੋਤੀ *ਤੀਜਾ ਨੇਤਰ
*[illegible] *[illegible] *ਖਟਿ ਦਰਸ਼ਨ
*[illegible] *[illegible] *ਪੰਥ ਤੇ ਪੰਥੀ
*[illegible] *[illegible] *ਮਨੁਖ ਦਾ ਜੀਵਨ
*[illegible] *ਸਹਿਜ ਦੀ ਕਥਾ

*[illegible] ਤੇ ਪ੍ਰਚਾਰਕ ਸ਼੍ਰੇਣੀ
*[illegible] ਧੁਨਿ ਚੇਲਾ
*[illegible] (ਅੰਮ੍ਰਿਤ ਮੰਥਨ)
*[illegible] ਤੇ ਚਾਰ ਯੁਗ
*[illegible] ਹੋਇ ਬੀਚਾਰੁ
*ਚਾਰ ਯੁਗ (ਚਾਰ ਅਵਸਥਾਵਾਂ)
*ਜੀਵਨ-ਝਲਕੀਆਂ (ਜੀਵਨ-ਬਿਰਤਾਂਤ

## हिन्दी में प्रकाशित पुस्तकें

*गुरु चिंतन *तीसरा नेत्र *रमज और रहस्य
*रत्नागर (अमृत मंथन) *षट् दर्शन *शब्द गुरू सुरति धुनि चेला
*जीवन वृतांत (जीवन झलकियाँ)

## English Books

*Biography 'Panth Ratan' Giani Sant Singh ji Maskin.
*Guru Chintan (Guru's Meditation).

ਛਪਣ ਵਾਲੀਆਂ ਕਿਤਾਬਾਂ: *ਮਨੁਖ ਦੀ ਕਥਾ

छपने वाली पुस्तकें—*गुरू ज्योति *चौथा पद